ਕੌਮਾਂਤਰੀ www.amritsartimes.live
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 23 | Issue 211| 21 Jan. to 27 Jan., 2026 | Ph.: (510) 240-5949 | Email: asrtimes@gmail.com



# ਅਮਰੀਕਾ ਅਤੇ ਚੀਨ ਵਿਚਾਲੇ ਤੇਜ਼ ਹੋਈ ‘ਠੰਡੀ ਜੰਗ’

## ਵਿਸ਼ਵ ’ਤੇ ‘ਸਰਦਾਰੀ’ ਕਰਨ ਲਈ ਦੋ ਮਹਾਂਸ਼ਕਤੀਆਂ ਵਿਚਾਲੇ ਜਾਰੀ ਹੈ ਮੁਕਾਬਲਾ

## 500 ਅਰਬ ਡਾਲਰ ਦੇ ਤਾਇਵਾਨ-ਅਮਰੀਕਾ ਵਪਾਰਕ ਸਮਝੌਤੇ ਕਾਰਨ ਵਧੀ ਚੀਨ ਦੀ ਨਾਰਾਜ਼ਗੀ

**ਠੰਡੀ ਜੰਗ ਉਰਫ਼ ਸ਼ੀਤ ਯੁੱਧ ਦਾ ਅਰਥ ਮਹਾਂਸ਼ਕਤੀਆਂ ਵਿਚਕਾਰ ‘ਸ਼ਾਂਤੀ ਸਮੇਂ ਦੀ, ਨਿਹੱਥੇ ਜੰਗ’ ਹੈ। ਇਸ ਨੂੰ ਇੱਕ ‘ਕੂਟਨੀਤਕ ਯੁੱਧ’ ਵੀ ਕਿਹਾ ਜਾਂਦਾ ਹੈ। ਇਹ ਵਿਚਾਰਧਾਰਕ ਨ਼ਫਰਤ ਅਤੇ ਰਾਜਨੀਤਿਕ ਅਵਿਸ਼ਵਾਸ ’ਤੇ ਅਧਾਰਿਤ ਹੈ। ਇਹ ਜੰਗ ਨਾ ਤਾਂ ਹਥਿਆਰਾਂ ਦੀ ਵਰਤੋਂ ਕਰਦੀ ਹੈ ਅਤੇ ਨਾ ਹੀ ਇਹ ਜੰਗ ਦੇ ਮੈਦਾਨ ਵਿੱਚ ਲੜੀ ਜਾਂਦੀ ਹੈ। ਇਹ ਜੰਗ ਲੋਕਾਂ ਦੇ ਮਨਾਂ ਵਿੱਚ ਲੜੀ ਜਾਂਦੀ ਹੈ, ਇਸ ਲਈ ਇਸ ਨੂੰ ‘ਮਨੋਵਿਗਿਆਨਕ ਜੰਗ’ ਵੀ ਕਿਹਾ ਜਾਂਦਾ ਹੈ।**




**ਅੰਮ੍ਰਿਤਸਰ ਟਾਈਮਜ਼ ਬਿਊਰੋ**

ਵਿਸ਼ਵ ਦੀਆਂ ਦੋ ਮਹਾਂਸ਼ਕਤੀਆਂ ਅਮਰੀਕਾ ਅਤੇ ਚੀਨ ਵਿਚਾਲੇ ‘ਠੰਡੀ ਜੰਗ’ ਦੀ ਸ਼ੁਰੂਆਤ ਹੋ ਚੁੱਕੀ ਹੈ। ਦੋਵੇਂ ਸੁਪਰ ਪਾਵਰ ਦੇਸ਼ ਪੂਰੇ ਵਿਸ਼ਵ ’ਤੇ ਆਪਣੀ ਸਰਦਾਰੀ ਚਾਹੁੰਦੇ ਹਨ ਅਤੇ ਦੋਵਾਂ ਦੀ ਇੱਛਾ ਦੁਨੀਆ ਦਾ ਨੇਤਾ ਬਣਨ ਦੀ ਹੈ। ਵਿਸ਼ਵ ਪਹਿਲਾਂ ਸੋਵੀਅਤ ਯੂਨੀਅਨ ਅਤੇ ਅਮਰੀਕਾ ਵਿਚਾਲੇ ਲਗਾਤਾਰ ਕਈ ਸਾਲਾਂ ਤੱਕ ਚੱਲੀ ‘ਠੰਡੀ ਜੰਗ’ ਨੂੰ ਵੇਖ ਚੁੱਕਿਆ ਹੈ, ਜੋ ਕਿ 1990 ਵਿੱਚ ਸੋਵੀਅਤ ਯੂਨੀਅਨ ਦੇ ਖੇਰੂੰ ਖੇਰੂੰ ਹੋਣ ਤੋਂ ਬਾਅਦ ਸਮਾਪਤ ਹੋਈ ਸੀ। ਹੁਣ ਵਿਸ਼ਵ ਅੱਗੇ ਅਮਰੀਕਾ ਅਤੇ ਚੀਨ ਵਿਚਾਲੇ ਜਾਰੀ ‘ਠੰਡੀ ਜੰਗ’ ਵੱਡੀ ਚੁਣੌਤੀ ਬਣੀ ਹੋਈ ਹੈ। ਇਸ ਜੰਗ ਦੀ ਅਸਲ ਸ਼ੁਰੂਆਤ ਤਾਂ ਸਾਲ 2010 ਵਿੱਚ ਹੀ ਅਮਰੀਕਾ ਵੱਲੋਂ ਹੋ ਗਈ ਸੀ ਅਤੇ ਸੰਨ 2018 ਵਿੱਚ ਟਰੰਪ ਪ੍ਰਸ਼ਾਸਨ ਵੱਲੋਂ ਚੀਨ ਵਿਰੁੱਧ ਵਣਜ ਜੰਗ ਸ਼ੁਰੂ ਕਰ ਦਿੱਤੀ ਗਈ। ਅਮਰੀਕਾ ਦੇ ਟੈਰਿਫ਼ ਦਬਾਓ ਅਤੇ ਚੀਨ ਦੇ ਵਧਦੇ ਆਰਥਿਕ ਦਬਦਬੇ ਕਾਰਨ ਦੋਵਾਂ ਦੇਸ਼ਾਂ ਵਿਚਾਲੇ ਠੰਡੀ ਜੰਗ ਹੋਰ ਤੇਜ਼ ਹੁੰਦੀ ਗਈ, ਜੋ ਕਿ ਟਰੰਪ ਦੇ ਅਮਰੀਕਾ ਦੇ ਦੂਜੀ ਵਾਰ ਰਾਸ਼ਟਰਪਤੀ ਬਣਨ ਤੋਂ ਬਾਅਦ ਮੁੜ ਸਿਖਰਾਂ ’ਤੇ ਪਹੁੰਚ ਗਈ ਹੈ।

ਠੰਡੀ ਜੰਗ ਅਮਰੀਕਾ ਤੇ ਚੀਨ ਵਿਚਾਲੇ ਆਰਥਿਕ ਅਤੇ ਤਕਨੀਕੀ ਦਬਦਬੇ ਲਈ ਇੱਕ ਗੁੰਝਲਦਾਰ ਮੁਕਾਬਲਾ ਹੈ, ਜਿਸ ਵਿੱਚ ਦੋਵੇਂ ਦੇਸ਼ ਇੱਕ ਦੂਜੇ ’ਤੇ ਨਿਰਭਰ ਵੀ ਹਨ। 21ਵੀਂ ਸਦੀ ਵਿੱਚ ਅਮਰੀਕਾ ਅਤੇ ਚੀਨ ਵਿਚਕਾਰ ਠੰਡੀ ਜੰਗ ਵਰਗੀ ਸਥਿਤੀ ਉਭਰੀ ਹੈ, ਜੋ ਕਿ ਸੋਵੀਅਤ ਯੂਨੀਅਨ-ਅਮਰੀਕਾ ਠੰਡੀ ਜੰਗ ਤੋਂ ਵੱਖਰੀ ਹੈ। ਇਹ ਆਰਥਿਕ ਦੁਸ਼ਮਣੀ, ਤਕਨੀਕੀ ਮੁਕਾਬਲੇ, ਦੱਖਣੀ ਚੀਨ ਸਾਗਰ ਵਿੱਚ ਫ਼ੌਜੀ ਤਣਾਅ, ਤਾਈਵਾਨ ਮੁੱਦੇ ਅਤੇ ਮਨੁੱਖੀ ਅਧਿਕਾਰਾਂ ਨੂੰ ਲੈ ਕੇ ਟਕਰਾਅ ਦੁਆਰਾ ਦਰਸਾਈ ਗਈ ਹੈ। ਦੋਵੇਂ ਦੇਸ਼ ਗਲੋਬਲ ਦਬਦਬੇ ਲਈ ਮੁਕਾਬਲਾ ਕਰ ਰਹੇ ਹਨ, ਪਰ ਦੋਵਾਂ ਵਿਚਾਲੇ ਆਰਥਿਕ ਰੁਝੇਵੇਂ (ਭਾਵੇਂ ਤਣਾਅਪੂਰਨ) ਪੂਰੀ ਤਰ੍ਹਾਂ ਅਲੱਗ-ਥਲੱਗ ਹੋਣ ਦੀ ਬਜਾਏ ਅਜੇ ਵੀ ਕਾਇਮ ਹਨ।

ਇਸ ਜੰਗ ਦੇ ਕਾਰਨ ਚੀਨ ਦੀ ਤਕਨੀਕੀ ਤਰੱਕੀ (ਜਿਵੇਂ ਕਿ ਹੁਆਵੇਈ) ਅਤੇ ਇਸ ’ਤੇ ਅਮਰੀਕੀ ਪਾਬੰਦੀਆਂ (ਜਿਵੇਂ ਕਿ ਸੈਮੀਕੰਡਕਟਰ ਨਿਰਯਾਤ ਕੰਟਰੋਲ) ਇੱਕ ਪ੍ਰਮੁੱਖ ਮੁੱਦਾ ਹਨ। ਦੱਖਣੀ ਚੀਨ ਸਾਗਰ ਵਿੱਚ ਚੀਨ ਦੀਆਂ ਫ਼ੌਜੀ ਗਤੀਵਿਧੀਆਂ ਅਤੇ ਅਮਰੀਕਾ ਵੱਲੋਂ ਆਪਣੇ ਸਹਿਯੋਗੀਆਂ (ਕਵਾਡ) ਰਾਹੀਂ ਇਸ ਨੂੰ ਸੰਤੁਲਿਤ ਕਰਨ ਦੀਆਂ ਕੋਸ਼ਿਸ਼ਾਂ ਵੀ ਇਸ ਜੰਗ ਦਾ ਕਾਰਨ ਹਨ। ਅਮਰੀਕਾ ਤਾਈਵਾਨ ਦਾ ਸਮਰਥਨ ਕਰਦਾ ਹੈ, ਜਦੋਂ ਕਿ ਚੀਨ ਇਸ ਨੂੰ ਆਪਣਾ ਹਿੱਸਾ ਮੰਨਦਾ ਹੈ, ਜੋ ਤਣਾਅ ਵਧਾਉਂਦਾ ਹੈ। ਦੋਵਾਂ ਦੇਸ਼ਾਂ ਦੀ ਵਿਚਾਰਧਾਰਾ ਵਿਚਾਲੇ ਵੀ ਵੱਡਾ ਅੰਤਰ ਹੈ। ਪੱਛਮੀ ਲੋਕਤੰਤਰ ਅਤੇ ਚੀਨੀ ਰਾਜ-ਪੂੰਜੀਵਾਦ/ਤਾਨਾਸ਼ਾਹੀ ਵਿਚਕਾਰ ਬਹਿਸ ਜਾਰੀ ਹੈ, ਹਾਲਾਂਕਿ ਇਹ ਅਸਲ ਠੰਡੀ ਜੰਗ ਵਾਂਗ ਸਪੱਸ਼ਟ ਨਹੀਂ ਹੈ। ਇਸ ਤੋਂ ਇਲਾਵਾ ਸ਼ਿਨਜਿਆਂਗ ਵਿੱਚ ਉਈਗਰਾਂ ਨਾਲ ਚੀਨ ਦਾ ਵਿਵਹਾਰ ਅਤੇ ਅਮਰੀਕਾ ਵੱਲੋਂ ਇਸ ਨੂੰ ਨਸਲਕੁਸ਼ੀ ਵਜੋਂ ਐਲਾਨ ਕਰਨਾ ਵੀ ਇਸ ਜੰਗ ਦਾ ਕਾਰਨ ਹੈ। ਅਮਰੀਕਾ ਅਤੇ ਚੀਨ ਦੁਨੀਆ ਦੇ ਦੋ ਸ਼ਕਤੀਸ਼ਾਲੀ ਦੇਸ਼ ਹਨ। ਅਮਰੀਕਾ ਉਦਾਰ ਲੋਕਤੰਤਰ ਦਾ ਸਮਰਥਨ ਕਰਦਾ ਹੈ, ਜਦੋਂ ਕਿ ਚੀਨ ਸਪੱਸ਼ਟ ਤੌਰ ’ਤੇ ਕਮਿਊਨਿਸਟ ਵਿਚਾਰਧਾਰਾ ਦਾ ਪਾਲਣ ਕਰਦਾ ਹੈ। ਦੋਵੇਂ ਦੇਸ਼ ਸਰਵਉੱਚਤਾ ਲਈ ਮੁਕਾਬਲਾ ਕਰ ਰਹੇ ਹਨ। ਉਨ੍ਹਾਂ ਵਿਚਕਾਰ ਵਿਸ਼ਵਵਿਆਪੀ ਦਬਦਬੇ ਲਈ ਸੰਘਰਸ਼ ਦਹਾਕਿਆਂ ਤੱਕ ਜਾਰੀ ਰਹਿਣ ਦੀ ਸੰਭਾਵਨਾ ਹੈ। ਦੋਵਾਂ ਦੇਸ਼ਾਂ ਵਿਚਕਾਰ ਮੁਕਾਬਲਾ ਦੁਨੀਆ ਨੂੰ ਦੋ ਬਲਾਕਾਂ ਵਿੱਚ ਵੰਡਣ ਦੀ ਸੰਭਾਵਨਾ ਹੈ। ਹਾਲਾਂਕਿ, ਕੋਈ ਵੀ ਦੇਸ਼ ਸਿੱਧੇ ਤੌਰ ’ਤੇ ਫ਼ੌਜੀ ਟਕਰਾਅ ਨਹੀਂ ਚਾਹੁੰਦਾ।

ਮੂਲ ਠੰਡੀ ਜੰਗ (ਅਮਰੀਕਾ-ਸੋਵੀਅਤ ਯੂਨੀਅਨ) ਦੋ ਵੱਖ-ਵੱਖ ਵਿਚਾਰਧਾਰਾਵਾਂ (ਪੂੰਜੀਵਾਦ ਬਨਾਮ ਸਾਮਵਾਦ) ਅਤੇ ਫ਼ੌਜੀ ਸਮੂਹਾਂ ਵਿਚਕਾਰ ਇੱਕ ਸਪੱਸ਼ਟ ਦੋ-ਧਰੁਵੀ ਸੰਸਾਰ ਸੀ, ਜਿਸ ਵਿੱਚ ਬਹੁਤ ਘੱਟ ਆਰਥਿਕ ਸ਼ਮੂਲੀਅਤ ਸੀ। ਮੌਜੂਦਾ ਸਮੇਂ ਅਮਰੀਕਾ-ਚੀਨ ਅਰਥ ਵਿਵਸਥਾਵਾਂ ਡੂੰਘਾਈ ਨਾਲ ਜੁੜੀਆਂ ਹੋਈਆਂ ਹਨ। ਇਹ ਗੱਠਜੋੜ ਜਾਂ ਸਮੂਹ ਬਣਾਉਣ ਦੀ ਬਜਾਏ ਰਣਨੀਤਕ ਮੁਕਾਬਲੇ ’ਤੇ ਕੇਂਦ੍ਰਿਤ ਹੈ, ਦੋਵੇਂ ਧਿਰਾਂ ਸਹਿਯੋਗ ਅਤੇ ਟਕਰਾਅ ਵਿਚਕਾਰ ਸੰਤੁਲਨ ਬਣਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ।

(ਬਾਕੀ ਸਫ਼ਾ 26 ’ਤੇ)

## ਚੀਨੀ ਅਰਥਚਾਰਾ 20 ਖਰਬ ਡਾਲਰ ਤੋਂ ਟੱਪਿਆ


ਪੇਈਚਿੰਗ : ਚੀਨ ਦਾ ਅਰਥਚਾਰਾ ਅਮਰੀਕੀ ਟੈਰਿਫ ਦੇ ਬਾਵਜੂਦ ਮਜ਼ਬੂਤ ਬਰਾਮਦਗੀ ਦੇ ਸਹਾਰੇ ਪਿਛਲੇ ਸਾਲ ਪੰਜ ਫ਼ੀਸਦ ਵਧ ਕੇ 2001 ਅਰਬ ਡਾਲਰ ਤੱਕ ਪਹੁੰਚ ਗਿਆ। ਉਂਝ ਚੀਨ ਲਈ ਘਰੇਲੂ ਖਪਤ ’ਚ ਨਰਮੀ ਸਭ ਤੋਂ ਵੱਡੀ ਚਿੰਤਾ ਦਾ ਵਿਸ਼ਾ ਹੈ।

ਕੌਮੀ ਅੰਕੜਾ ਬਿਊਰੋ ਵੱਲੋਂ ਸੋਮਵਾਰ ਨੂੰ ਜਾਰੀ ਅੰਕੜਿਆਂ ਮੁਤਾਬਕ 2025 ’ਚ ਚੀਨ ਦੇ ਕੁੱਲ ਘਰੇਲੂ ਉਤਪਾਦ (ਜੀ ਡੀ ਪੀ) ’ਚ ਸਾਲਾਨਾ ਆਧਾਰ ’ਤੇ ਪੰਜ ਫ਼ੀਸਦ ਦਾ ਵਾਧਾ ਦਰਜ ਕੀਤਾ ਗਿਆ। ਇਹ ਦੇਸ਼ ਦੇ ਕਰੀਬ ਪੰਜ ਫ਼ੀਸਦ ਦੇ ਸਾਲਾਨਾ ਟੀਚੇ ਮੁਤਾਬਕ ਹੀ ਹੈ। ਅੰਕੜਿਆਂ ਮੁਤਾਬਕ ਜੀ ਡੀ ਪੀ 140.1879 ਖਰਬ ਯੂਆਨ ਦੇ ਰਿਕਾਰਡ ਪੱਧਰ ’ਤੇ ਪਹੁੰਚ ਗਈ। ਇਹ ਪਹਿਲੀ ਵਾਰ ਹੈ ਜਦੋਂ ਵਿਕਾਸ ਦਰ 20 ਖਰਬ ਡਾਲਰ ਦੇ ਪਾਰ ਪਹੁੰਚੀ ਹੈ। ਘਰੇਲੂ ਚੁਣੌਤੀਆਂ ਕਾਰਨ ਆਖਰੀ ਤਿਮਾਹੀ ’ਚ ਵਿਕਾਸ ਦਰ ਤਿੰਨ ਸਾਲ ਦੇ ਹੇਠਲੇ ਪੱਧਰ 4.5 ਫ਼ੀਸਦ ’ਤੇ ਆ ਗਈ। ਇਹ 2022 ਦੀ ਆਖਰੀ ਤਿਮਾਹੀ ਮਗਰੋਂ ਚੀਨ ਦਾ ਸਭ ਤੋਂ ਸੁਸਤ ਤਿਮਾਹੀ ਵਾਧਾ ਸੀ ਜਦੋਂ ਕੋਵਿਡ-19 ਸੰਕਟ ਕਾਰਨ ਇਸ ’ਚ ਸਿਰਫ ਤਿੰਨ ਫ਼ੀਸਦ ਦਾ ਵਾਧਾ ਹੋਇਆ ਸੀ। ਤਿਮਾਹੀ ਆਧਾਰ ’ਤੇ 2025 ਦੇ ਆਖਰੀ ਤਿੰਨ ਮਹੀਨਿਆਂ ’ਚ ਚੀਨ ਦੇ ਅਰਥਚਾਰੇ ’ਚ 1.2 ਫ਼ੀਸਦ ਦਾ ਵਿਕਾਸ ਦਰਜ ਹੋਇਆ। ਅੰਕੜਿਆਂ ਮੁਤਾਬਕ ਦੇਸ਼ ਦੀ ਪ੍ਰਤੀ ਵਿਅਕਤੀ ਖਰਚ ਯੋਗ ਆਮਦਨ 43,377 ਯੂਆਨ (ਲਗਪਗ 6,192 ਡਾਲਰ) ਸੀ, ਜੋ ਸਾਲਾਨਾ ਆਧਾਰ ’ਤੇ ਪੰਜ ਫ਼ੀਸਦ ਵਧੀ ਹੈ।

### ਅਮਰੀਕਾ ਦੀ ਥਾਂ ਹੁਣ ਚੀਨ ਦੇ ਨੇੜੇ ਹੋਇਆ ਕੈਨੇਡਾ

## ਕੈਨੇਡਾ ਤੇ ਚੀਨ ਵੱਲੋਂ ਵਪਾਰਕ ਸਮਝੌਤਾ ਸਹੀਬੰਦ

ਵੈਨਕੂਵਰ/ਏ.ਟੀ.ਨਿਊਜ਼: ਵਪਾਰਕ ਸਮਝੌਤਿਆਂ ’ਤੇ ਨਿਕਲੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਚੀਨ ਤੋਂ ਵੱਡਾ ਹੁੰਗਾਰਾ ਮਿਲਿਆ ਹੈ। ਚੀਨ ਦੇ ਰਾਸ਼ਟਰਪਤੀ ਸ਼ੀ ਜਿੰਨਪਿੰਗ ਨਾਲ ਖੁੱਲੀ ਮੁਲਕਾਤ ਮੌਕੇ ਦੋਹਾਂ ਦੇਸ਼ਾਂ ਦੇ ਮੁਖੀਆਂ ਨੇ ਵਪਾਰਕ ਸਮਝੌਤਾ ਸਹੀਬੰਦ ਕੀਤਾ ਹੈ, ਜਿਸ ਤਹਿਤ ਕੈਨੇਡਾ ਨੇ ਚੀਨ ਤੋਂ ਆਉਂਦੀਆਂ ਬਿਜਲਈ ਕਾਰਾਂ ਉੱਤੇ ਟੈਰਿਫ਼ 100 ਫ਼ੀਸਦੀ ਤੋਂ ਘਟਾ ਕੇ 6 ਫ਼ੀਸਦੀ ਕਰ ਦਿੱਤਾ ਹੈ।ਚੀਨ ਨੇ ਕੈਨੇਡਾ ਤੋਂ ਦਰਾਮਦ ਵਸਤਾਂ ਉੱਤੇ ਟੈਰਿਫ਼ 84 ਫ਼ੀਸਦੀ ਤੋਂ ਘਟਾ ਕੇ 15 ਫ਼ੀਸਦੀ ਕਰ ਦਿੱਤਾ ਹੈ। ਕੈਨੇਡਾ ਇਸ ਸਾਲ ਚੀਨ ਤੋਂ 49900 ਕਾਰਾਂ ਦਰਾਮਦ ਕਰੇਗਾ ਤੇ ਅਗਲੇ ਸਾਲਾਂ ਦੌਰਾਨ ਅੰਕੜਾ ਸੱਤਰ ਹਜ਼ਾਰ ਸਾਲਾਨਾ ਤੱਕ ਪਹੁੰਚ ਜਾਏਗਾ। ਟੈਰਿਫ਼ ਛੋਟ ਕਾਰਣ ਚੀਨ ਤੋਂ ਆ ਕੇ ਕੈਨੇਡਾ ਵਿੱਚ 60-62 ਹਜ਼ਾਰ ਡਾਲਰ ਵਿੱਚ ਵਿਕਣ ਵਾਲੀ ਬਿਜਲਈ ਕਾਰ ਹੁਣ 35-36 ਹਜਾਰ ਡਾਲਰ ਵਿੱਚ ਮਿਲ ਸਕੇਗੀ। ਇਸੇ ਤਰ੍ਹਾਂ ਕੈਨੇਡਾ ਤੋਂ ਕਲੋਨਾ ਤੇਲ, ਉੱਚ ਮਿਆਰੀ ਲੱਕੜ, ਸਮੁੰਦਰੀ ਖਾਦ ਪਦਾਰਥ ਤੇ ਕੈਨੇਡਾ ਦੇ ਕਈ ਹੋਰ ਉਤਪਾਦ ਹੁਣ ਚੀਨ ਨੂੰ ਭੇਜੇ ਜਾਣਗੇ।ਇਥੋਂ ਦੇ ਅਰਥਸ਼ਾਸਤਰੀਆਂ ਦਾ ਮੰਨਣਾ ਹੈ ਕਿ ਚੀਨ ਨਾਲ ਹੋਏ ਸਮਝੌਤੇ ਨੇ ਕੈਨੇਡਾ ਲਈ ਬਰਾਮਦ ਦੇ ਦਰ ਖੋਲ੍ਹ ਦਿੱਤੇ ਹਨ। ਇਸ ਸਮਝੌਤੇ ਤੋਂ ਖੁਸ਼ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਈ ਹੋਰ ਦੇਸ਼ਾਂ ਦੀ ਯਾਤਰਾ ਦਾ ਪ੍ਰੋਗਰਾਮ ਉਲੀਕ ਲਿਆ ਹੈ। ਉਨ੍ਹਾਂ ਵੱਡੀਆਂ ਉਮੀਦਾਂ ਨਾਲ ਕਤਰ ਦੇ ਮੁਖੀ ਨਾਲ ਗੱਲਬਾਤ ਸ਼ੁਰੂ ਕੀਤੀ ਹੈ। ਚੀਨ ਦੇ ਰਾਸ਼ਟਰਪਤੀ ਨੇ ਐਲਾਨ ਕੀਤਾ ਹੈ ਕਿ ਕੈਨੇਡਿਆਈ ਲੋਕਾਂ ਨੂੰ ਚੀਨ ਆਉਣ ਲਈ ਹੁਣ ਵੀਜ਼ੇ ਦੀ ਲੋੜ ਨਹੀਂ ਹੋਏਗੀ।





## ਕਹਿੰਦੇ ਕੋਈ ਮੁਲਕ ਸੁਣੀਦਾ, ਪਾਣੀਆਂ ਦੇ ਉਹਲੇ ਆ...

# ਪੰਜਾਬੀਆਂ ਲਈ 'ਸਟੇਟਸ ਸਿੰਬਲ' ਬਣਿਆ ਪਰਵਾਸ

### ➤ ਵੱਖ-ਵੱਖ ਮੁਲਕਾਂ 'ਚ ਰਹਿੰਦੇ ਹਨ 25 ਲੱਖ ਪੰਜਾਬੀ ➤ ਪਰਵਾਸ ਨੂੰ ਰੋਕਣ ਲਈ ਦਿੱਤੀ ਜਾਵੇ 'ਰੁਜ਼ਗਾਰ ਗਾਰੰਟੀ'

ਜਗਮੋਹਨ ਸਿੰਘ ਲੱਕੀ



**ਵਿਦੇਸ਼ ਜਾਣਾ ਅਤੇ ਉਥੇ ਜਾ ਕੇ ਰਹਿਣਾ ਹੁਣ ਸੌਖਾ ਨਹੀਂ ਹੈ, ਸਗੋਂ ਇਹ ਸਫ਼ਰ ਔਕੜਾਂ ਭਰਿਆ ਹੈ, ਪਰ ਪੰਜਾਬੀ ਵਿਦੇਸ਼ ਜਾਣ ਲਈ ਹਰ ਔਕੜਾਂ ਦਾ ਸਾਹਮਣਾ ਖੁਸ਼ੀ ਖੁਸ਼ੀ ਕਰਨ ਲਈ ਤਿਆਰ ਹੋ ਜਾਂਦੇ ਹਨ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਵੱਡੀ ਗਿਣਤੀ ਪੰਜਾਬੀ ਆਪਣੇ ਘਰ ਅਤੇ ਜ਼ਮੀਨਾਂ ਵੇਚ ਕੇ ਵਿਦੇਸ਼ ਜਾ ਰਹੇ ਹਨ, ਜਿਸ ਕਾਰਨ ਪੰਜਾਬ ਨਾਲ ਉਹਨਾਂ ਦਾ ਸਦਾ ਲਈ ਨਾਤਾ ਟੁੱਟ ਰਿਹਾ ਹੈ। ਆਪਣੀ ਮਿੱਟੀ, ਆਪਣੇ ਘਰ ਅਤੇ ਆਪਣੇ ਪਿੰਡ ਨਾਲੋਂ ਟੁੱਟਣਾ ਕੋਈ ਸੌਖਾ ਨਹੀਂ ਹੁੰਦਾ ਪਰ ਪੰਜਾਬੀ ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹਨ ਕਿ ਉਹ ਸਭ ਮੋਹ ਪਿਆਰ ਦੇ ਬੰਧਨ ਤੋੜ ਕੇ ਸਿਰਫ਼ ਵਿਦੇਸ਼ ਜਾਣ ਨੂੰ ਆਪਣਾ 'ਇੱਕੋ ਇੱਕ ਨਿਸ਼ਾਨਾ' ਬਣਾਈ ਬੈਠੇ ਹਨ।**

ਨਵੇਂ ਸਾਲ 2026 ਦੀ ਸ਼ੁਰੂਆਤ ਮੌਕੇ ਜਿਸ ਤਰੀਕੇ ਨਾਲ ਵੱਡੀ ਗਿਣਤੀ ਪੰਜਾਬੀ ਪੰਜਾਬ ਤੋਂ ਵਿਦੇਸ਼ ਉਡਾਰੀ ਮਾਰਨ ਲਈ ਕਾਹਲੇ ਪਏ ਹੋਏ ਹਨ, ਉਸ ਤੋਂ ਇਹ ਮਹਿਸੂਸ ਹੁੰਦਾ ਹੈ ਕਿ ਇਸ ਸਾਲ ਵੀ ਪੰਜਾਬੀਆਂ ਦੇ ਪਰਵਾਸ ਨੂੰ ਠੱਲ੍ਹ ਪੈਣੀ ਮੁਸ਼ਕਿਲ ਹੈ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਹੁਣ ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਯੂ.ਕੇ. ਅਤੇ ਹੋਰ ਮੁਲਕਾਂ ਨੇ ਪਰਵਾਸੀਆਂ ਲਈ ਆਪਣੇ ਬੂਹੇ ਇੱਕ ਤਰ੍ਹਾਂ ਬੰਦ ਕਰ ਦਿੱਤੇ ਹਨ ਅਤੇ ਸਖ਼ਤ ਵੀਜ਼ਾ ਕਾਨੂੰਨਾਂ ਨੂੰ ਲਾਗੂ ਕਰ ਦਿੱਤਾ ਹੈ ਪਰ ਇਹ ਸਖ਼ਤ ਕਾਨੂੰਨ ਵੀ ਪੰਜਾਬੀਆਂ ਦੇ ਵਿਦੇਸ਼ ਜਾਣ ਦੇ ਚਾਅ ਨੂੰ ਮੱਠਾ ਨਹੀਂ ਪਾ ਸਕੇ। ਪਹਿਲਾਂ ਇਹ ਕਿਹਾ ਜਾਂਦਾ ਸੀ ਕਿ ਪੰਜਾਬ ਵਿੱਚ ਰੁਜ਼ਗਾਰ ਦੀ ਘਾਟ ਕਾਰਨ ਪਰਵਾਸ ਕਰਨਾ ਪੰਜਾਬੀਆਂ ਦੀ ਮਜਬੂਰੀ ਹੈ, ਪਰ ਹੁਣ ਤਾਂ ਪੰਜਾਬ ਦੀ ਮੌਜੂਦਾ ਸਰਕਾਰ ਦਾਅਵਾ ਕਰ ਰਹੀ ਹੈ ਕਿ ਉਹ ਹਜ਼ਾਰਾਂ ਪੰਜਾਬੀ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇ ਰਹੀ ਹੈ, ਜਿਸ ਕਾਰਨ ਪੰਜਾਬੀਆਂ ਨੂੰ ਪਰਵਾਸ ਕਰਕੇ ਦੂਜੇ ਮੁਲਕਾਂ ਵਿੱਚ ਜਾਣ ਦੀ ਲੋੜ ਨਹੀਂ ਹੈ। ਇਸ ਦੇ ਬਾਵਜੂਦ ਜਿਸ ਤਰੀਕੇ ਨਾਲ ਹਰ ਦਿਨ ਵੱਡੀ ਗਿਣਤੀ ਪੰਜਾਬੀਆਂ ਨੂੰ ਪੰਜਾਬ ਤੋਂ ਵਿਦੇਸ਼ ਜਾਣ ਲਈ ਅੰਮ੍ਰਿਤਸਰ ਦੇ ਏਅਰਪੋਰਟ ਅਤੇ ਦਿੱਲੀ ਦੇ ਏਅਰਪੋਰਟ ਜਾਂਦੇ ਵੇਖਿਆ ਜਾਂਦਾ ਹੈ, ਉਸ ਤੋਂ ਸਾਰੀ ਅਸਲੀਅਤ ਸਾਹਮਣੇ ਆ ਜਾਂਦੀ ਹੈ ਕਿ ਸਰਕਾਰ ਵੱਲੋਂ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਦੇ ਬਾਵਜੂਦ ਪੰਜਾਬੀਆਂ ਦਾ ਵਿਦੇਸ਼ ਜਾਣ ਦਾ ਰੁਝਾਨ ਮੱਠਾ ਨਹੀਂ ਪਿਆ।

ਪੰਜਾਬ ਵਿੱਚ ਪਰਵਾਸ ਕਰਨਾ ਹੁਣ 'ਸਟੇਟਸ ਸਿੰਬਲ' ਬਣ ਗਿਆ ਹੈ। ਪੰਜਾਬ ਦੇ ਕਰੀਬ ਹਰ ਘਰ ਵਿਚੋਂ ਇੱਕ ਮੈਂਬਰ ਵਿਦੇਸ਼ ਜਾ ਚੁੱਕਿਆ ਹੈ ਜਾਂ ਵਿਦੇਸ਼ ਜਾਣ ਦੀ ਤਿਆਰੀ ਵਿੱਚ ਹੈ। ਇਸ ਸਮੇਂ ਵੱਖ- ਵੱਖ ਮੁਲਕਾਂ ਵਿੱਚ 25 ਲੱਖ ਦੇ ਕਰੀਬ ਪੰਜਾਬੀ ਰਹਿ ਰਹੇ ਹਨ। ਸੰਨ 2014 ਤੋਂ 2022 ਤੱਕ ਪੰਜਾਬ ਵਿੱਚੋਂ 28117 ਨੇ ਨਾਗਰਿਕਤਾ ਛੱਡੀ ਸੀ। ਪੰਜਾਬ 'ਚ 55 ਲੱਖ ਘਰ ਹਨ ਤੇ 2014 ਤੋਂ 2021 ਤੱਕ 54.36 ਲੱਖ ਪਾਸਪੋਰਟ ਬਣੇ। ਪੰਜਾਬ 'ਚ 14 ਪਾਸਪੋਰਟ ਕੇਂਦਰ 7 ਤੋਂ 11 ਦਿਨਾਂ ਦੇ ਅੰਦਰ ਪਾਸਪੋਰਟ ਬਣਾਉਂਦੇ ਹਨ। ਸੰਨ 2018 'ਚ 6031, ਸਾਲ 2019 'ਚ 73574, ਸੰਨ 2020 'ਚ 3312 ਪਾਸਪੋਰਟ ਬਣੇ। ਕੋਰੋਨਾ ਕਾਲ ਵਿੱਚ ਇਹ ਰੁਝਾਨ ਕੁਝ ਮੱਠਾ ਪਿਆ ਸੀ। ਸਿਰਫ਼ ਕੈਨੇਡਾ ਜਾਣ ਦਾ ਰੁਝਾਨ 2014-16 'ਚ ਜ਼ਿਆਦਾ ਵਧਿਆ ਸੀ। ਇਸ ਸਮੇਂ ਦੌਰਾਨ 75,000 ਤੋਂ ਵੱਧ ਪੰਜਾਬੀ ਕੈਨੇਡਾ ਗਏ ਸਨ। ਸੰਨ 2018 ਵਿੱਚ 25 ਹਜ਼ਾਰ ਵਿਦਿਆਰਥੀ ਆਸਟ੍ਰੇਲੀਆ ਗਏ। ਹਰ ਸਾਲ 27 ਹਜ਼ਾਰ ਕਰੋੜ ਤੋਂ ਵੱਧ ਰੁਪਈਏ ਪੰਜਾਬੀਆਂ ਦੇ ਵਿਦੇਸ਼ੀ ਖਾਤਿਆਂ ਵਿੱਚ ਚਲੇ ਜਾਂਦੇ ਹਨ।



ਹੱਦ ਤਾਂ ਉਦੋਂ ਹੋ ਜਾਂਦੀ ਹੈ ਜਦੋਂ ਅਮਰੀਕਾ ਵੱਲੋਂ ਗੈਰ ਕਾਨੂੰਨੀ ਪਰਵਾਸੀਆਂ ਦੀ ਆਮਦ ਰੋਕਣ ਲਈ ਸਖ਼ਤ ਕਦਮ ਚੁੱਕੇ ਜਾਂਦੇ ਹਨ ਅਤੇ ਗ਼ੈਰ ਕਾਨੂੰਨੀ ਪਰਵਾਸੀਆਂ ਨੂੰ ਉਹਨਾਂ ਦੇ ਦੇਸ਼ਾਂ 'ਚ ਵਾਪਸ ਭੇਜਿਆ ਜਾਂਦਾ ਹੈ। ਅੰਕੜਿਆਂ ਅਨੁਸਾਰ ਸੰਨ 2025 'ਚ ਅਮਰੀਕਾ ਨੇ 3528 ਭਾਰਤੀ ਡਿਪੋਰਟ ਕੀਤੇ, 2024 ਵਿੱਚ ਇਹ ਗਿਣਤੀ 1368 ਸੀ ਜਦਕਿ 2023 ਵਿੱਚ ਇਹ ਗਿਣਤੀ 617 ਸੀ। ਅਮਰੀਕਾ ਤੋਂ ਭਾਰਤ ਡਿਪੋਰਟ ਕੀਤੇ ਗਏ ਭਾਰਤੀਆਂ ਵਿੱਚ ਪੰਜਾਬੀ ਵੀ ਵੱਡੀ ਗਿਣਤੀ ਵਿੱਚ ਸਨ। ਇਸ ਦੇ ਬਾਵਜੂਦ ਅਮਰੀਕਾ ਦੀ ਖਿੱਚ ਪੰਜਾਬੀਆਂ 'ਚ ਪਹਿਲੇ ਨੰਬਰ 'ਤੇ ਹੈ। ਸਖ਼ਤ ਕਾਨੂੰਨਾਂ ਦੇ ਹੁੰਦਿਆਂ ਅਤੇ ਅਨੇਕਾਂ ਔਕੜਾਂ ਝੱਲਦਿਆਂ ਵੀ ਵੱਡੀ ਗਿਣਤੀ ਪੰਜਾਬੀ ਅਮਰੀਕਾ ਅਤੇ ਹੋਰ ਦੇਸ਼ਾਂ ਲਈ ਪਰਵਾਸ ਕਰਨ ਦਾ ਯਤਨ ਕਰ ਰਹੇ ਹਨ। ਜਿਸ ਤੋਂ ਇਹ ਮਹਿਸੂਸ ਹੁੰਦਾ ਹੈ ਕਿ ਪੰਜਾਬ ਵਿੱਚ ਪੰਜਾਬੀਆਂ ਦਾ ਹੁਣ ਦਿਲ ਨਹੀਂ ਲੱਗਦਾ।

ਕੈਨੇਡਾ ਨੂੰ ਪਹਿਲਾਂ ਪੰਜਾਬੀਆਂ ਦੀ 'ਸੁਪਨ ਨਗਰੀ' ਕਿਹਾ ਜਾਂਦਾ ਸੀ ਪਰ ਉਥੋਂ ਦੇ ਹੁਣ ਦੇ ਤਾਜ਼ਾ ਹਾਲਾਤ ਇਹ ਹਨ ਕਿ ਉਥੇ ਰੁਜ਼ਗਾਰ, ਵਰਕ, ਰਿਹਾਇਸ਼ ਦੀ ਭਾਰੀ ਘਾਟ ਹੈ, ਜਿਸ ਲਈ ਕੈਨੇਡਾ ਦੇ ਮੂਲ ਵਸਨੀਕ ਪਰਵਾਸੀਆਂ ਨੂੰ ਜ਼ਿੰਮੇਵਾਰ ਸਮਝਦੇ ਹਨ। ਇਸੇ ਕਾਰਨ ਕੈਨੇਡਾ ਵਿੱਚ ਪਰਵਾਸੀ ਲੋਕਾਂ ਵਿਰੁੱਧ ਕਈ ਵਾਰ ਪ੍ਰਦਰਸ਼ਨ ਹੋ ਚੁੱਕੇ ਹਨ। ਕੈਨੇਡਾ 'ਚ ਇਸ ਸਮੇਂ ਅਨੇਕਾਂ ਪੰਜਾਬੀ ਵਿਹਲੇ ਬੈਠੇ ਹਨ, ਜਿਨ੍ਹਾਂ ਕੋਲ ਕਰਨ ਲਈ ਕੋਈ ਕੰਮ ਧੰਦਾ ਨਹੀਂ ਹੈ। ਇਸ ਤੋਂ ਇਲਾਵਾ ਸਟੱਡੀ ਵੀਜ਼ੇ 'ਤੇ ਗਏ ਪੰਜਾਬੀਆਂ ਨੂੰ ਵੀ ਕੰਮ ਨਹੀਂ ਮਿਲ ਰਿਹਾ, ਜਿਸ ਕਾਰਨ ਉਹਨਾਂ ਨੂੰ ਆਪਣੇ ਪੜ੍ਹਾਈ ਦੇ ਖਰਚੇ ਪੂਰੇ ਕਰਨੇ ਮੁਸ਼ਕਿਲ ਹੋ ਰਹੇ ਹਨ। ਦੂਜੇ ਪਾਸੇ ਹੁਣ ਕੈਨੇਡਾ ਨੇ ਆਪਣੇ ਵੀਜ਼ਾ ਕਾਨੂੰਨ ਏਨੇ ਸਖ਼ਤ ਕਰ ਦਿੱਤੇ ਹਨ ਕਿ ਦੂਜੇ ਮੁਲਕਾਂ ਤੋਂ ਪਰਵਾਸੀਆਂ ਦਾ ਆਉਣਾ



ਮੁਸ਼ਕਿਲ ਹੋ ਗਿਆ ਹੈ। ਜਦੋਂ ਕੈਨੇਡਾ ਅਤੇ ਹੋਰ ਮੁਲਕਾਂ ਵਿੱਚ ਗਏ ਪੰਜਾਬੀ ਨੌਜਵਾਨਾਂ ਨੂੰ ਕੰਮ ਨਹੀਂ ਮਿਲਦਾ ਤਾਂ ਉਹ ਤਨਾਓ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਤਨਾਓ ਕਾਰਨ ਕਈ ਪੰਜਾਬੀ ਨੌਜਵਾਨਾਂ ਦੀਆਂ ਮੌਤਾਂ ਹੋਣ ਦੀਆਂ ਖ਼ਬਰਾਂ ਵੀ ਆ ਚੁੱਕੀਆਂ ਹਨ। ਕੁਝ ਪੰਜਾਬੀ ਨਸ਼ੇ ਦੀ ਦਲਦਲ ਵਿੱਚ ਫਸ ਜਾਂਦੇ ਹਨ ਜਾਂ ਕੁਝ ਪੰਜਾਬੀ ਨੌਜਵਾਨ ਕੰਮ ਨਾ ਮਿਲਣ ਕਰਕੇ ਗਲਤ ਰਾਹ 'ਤੇ ਪੈ ਜਾਂਦੇ ਹਨ। ਇਹੋ ਅੱਜ ਦੇ ਸਮੇਂ ਦੀ ਅਸਲੀਅਤ ਹੈ।

ਸਾਲ 2025 ਦੌਰਾਨ ਵਿਦੇਸ਼ ਜਾਣ ਵਾਲੇ ਪੰਜਾਬੀਆਂ ਦੇ ਰਾਹ ਵਿੱਚ ਆਈਆਂ ਔਕੜਾਂ ਅਤੇ ਵਿਦੇਸ਼ਾਂ ਦੀਆਂ ਤਲਖ਼ ਹਕੀਕਤਾਂ ਦੇ ਸਾਹਮਣੇ ਆਉਣ ਨਾਲ ਇਹ ਆਸ ਬਣੀ ਸੀ ਕਿ ਸਾਲ 2026 ਦੌਰਾਨ ਪੰਜਾਬੀਆਂ ਦੇ ਪਰਵਾਸ ਨੂੰ ਕੁਝ ਠੱਲ੍ਹ ਪੈ ਜਾਵੇਗੀ ਪਰ ਨਵੇਂ ਸਾਲ ਦੀ ਸ਼ੁਰੂਆਤ ਵਿੱਚ ਹੀ ਵੇਖਣ ਵਿੱਚ ਆ ਰਿਹਾ ਹੈ ਕਿ ਵੱਡੀ ਗਿਣਤੀ ਪੰਜਾਬੀ ਵਿਦੇਸ਼ ਜਾਣ ਲਈ ਕਮਰਕੱਸੇ ਕਰ ਰਹੇ ਹਨ ਅਤੇ ਉਹ ਹਰ ਹੀਲੇ ਪੰਜਾਬ ਤੋਂ ਵਿਦੇਸ਼ ਜਾਣਾ ਚਾਹੁੰਦੇ ਹਨ। ਪੰਜਾਬੀਆਂ ਦੇ ਪਰਵਾਸ ਨੂੰ ਰੋਕਣ ਲਈ ਜਿਥੇ ਵਿਦੇਸ਼ ਦੇ ਸਖ਼ਤ ਕਾਨੂੰਨ ਫੇਲ੍ਹ ਹੋ ਗਏ ਹਨ, ਉਥੇ ਪੰਜਾਬ ਸਰਕਾਰ ਵੱਲੋਂ ਹਜ਼ਾਰਾਂ ਨੌਜਵਾਨਾਂ ਨੂੰ ਰੁਜ਼ਗਾਰ ਦੇ ਕੇ ਪੰਜਾਬੀਆਂ ਦੇ ਵਿਦੇਸ਼ ਵੱਲ ਪਰਵਾਸ ਨੂੰ ਠੱਲ੍ਹ ਪਾਉਣ ਦੇ ਦਾਅਵੇ ਵੀ ਠੁੱਸ ਹੋ ਗਏ ਹਨ ਕਿਉਂਕਿ ਪੰਜਾਬੀ ਤਾਂ ਅਜੇ ਵੀ ਵੱਡੀ ਗਿਣਤੀ ਵਿੱਚ ਵਿਦੇਸ਼ ਜਾਣ ਦੀ ਜਿੱਦ ਫੜੀ ਬੈਠੇ ਹਨ।





# ਅਮਰੀਕਾ ਕਿਉਂ ਦੇ ਰਿਹਾ ਸਿੱਖ ਪੰਥ ਨੂੰ ਤਰਜੀਹ ?



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

## ਟਰੰਪ ਵੱਲੋਂ ਗਾਜ਼ਾ 'ਬੋਰਡ ਆਫ ਪੀਸ' ਗਠਿਤ, ਅਜੈ ਸਿੰਘ ਬੰਗਾ ਦੀ ਅਹਿਮ ਭੂਮਿਕਾ

ਗਾਜ਼ਾ ਦੀ ਧਰਤੀ ਨੂੰ ਵੇਖੋ, ਜਿੱਥੇ ਹਰ ਬੰਬ, ਹਰ ਮਿਜ਼ਾਇਲ, ਹਰ ਧਮਾਕਾ ਇੱਕ ਨਵੇਂ ਜਖ਼ਮ ਨੂੰ ਜਨਮ ਦਿੰਦਾ ਹੈ। ਉਹ ਜਖ਼ਮ ਜੋ ਸਮੇਂ ਦੇ ਨਾਲ ਨਹੀਂ ਭਰਦੇ, ਸਗੋਂ ਡੂੰਘੇ ਹੋ ਜਾਂਦੇ ਹਨ। ਪਰ ਹੁਣ ਟਰੰਪ ਦੀ ਸ਼ਾਂਤੀ ਯੋਜਨਾ ਦੂਜੇ ਪੜਾਅ ਵਿੱਚ ਪਹੁੰਚੀ ਹੈ, ਜਿੱਥੇ ਬੋਰਡ ਆਫ ਪੀਸ ਗਠਿਤ ਕੀਤਾ ਗਿਆ ਹੈ। ਟਰੰਪ ਖੁਦ ਇਸ ਦੇ ਚੇਅਰਮੈਨ ਹਨ ਅਤੇ ਉਨ੍ਹਾਂ ਨਾਲ ਜੁੜੇ ਨਾਂਅ ਵੀ ਅਜਿਹੇ ਹਨ ਜੋ ਵਿਸ਼ਵ ਦੇ ਵੱਡੇ ਰਾਜਨੀਤਕ ਅਤੇ ਆਰਥਿਕ ਨਕਸ਼ੇ ਨੂੰ ਬਦਲਣ ਵਾਲੇ ਹਨ। ਬ੍ਰਿਟੇਨ ਦੇ ਸਾਬਕਾ ਪ੍ਰਧਾਨ ਮੰਤਰੀ ਟੋਨੀ ਬਲੇਅਰ, ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ, ਟਰੰਪ ਦੇ ਜਵਾਈ ਜੈਰੇਡ ਕੁਸ਼ਨਰ, ਅਤੇ ਮੱਧ ਪੂਰਬ ਲਈ ਵਿਸ਼ੇਸ਼ ਦੂਤ ਸਟੀਵ ਵਿਟਕੌਫ – ਵਰਲਡ ਬੈਂਕ ਦੇ ਮੁਖੀ ਅਜੈ ਸਿੰਘ ਬੰਗਾ ਸ਼ਾਮਲ ਹਨ।

ਅਜੈ ਸਿੰਘ ਬੰਗਾ ਦਾ ਪੋਰਟਫੋਲੀਓ ਆਰਥਿਕ ਸਥਿਰਤਾ ਨੂੰ ਮਜ਼ਬੂਤ ਕਰਨ ਵਾਲਾ ਹੈ। 1959 ਵਿੱਚ ਭਾਰਤ ਵਿੱਚ ਜਨਮੇ, 2007 ਵਿੱਚ ਅਮਰੀਕੀ ਨਾਗਰਿਕ ਬਣੇ ਅਤੇ ਮਾਸਟਰਕਾਰਡ ਦੇ ਸੀਈਓ ਵਜੋਂ ਵਿਸ਼ਵ ਨੂੰ ਨਵੇਂ ਆਰਥਿਕ ਰਾਹਾਂ 'ਤੇ ਪਾਇਆ ਹੈ। ਅੱਜ ਉਹ ਗਾਜ਼ਾ ਵਿੱਚ ਸ਼ਾਂਤੀ ਦੇ ਨਿਰਮਾਣ ਵਿੱਚ ਸ਼ਾਮਲ ਹਨ, ਜੋ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੈ। ਪਰ ਇਹ ਸਿਰਫ ਅਜੈ ਸਿੰਘ ਬੰਗਾ ਦੀ ਸਾਖੀ ਨਹੀਂ, ਇਹ ਪੂਰੇ ਸਿੱਖ ਪੰਥ ਦੀ ਵਿਸ਼ਵ ਪੱਧਰ 'ਤੇ ਉਭਰਦੀ ਤਸਵੀਰ ਹੈ। ਸਿੱਖ ਧਰਮ, ਜੋ ਗੁਰੂ ਨਾਨਕ ਦੇਵ ਜੀ ਦੀ ਬਾਣੀ ਨਾਲ ਸਿਰਜਿਆ, ਅੱਜ ਵਿਸ਼ਵ ਵਿੱਚ ਇੱਕ ਨਵੇਂ ਚਾਨਣ ਵਾਂਗ ਫੈਲ ਰਿਹਾ ਹੈ। ਅਮਰੀਕਾ ਵਿੱਚ ਲਗਭਗ ਪੰਜ ਲੱਖ ਸਿੱਖ ਵੱਸਦੇ ਹਨ ਜੋ ਸਿਰਫ ਆਪਣੀ ਪਗੜੀ ਅਤੇ ਦਾੜ੍ਹੀ ਨਾਲ ਹੀ ਨਹੀਂ ਪਛਾਣੇ ਜਾਂਦੇ, ਸਗੋਂ ਆਪਣੀ ਮਿਹਨਤ, ਵਫ਼ਾਦਾਰੀ ਅਤੇ ਸੇਵਾ ਨਾਲ ਆਪਣੀ ਵੱਖਰੀ ਹੋਂਦ ਸਥਾਪਿਤ ਕਰ ਰਹੇ ਹਨ।



9/11 ਦੇ ਬਾਅਦ ਜਦੋਂ ਨਸਲਵਾਦ ਦੀ ਅੱਗ ਨੇ ਸਿੱਖਾਂ ਨੂੰ ਵੀ ਘੇਰ ਲਿਆ ਸੀ, ਤਾਂ ਉਨ੍ਹਾਂ ਨੇ ਉਸ ਅੱਗ ਨੂੰ ਬੁਝਾਉਣ ਲਈ ਅਵੇਰਨੈੱਸ ਕੈਂਪੇਨ ਚਲਾਏ ਸਨ। ਅੱਜ ਅਮਰੀਕੀ ਸਕੂਲਾਂ ਵਿੱਚ ਸਿੱਖ ਧਰਮ ਨੂੰ ਪੜ੍ਹਾਇਆ ਜਾ ਰਿਹਾ ਹੈ ਅਤੇ 18 ਰਾਜਾਂ ਵਿੱਚ ਇਹ ਕਰੀਕੁਲਮ ਮਤਲਬ ਸਿਲੇਬਸ ਤੇ ਟੀਚਿੰਗ ਮੈਥਿਡ ਦਾ ਹਿੱਸਾ ਹੈ। ਸਿੱਖ ਧਰਮ ਇੱਕ ਅਜਿਹਾ ਧਰਮ ਹੈ, ਇੱਕ ਅਜਿਹੀ ਜੀਵਨ ਸ਼ੈਲੀ ਹੈ ਜੋ ਬਰਾਬਰੀ, ਨਿਆਂ ਅਤੇ ਸੇਵਾ ਨੂੰ ਮਹੱਤਵ ਦਿੰਦੀ ਹੈ। ਸਿੱਖ ਭਾਈਚਾਰੇ ਦੀ ਇਸ ਵਿਸ਼ਵ ਪੱਧਰ ਤੇ ਤਰਜੀਹ ਨੂੰ ਵੇਖੀਏ ਤਾਂ 130 ਸਾਲਾਂ ਤੋਂ ਵੱਧ ਸਮੇਂ ਤੋਂ ਅਮਰੀਕਾ ਵਿੱਚ ਵੱਸਦੇ ਸਿੱਖਾਂ ਨੇ ਵਪਾਰ, ਵਿਗਿਆਨ, ਰਾਜਨੀਤੀ ਅਤੇ ਸੇਵਾ ਵਿੱਚ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਨਫ਼ਰਤੀ ਹਮਲਿਆਂ ਦੇ ਵਿਰੋਧ ਵਿੱਚ ਸਿੱਖ ਕੋਲੀਸ਼ਨ ,ਯੂਨੀਟਿਡ ਸਿਖਸ ਵਰਗੀਆਂ ਸੰਸਥਾਵਾਂ ਬਣਾਈਆਂ ਹਨ, ਜੋ ਮਨੁੱਖੀ ਅਧਿਕਾਰਾਂ ਲਈ ਜੂਝਦੀਆਂ ਹਨ। ਅੱਜ ਅਮਰੀਕਾ ਵਿੱਚ ਸਿੱਖਾਂ ਨੂੰ ਵੱਡੇ ਅਹੁਦੇ ਮਿਲ ਰਹੇ ਹਨ ਕਿਉਂਕਿ ਉਹ ਯੋਗ ਹਨ ਅਤੇ ਅਮਰੀਕੀ ਸਮਾਜ ਨੂੰ ਮਜ਼ਬੂਤ ਕਰ ਰਹੇ ਹਨ। ਅਜੈ ਸਿੰਘ ਬੰਗਾ ਦੀ ਨਿਯੁਕਤੀ ਨਾਲ ਸਿੱਖ ਭਾਈਚਾਰੇ ਵਿੱਚ ਖ਼ੁਸ਼ੀ ਦੀ ਲਹਿਰ ਹੈ, ਅਤੇ ਇਹ ਵਿਸ਼ਵ ਪੱਧਰ ਤੇ ਉਨ੍ਹਾਂ ਦੀ ਪਛਾਣ ਨੂੰ ਵਧਾਉਂਦੀ ਹੈ। ਇਹ ਨਹੀਂ ਕੇਵਲ ਇੱਕ ਵਿਅਕਤੀ ਦੀ ਜਿੱਤ ਹੈ, ਸਗੋਂ ਪੂਰੇ ਸਿੱਖ ਪੰਥ ਦੀ ਰੂਹਾਨੀ ਉਡਾਣ ਹੈ। ਅਜੈ ਸਿੰਘ ਬੰਗਾ ਸਿੱਖ ਨਾਇਕ ਹਨ, ਜੋ ਵਿਸ਼ਵ ਬੈਂਕ ਵਰਗੀਆਂ ਸੰਸਥਾਵਾਂ ਵਿੱਚ ਅਗਵਾਈ ਕਰ ਰਹੇ ਹਨ।

ਸੁਆਲ ਇਹ ਹੈ ਕਿ ਅਮਰੀਕਾ ਕਿਉਂ ਸਿੱਖਾਂ ਨੂੰ ਵਿਸ਼ਵ ਪੱਧਰ 'ਤੇ ਤਰਜੀਹ ਦੇ ਰਿਹਾ ਹੈ ? ਜੁਆਬ ਸਾਫ ਹੈ ਕਿ ਸਿੱਖ ਸਿਧਾਂਤ ਅਮਰੀਕੀ ਨੈਤਿਕਤਾ ਨਾਲ ਮੇਲ ਖਾਂਦੇ ਹਨ – ਬਰਾਬਰੀ, ਧਾਰਮਿਕ ਸਹਿਣਸ਼ੀਲਤਾ ਅਤੇ ਲਿੰਗ ਬਰਾਬਰੀ। ਉਹ ਮਿਹਨਤੀ ਹਨ, ਅਤੇ ਅਮਰੀਕੀ ਫ਼ੌਜ ਵਿੱਚ ਵੀ ਸੇਵਾ ਕਰ ਰਹੇ ਹਨ। ਅਮਰੀਕਾ ਦੀ ਆਰਥਿਕਤਾ ਵਿੱਚ ਸਿੱਖ ਪੰਥ ਦਾ ਵੱਡਾ ਯੋਗਦਾਨ ਹੈ।ਬੋਰਡ ਆਫ਼ ਪੀਸ ਤੋਂ ਪਹਿਲਾਂ ਗਠਿਤ 15 ਮੈਂਬਰੀ ਫ਼ਲਸਤੀਨੀ ਟੈਕਨੋਕ੍ਰੈਟਿਕ ਕਮੇਟੀ ਵੀ ਇੱਕ ਨਵੇਂ ਬਿੰਬ ਨੂੰ ਜਨਮ ਦਿੰਦੀ ਹੈ। ਇਹ ਕਮੇਟੀ ਗਾਜ਼ਾ ਵਿੱਚ ਰੋਜ਼ਾਨਾ ਪ੍ਰਸ਼ਾਸਨ ਨੂੰ ਸੰਭਾਲੇਗੀ ਅਤੇ ਉਸ ਦੇ ਮੁਖੀ ਅਲੀ ਸ਼ਾਥ ਹਨ, ਜੋ ਫਲਸਤੀਨੀ ਅਥਾਰਟੀ ਵਿੱਚ ਡਿਪਟੀ ਮੰਤਰੀ ਰਹਿ ਚੁੱਕੇ ਹਨ। ਸੰਯੁਕਤ ਰਾਸ਼ਟਰ ਦੇ ਸਾਬਕਾ ਦੂਤ ਨਿਕੋਲੇ ਮਲਾਡੇਨੋਵ ਉਨ੍ਹਾਂ ਨਾਲ ਕੰਮ ਕਰਨਗੇ।

ਇਸ ਤੋਂ ਇਲਾਵਾ ਅੰਤਰਰਾਸ਼ਟਰੀ ਸਟੈਬਿਲਾਈਜ਼ੇਸ਼ਨ ਫੋਰਸ (ਆਈ.ਐੱਸ.ਐੱਫ.) ਵੀ ਤੈਨਾਤ ਹੋਵੇਗੀ, ਜੋ ਫ਼ਲਸਤੀਨੀ ਪੁਲਿਸ ਨੂੰ ਸਿਖਲਾਈ ਦੇਵੇਗੀ। ਅਮਰੀਕੀ ਮੇਜਰ ਜਨਰਲ ਜੈਸਪਰ ਜੈਫਰਸ ਇਸ ਦੀ ਅਗਵਾਈ ਕਰਨਗੇ ਅਤੇ ਇਸ ਦਾ ਉਦੇਸ਼ ਅੱਤਵਾਦ ਮੁਕਤ ਮਾਹੌਲ ਬਣਾਉਣਾ ਹੈ। ਇਹ ਸਭ ਗਾਜ਼ਾ ਵਿਖੇ ਇੱਕ ਅਮਨ , ਸ਼ਾਂਤੀ, ਵਿਕਾਸ ਦੇ ਨਿਰਮਾਣ ਵਿੱਚ ਲੱਗੇ ਹਨ।

ਟਰੰਪ ਦੀ ਇਥੇ ਇਹ ਯੋਜਨਾ 20 ਨੁਕਤਿਆਂ ਵਾਲੀ ਹੈ, ਜੋ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵੱਲੋਂ ਮਾਨਤਾ ਪ੍ਰਾਪਤ ਹੈ। ਅਕਤੂਬਰ ਤੋਂ ਚੱਲ ਰਹੀ ਇਹ ਅਮਰੀਕਨ ਨੀਤੀ ਹੁਣ ਸਥਾਈ ਬਣਨ ਵੱਲ ਵਧ ਰਹੀ ਹੈ। ਪਰ ਚੁਣੌਤੀਆਂ ਵੀ ਹਨ – ਹਮਾਸ ਨੂੰ ਨਿਸ਼ਸਤਰੀਕਰਨ ਅਤੇ ਇਜ਼ਰਾਇਲ ਨੂੰ ਫ਼ੌਜ ਵਾਪਸ ਬੁਲਾਉਣ ਵਿੱਚ ਸਮਾਂ ਲੱਗੇਗਾ।

ਅਜੈ ਸਿੰਘ ਬੰਗਾ ਨੇ ਆਪਣੇ ਕੈਰੀਅਰ ਵਿੱਚ ਬਹੁਤ ਸਫਲਤਾ ਹਾਸਲ ਕੀਤੀ ਹੈ, ਅਤੇ ਉਹ ਵਿਸ਼ਵ ਪੱਧਰ 'ਤੇ ਆਰਥਿਕ ਵਿਕਾਸ ਵਿੱਚ ਮਾਹਿਰ ਹਨ।

ਟਰੰਪ ਦੀ ਯੋਜਨਾ ਵਿੱਚ ਗਾਜ਼ਾ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਬਣਾਉਣਾ ਜ਼ਰੂਰੀ ਹੈ ਅਤੇ ਆਜੈ ਸਿੰਘ ਬੰਗਾ ਇਸ ਲਈ ਸਹੀ ਵਿਅਕਤੀ ਹਨ। ਉਨ੍ਹਾਂ ਨੂੰ ਸਾਬਕਾ ਰਾਸ਼ਟਰਪਤੀ ਜੋ ਬਾਈਡੇਨ ਨੇ ਵਰਲਡ ਬੈਂਕ ਲਈ ਨਾਮਜ਼ਦ ਕੀਤਾ ਸੀ, ਪਰ ਟਰੰਪ ਨੇ ਵੀ ਉਨ੍ਹਾਂ ਨੂੰ ਸ਼ਾਮਲ ਕਰ ਕੇ ਦਰਸਾਇਆ ਹੈ ਕਿ ਅਮਰੀਕਾ ਸਿੱਖ ਪੰਥ ਨੂੰ ਵਿਸ਼ੇਸ਼ ਤਰਜੀਹ ਦੇ ਰਿਹਾ। ਗਾਜ਼ਾ ਦੇ ਇਸ ਬੋਰਡ ਆਫ ਪੀਸ ਨਾਲ ਇੱਕ ਨਵਾਂ ਯੁੱਗ ਸ਼ੁਰੂ ਹੋ ਰਿਹਾ ਹੈ। ਇਸ ਯੋਜਨਾ ਵਿਚ ਅਜੈ ਸਿੰਘ ਬੰਗਾ ਵਾਂਗ ਸਿੱਖ ਲੀਡਰਾਂ ਦੀ ਭੂਮਿਕਾ ਨਾਲ ਵਿਸ਼ਵ ਵਿੱਚ ਸਿੱਖ ਧਰਮ ਦੀ ਪਛਾਣ ਵਧੇਗੀ ਅਤੇ ਗਾਜ਼ਾ ਵਿੱਚ ਸ਼ਾਂਤੀ ਦੇ ਫੁੱਲ ਖਿੜਨਗੇ। ਇਹ ਯਾਤਰਾ ਔਖੀ ਹੈ, ਪਰ ਉਮੀਦ ਨਾਲ ਭਰਪੂਰ ਹੈ।

# ਵਿਰੋਧ ਪ੍ਰਦਰਸ਼ਨਾਂ ਨੂੰ ਲੈ ਕੇ ਇਰਾਨ-ਅਮਰੀਕਾ ਵਿਚਾਲੇ ਤਣਾਅ

## ਯੂ.ਐੱਨ. ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਮੌਤਾਂ ਦੀ ਗਿਣਤੀ 5,000 ਤੋਂ ਲੈ ਕੇ 20,000 ਤੱਕ ਦੱਸੀ

ਤਹਿਰਾਨ/ਏ.ਟੀ.ਨਿਊਜ਼: ਇਰਾਨ ਵਿੱਚ ਵਿਰੋਧ ਪ੍ਰਦਰਸ਼ਨਾਂ ਨੇ ਪੂਰੇ ਵਿਸ਼ਵ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਇਹ ਪ੍ਰਦਰਸ਼ਨ ਦਸੰਬਰ 2025 ਦੇ ਅਖੀਰ ਵਿੱਚ ਸ਼ੁਰੂ ਹੋਏ ਅਤੇ ਹੁਣ ਦੇਸ਼ ਭਰ ਵਿੱਚ ਫੈਲ ਗਏ ਹਨ। ਆਰਥਿਕ ਸੰਕਟ, ਮਹਿੰਗਾਈ ਅਤੇ ਬੇਰੁਜ਼ਗਾਰੀ ਨੇ ਲੋਕਾਂ ਨੂੰ ਸੜਕਾਂ 'ਤੇ ਉੱਤਰਨ ਲਈ ਮਜਬੂਰ ਕੀਤਾ ਹੈ। ਰੀਆਲ ਦੀ ਕੀਮਤ ਰਿਕਾਰਡ ਨੀਵੇਂ ਪੱਧਰ 'ਤੇ ਪਹੁੰਚ ਗਈ ਹੈ ਅਤੇ ਮਹਿੰਗਾਈ 42 ਫੀਸਦੀ ਤੋਂ ਵੱਧ ਹੈ। ਪਾਣੀ ਦੀ ਕਮੀ ਅਤੇ ਬਿਜਲੀ ਦੀਆਂ ਕਟੌਤੀਆਂ ਨੇ ਵੀ ਲੋਕਾਂ ਨੂੰ ਪ੍ਰੇਸ਼ਾਨ ਕੀਤਾ ਹੋਇਆ ਹੈ।

ਸਰਕਾਰੀ ਸਖਤ ਕਾਰਵਾਈ ਦੌਰਾਨ ਵਿੱਚ ਹਜ਼ਾਰਾਂ ਲੋਕ ਮਾਰੇ ਗਏ ਹਨ ਅਤੇ ਲੱਖਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਯੂਐੱਨ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਮੌਤਾਂ ਦੀ ਗਿਣਤੀ 5,000 ਤੋਂ ਲੈ ਕੇ 20,000 ਤੱਕ ਦੱਸੀ ਹੈ।

ਵਿਰੋਧ ਪ੍ਰਦਰਸ਼ਨ ਤਿੱਖੇ ਹੋਣ ਦੇ ਕਾਰਨ ਅਮਰੀਕੀ ਪਾਬੰਦੀਆਂ ਅਤੇ ਖੇਤਰੀ ਸੰਕਟ ਹਨ। ਇਰਾਨੀ ਅਰਥਵਿਵਸਥਾ ਤਬਾਹ ਹੋ ਚੁੱਕੀ ਹੈ। ਲੋਕ ਆਰਥਿਕ ਮੰਗਾਂ ਤੋਂ ਅੱਗੇ ਵਧ ਕੇ ਸੱਤਾ ਬਦਲਾਅ ਦੀ ਮੰਗ ਕਰ ਰਹੇ ਹਨ। ਰਾਇਲ ਪਹਿਲਵੀ ਦੇ ਪੁੱਤਰ ਰੇਜ਼ਾ ਪਹਿਲਵੀ ਨੂੰ ਵਾਪਸ ਲਿਆਉਣ ਦੀਆਂ ਆਵਾਜ਼ਾਂ ਵੀ ਉੱਠ ਰਹੀਆਂ ਹਨ। ਬਰੂਕਿੰਗਸ ਇੰਸਟੀਚਿਊਟ ਨੇ ਕਿਹਾ ਕਿ ਇਹ ਅੰਦੋਲਨ ਇਰਾਨੀ ਹਕੂਮਤ ਲਈ ਸਭ ਤੋਂ ਵੱਡੀ ਚੁਣੌਤੀ ਹੈ, ਖਾਸ ਕਰ ਅਲੀ ਖਾਮੇਨੇਈ ਦੀ ਉਮਰ ਅਤੇ ਅਨਿਸ਼ਚਿਤਤਾ ਕਾਰਨ। ਇੰਟਰਨੈੱਟ ਬੰਦ ਅਤੇ ਸੰਚਾਰ ਸੇਵਾਵਾਂ ਰੋਕਣ ਨਾਲ ਸਥਿਤੀ ਹੋਰ ਗੰਭੀਰ ਹੋ ਗਈ ਹੈ।

ਕੀ ਤਖਤਾ ਪਲਟ ਹੋ ਸਕਦਾ ਹੈ ?

ਲੋਕ ਖਾਮੇਨੇਈ ਨੂੰ ਹਟਾਉਣ ਦੀ ਮੰਗ ਕਰ ਰਹੇ ਹਨ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਖਾਮੇਨੇਈ ਦਾ 37 ਸਾਲਾਂ ਦਾ ਰਾਜ ਖਤਮ ਹੋਣ ਦਾ ਵਕਤ ਆ ਗਿਆ ਹੈ ਪਰ ਸੁਰੱਖਿਆ ਬਲਾਂ ਦੀ ਸਖ਼ਤੀ ਨਾਲ ਨਾਲ ਪ੍ਰਦਰਸ਼ਨ ਘੱਟ ਹੋ ਗਏ ਹਨ। ਹਾਲਾਂਕਿ ਇਹ ਅਸਥਾਈ ਹੋ ਸਕਦਾ ਹੈ ,ਕਿਉਂਕਿ ਆਰਥਿਕ ਸਮੱਸਿਆਵਾਂ ਲੋਕਾਂ ਉਪਰ ਭਾਰੂ ਹਨ।

ਅਮਰੀਕਾ ਦੀ ਦਖਲਅੰਦਾਜ਼ੀ ਵਧੀ ਹੈ। ਟਰੰਪ ਨੇ ਸ਼ੁਰੂ ਵਿੱਚ ਪ੍ਰਦਰਸ਼ਨਕਾਰੀਆਂ ਨੂੰ ਸਮਰਥਨ ਦਿੱਤਾ ਅਤੇ ਚਿਤਾਵਨੀ ਦਿੱਤੀ ਕਿ ਜੇ ਹਿੰਸਾ ਜਾਰੀ ਰਹੀ ਤਾਂ ਅਮਰੀਕਾ ਫੌਜੀ ਕਾਰਵਾਈ ਕਰੇਗਾ ਪਰ ਬਾਅਦ ਵਿੱਚ ਰੁਖ ਨਰਮ ਕੀਤਾ ਜਦੋਂ ਇਰਾਨ ਨੇ ਬਾਗੀ ਲੋਕਾਂ ਦੀਆਂ ਫਾਂਸੀਆਂ ਰੋਕਣ ਦਾ ਵਾਅਦਾ ਕੀਤਾ। ਹੁਣ ਟਰੰਪ ਨੇ ਖਾਮੇਨੇਈ ਨੂੰ ਬਿਮਾਰ ਆਦਮੀ ਕਿਹਾ ਅਤੇ ਨਵੀਂ ਲੀਡਰਸ਼ਿਪ ਦੀ ਮੰਗ ਕੀਤੀ ਹੈ।

ਟਰੰਪ ਨੇ ਚਿਤਾਵਨੀ ਦਿੱਤੀ ਕਿ ਸਾਰੇ ਵਿਕਲਪ ਖੁੱਲ੍ਹੇ ਹਨ, ਜਿਸ ਵਿੱਚ ਟਾਮਹਾਕ ਮਿਜ਼ਾਈਲ, ਜੈੱਸਮ ਮਿਜ਼ਾਈਲ ਅਤੇ ਸਾਈਬਰ ਅਟੈਕ ਸ਼ਾਮਲ ਹਨ। ਈਰਾਨ ਨੇ ਅਮਰੀਕੀ ਬੇਸਾਂ 'ਤੇ ਹਮਲੇ ਦੀ ਧਮਕੀ ਦਿੱਤੀ ਹੈ। ਪਰ ਨਿਊ ਲਾਈਨਜ਼ ਇੰਸਟੀਚਿਊਟ ਨੇ ਕਿਹਾ ਕਿ ਅਮਰੀਕੀ ਹਮਲਾ ਇਰਾਨੀ ਹਕੂਮਤ ਨੂੰ ਮਜ਼ਬੂਤ ਕਰ ਸਕਦਾ ਹੈ। ਪਰ ਡਰ ਹੈ ਕਿ ਇਹ ਵੱਡਾ ਯੁੱਧ ਬਣ ਸਕਦਾ ਹੈ।



ਭਾਰਤ ਲਈ ਚਿੰਤਾ ਵੱਡੀ ਹੈ, ਖਾਸ ਕਰ ਚਾਬਹਾਰ ਪੋਰਟ ਨੂੰ ਲੈ ਕੇ। ਭਾਰਤ ਨੇ ਇਸ ਵਿੱਚ 1 ਅਰਬ ਡਾਲਰ ਤੋਂ ਵੱਧ ਨਿਵੇਸ਼ ਕੀਤਾ ਹੈ। ਇਸ ਦਾ ਮਕਸਦ ਪਾਕਿਸਤਾਨ ਨੂੰ ਬਾਈਪਾਸ ਕਰ ਕੇ ਅਫਗਾਨਿਸਤਾਨ ਅਤੇ ਮੱਧ ਏਸ਼ੀਆ ਤੱਕ ਪਹੁੰਚ ਬਣਾਉਣਾ ਹੈ। ਜੇ ਇਰਾਨ ਅਸਥਿਰ ਹੋਇਆ ਤਾਂ ਭਾਰਤ ਦੀ ਰਣਨੀਤਕ ਪਹੁੰਚ ਖਤਰੇ ਵਿੱਚ ਪੈ ਜਾਵੇਗੀ। ਇਕਨਾਮਿਕ ਟਾਈਮਜ਼ ਮੁਤਾਬਕ, ਅਸਥਿਰਤਾ ਨਾਲ ਭਾਰਤ ਦੇ 1.3 ਤੋਂ 1.7 ਬਿਲੀਅਨ ਡਾਲਰ ਦੇ ਵਪਾਰ 'ਤੇ ਅਸਰ ਪੈ ਸਕਦਾ ਹੈ। ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਪ੍ਰੋਫੈਸਰ ਰਾਜਨ ਕੁਮਾਰ ਨੇ ਕਿਹਾ ਕਿ ਖਾਮੇਨੇਈ ਤੋਂ ਬਾਅਦ ਸੱਤਾ ਸੰਘਰਸ਼ ਨਾਲ ਚਾਬਹਾਰ ਵਰਗੇ ਪ੍ਰੋਜੈਕਟ ਖਤਰੇ ਵਿੱਚ ਪੈ ਸਕਦੇ ਹਨ।

ਪਾਕਿਸਤਾਨ ਨੂੰ ਇਸ ਸੰਕਟ ਵਿੱਚ ਫਾਇਦਾ ਮਿਲ ਸਕਦਾ ਹੈ। ਇਰਾਨ ਦੀ ਕਮਜ਼ੋਰੀ ਨਾਲ ਅਫਗਾਨਿਸਤਾਨ ਅਤੇ ਮੱਧ ਏਸ਼ੀਆ ਵਿੱਚ ਪਾਕਿਸਤਾਨ ਦਾ ਪ੍ਰਭਾਵ ਵਧੇਗਾ। ਮਨੀਕੰਟਰੋਲ ਮੁਤਾਬਕ, ਇਸ ਨਾਲ ਚੀਨ ਨੂੰ ਵੀ ਫਾਇਦਾ ਮਿਲੇਗਾ, ਕਿਉਂਕਿ ਚੀਨ–ਇਰਾਨ ਵਿੱਚ 25 ਸਾਲਾਂ ਦਾ ਸਮਝੌਤਾ ਹੈ। ਭਾਰਤ ਨੇ ਆਪਣੇ ਨਾਗਰਿਕਾਂ ਨੂੰ ਵਾਪਸ ਲਿਆਉਣ ਲਈ ਕਦਮ ਚੁੱਕੇ ਹਨ। ਇਰਾਨ ਵਿੱਚ ਲਗਭਗ 9,000 ਤੋਂ 10,000 ਭਾਰਤੀ ਹਨ, ਜਿਨ੍ਹਾਂ ਵਿੱਚ ਵਿਦਿਆਰਥੀ, ਵਪਾਰੀ ਅਤੇ ਤੀਰਥ ਯਾਤਰੀ ਸ਼ਾਮਲ ਹਨ। ਵਿਦੇਸ਼ ਮੰਤਰਾਲੇ ਨੇ ਐਡਵਾਈਜ਼ਰੀ ਜਾਰੀ ਕੀਤੀ ਹੈ ਕਿ ਭਾਰਤੀ ਇਰਾਨ ਛੱਡ ਦੇਣ। ਵਿਸ਼ੇਸ਼ ਫਲਾਈਟਾਂ ਨਾਲ ਕਈ ਵਾਪਸ ਆਏ ਹਨ। ਰਿਪੋਰਟਾਂ ਮੁਤਾਬਕ, ਹੁਣ ਤੱਕ ਲਗਭਗ 2,000 ਤੋਂ ਵੱਧ ਭਾਰਤੀ ਵਾਪਸ ਪਰਤੇ ਹਨ, ਖਾਸ ਕਰ ਵਿਦਿਆਰਥੀ। 16 ਭਾਰਤੀ ਕਰੂ ਮੈਂਬਰ ਇਰਾਨ ਵਿੱਚ ਹਿਰਾਸਤ ਵਿੱਚ ਹਨ, ਜਿਨ੍ਹਾਂ ਨੂੰ ਛਡਾਉਣ ਲਈ ਭਾਰਤ ਕੋਸ਼ਿਸ਼ ਕਰ ਰਿਹਾ ਹੈ।

ਇਸ ਸੰਕਟ ਨੇ ਭਾਰਤ ਦੀ ਵਿਦੇਸ਼ ਨੀਤੀ ਨੂੰ ਨਵੇਂ ਸਿਰੇ ਨਾਲ ਵੇਖਣ ਦੀ ਜ਼ਰੂਰਤ ਪੈਦਾ ਕੀਤੀ ਹੈ। ਇਰਾਨ ਨਾਲ ਰਿਸ਼ਤੇ ਪੁਰਾਣੇ ਅਤੇ ਰਣਨੀਤਕ ਹਨ। ਭਾਰਤ ਤਹਿਰਾਨ, ਰਿਆਦ, ਅਬੂ ਧਾਬੀ, ਤੇਲ ਅਵੀਵ ਅਤੇ ਵਾਸ਼ਿੰਗਟਨ ਨਾਲ ਸੰਤੁਲਨ ਬਣਾ ਰਿਹਾ ਹੈ। ਅਸਥਿਰਤਾ ਨਾਲ ਭਾਰਤ ਨੂੰ ਨਵੇਂ ਵਿਕਲਪ ਲੱਭਣੇ ਪੈਣਗੇ। ਵਿਸ਼ਲੇਸ਼ਕ ਕਹਿੰਦੇ ਹਨ ਕਿ ਭਾਰਤ ਨੂੰ ਅਮਰੀਕਾ, ਰੂਸ ਅਤੇ ਹੋਰ ਸ਼ਕਤੀਆਂ ਨਾਲ ਸੰਪਰਕ ਵਧਾਉਣਾ ਚਾਹੀਦਾ ਹੈ। ਇਰਾਨ ਨੇ ਆਈਐੱਸਆਈਐੱਸ ਅਤੇ ਤਾਲਿਬਾਨ ਵਿਰੁੱਧ ਭਾਰਤ ਨਾਲ ਸਹਿਯੋਗ ਕੀਤਾ ਹੈ। ਹੁਣ ਰਣਨੀਤਕ ਸਾਵਧਾਨੀ ਅਤੇ ਜੁੜਾਅ ਦੀ ਜ਼ਰੂਰਤ ਹੈ।

# ਟਰੰਪ ਦੀ ਨਵੀਂ ਪਾਬੰਦੀ: 75 ਦੇਸ਼ਾਂ ਨੂੰ ਵੀਜ਼ੇ ਦੇਣ ਤੋਂ ਇਨਕਾਰ

## ਰੂਸ, ਇਰਾਨ, ਪਾਕਿਸਤਾਨ ਸਮੇਤ ਬਹੁਤ ਸਾਰੇ ਦੇਸ਼ ਹੋਣਗੇ ਪ੍ਰਭਾਵਿਤ

## ਵੈਲਫੇਅਰ ਲੈਣ ਵਾਲਿਆਂ ਨੂੰ ਰੋਕਣ ਲਈ ਅਮਰੀਕਾ ਦੀ ਸਖ਼ਤ ਕਾਰਵਾਈ

ਅਮਰੀਕਾ ਨੇ 75 ਦੇਸ਼ਾਂ ਲਈ ਇਮੀਗ੍ਰੈਂਟ ਵੀਜ਼ਾ ਜਾਰੀ ਕਰਨ 'ਤੇ ਰੋਕ ਲਗਾ ਦਿੱਤੀ ਹੈ। ਇਹ ਫੈਸਲਾ ਟਰੰਪ ਪ੍ਰਸ਼ਾਸਨ ਨੇ ਲਿਆ ਹੈ। ਇਸ ਰੋਕ ਨਾਲ ਬਹੁਤ ਸਾਰੇ ਲੋਕ ਪ੍ਰਭਾਵਿਤ ਹੋਣਗੇ ਜੋ ਅਮਰੀਕਾ ਵਿੱਚ ਸਥਾਈ ਰਿਹਾਇਸ਼ (ਗ੍ਰੀਨ ਕਾਰਡ) ਲਈ ਅਰਜ਼ੀ ਦੇ ਰਹੇ ਹਨ।

ਅਮਰੀਕੀ ਵਿਦੇਸ਼ ਵਿਭਾਗ (ਸਟੇਟ ਡਿਪਾਰਟਮੈਂਟ) ਨੇ 14 ਜਨਵਰੀ 2026 ਨੂੰ ਇਹ ਐਲਾਨ ਕੀਤਾ ਕਿ ਉਹ 75 ਦੇਸ਼ਾਂ ਦੇ ਨਾਗਰਿਕਾਂ ਲਈ ਇਮੀਗ੍ਰੈਂਟ ਵੀਜ਼ਾ (ਜਿਨ੍ਹਾਂ ਨਾਲ ਲੋਕ ਅਮਰੀਕਾ ਵਿੱਚ ਪੱਕੇ ਤੌਰ 'ਤੇ ਰਹਿ ਸਕਦੇ ਹਨ) ਜਾਰੀ ਕਰਨਾ ਬੰਦ ਕਰ ਰਿਹਾ ਹੈ। ਇਹ ਰੋਕ ਉਦੋਂ ਤੱਕ ਰਹੇਗੀ ਜਦੋਂ ਤੱਕ ਵਿਭਾਗ ਪੂਰੀ ਤਰ੍ਹਾਂ ਨਵੇਂ ਨਿਯਮਾਂ ਦੀ ਜਾਂਚ ਅਤੇ ਮੁੜ ਮੁਲਾਂਕਣ ਨਹੀਂ ਕਰ ਲੈਂਦਾ।

ਇਸ ਫੈਸਲੇ ਦਾ ਮੁੱਖ ਕਾਰਨ 'ਪਬਲਿਕ ਚਾਰਜ' ਨਿਯਮ ਹੈ। ਅਮਰੀਕੀ ਕਾਨੂੰਨ ਮੁਤਾਬਕ ਜੇ ਕੋਈ ਵਿਦੇਸ਼ੀ ਅਮਰੀਕਾ ਆ ਕੇ ਸਰਕਾਰੀ ਸਹਾਇਤਾ (ਵੈਲਫੇਅਰ, ਮੈਡੀਕਲ, ਭੋਜਨ ਸਹਾਇਤਾ ਆਦਿ) 'ਤੇ ਨਿਰਭਰ ਹੋਣ ਦੀ ਸੰਭਾਵਨਾ ਰੱਖਦਾ ਹੈ ਤਾਂ ਉਸ ਨੂੰ ਵੀਜ਼ਾ ਨਹੀਂ ਦਿੱਤਾ ਜਾ ਸਕਦਾ। ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਨ੍ਹਾਂ 75 ਦੇਸ਼ਾਂ ਤੋਂ ਆਉਣ ਵਾਲੇ ਬਹੁਤ ਸਾਰੇ ਲੋਕ ਅਮਰੀਕਾ ਵਿੱਚ ਆ ਕੇ ਸਰਕਾਰੀ ਫੰਡਾਂ ਦਾ ਬਹੁਤ ਜ਼ਿਆਦਾ ਇਸਤੇਮਾਲ ਕਰਦੇ ਹਨ, ਜੋ ਅਮਰੀਕੀ ਟੈਕਸ ਦੇਣ ਵਾਲਿਆਂ ਉਪਰ ਭਾਰ ਪੈਂਦਾ ਹੈ।

ਇਸ ਲਈ ਵਿਦੇਸ਼ ਵਿਭਾਗ ਨੇ ਕੌਂਸਲਰ ਅਫਸਰਾਂ (ਜੋ ਵੀਜ਼ਾ ਦਿੰਦੇ ਹਨ) ਨੂੰ ਸਖ਼ਤ ਹਦਾਇਤਾਂ ਦਿੱਤੀਆਂ ਹਨ। ਹੁਣ ਵੀਜ਼ਾ ਅਰਜ਼ੀਆਂ ਤਾਂ ਸਵੀਕਾਰ ਕੀਤੀਆਂ ਜਾਣਗੀਆਂ ਅਤੇ ਇੰਟਰਵਿਊ ਵੀ ਹੋ ਸਕਦੇ ਹਨ, ਪਰ ਵੀਜ਼ਾ ਜਾਰੀ ਨਹੀਂ ਕੀਤਾ ਜਾਵੇਗਾ। ਅਫਸਰਾਂ ਨੂੰ ਇਹ ਵੇਖਣਾ ਹੈ ਕਿ ਅਰਜ਼ੀਦਾਰ ਦੀ ਉਮਰ, ਸਿਹਤ, ਅੰਗਰੇਜ਼ੀ ਦੀ ਜਾਣਕਾਰੀ, ਪੈਸੇ ਦੀ ਹਾਲਤ, ਨੌਕਰੀ ਦੀ ਸੰਭਾਵਨਾ ਅਤੇ ਭਵਿੱਖ ਵਿੱਚ ਮੈਡੀਕਲ ਖਰਚੇ ਵਰਗੇ ਬਹੁਤ ਸਾਰੇ ਫੈਕਟਰ। ਜੇ ਲੱਗੇ ਕਿ ਵਿਅਕਤੀ ਸਰਕਾਰੀ ਮਦਦ 'ਤੇ ਨਿਰਭਰ ਹੋ ਸਕਦਾ ਹੈ ਤਾਂ ਵੀਜ਼ਾ ਰੱਦ ਕਰ ਦਿੱਤਾ ਜਾਵੇਗਾ। ਖਾਸ ਤੌਰ 'ਤੇ ਬਜ਼ੁਰਗ ਲੋਕਾਂ, ਜਿਨ੍ਹਾਂ ਦਾ ਵਜ਼ਨ ਜ਼ਿਆਦਾ ਹੈ ਜਾਂ ਜਿਨ੍ਹਾਂ ਨੇ ਪਹਿਲਾਂ ਕਦੇ ਸਰਕਾਰੀ ਸਹਾਇਤਾ ਲਈ ਹੋਵੇ, ਉਨ੍ਹਾਂ ਨੂੰ ਵੀ ਮੁਸ਼ਕਿਲ ਹੋ ਸਕਦੀ ਹੈ।



ਪ੍ਰਭਾਵਿਤ 75 ਦੇਸ਼ਾਂ ਵਿੱਚ ਅਫਗਾਨਿਸਤਾਨ, ਰੂਸ, ਇਰਾਨ, ਇਰਾਕ, ਸੋਮਾਲੀਆ, ਨਾਈਜੀਰੀਆ, ਮਿਸਰ, ਬ੍ਰਾਜ਼ੀਲ, ਪਾਕਿਸਤਾਨ, ਬੰਗਲਾਦੇਸ਼, ਥਾਈਲੈਂਡ, ਯਮਨ, ਹੈਤੀ, ਨੇਪਾਲ, ਗੁਆਟੇਮਾਲਾ, ਕੋਲੰਬੀਆ ਅਤੇ ਬਹੁਤ ਸਾਰੇ ਅਫਰੀਕੀ, ਏਸ਼ੀਆਈ, ਲਾਤੀਨੀ ਅਮਰੀਕੀ ਅਤੇ ਕੈਰੇਬੀਅਨ ਦੇਸ਼ ਸ਼ਾਮਲ ਹਨ। ਭਾਰਤ ਇਸ ਸੂਚੀ ਵਿੱਚ ਨਹੀਂ ਹੈ, ਪਰ ਪਾਕਿਸਤਾਨ ਅਤੇ ਬੰਗਲਾਦੇਸ਼ ਵਰਗੇ ਗੁਆਂਢੀ ਦੇਸ਼ ਇਸ ਵਿੱਚ ਸ਼ਾਮਿਲ ਹਨ।

ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਟਾਮੀ ਪਿਗੋਟ ਨੇ ਕਿਹਾ, 'ਅਸੀਂ ਆਪਣੇ ਪੁਰਾਣੇ ਅਧਿਕਾਰ ਦੀ ਵਰਤੋਂ ਕਰਕੇ ਉਨ੍ਹਾਂ ਲੋਕਾਂ ਨੂੰ ਅਯੋਗ ਘੋਸ਼ਿਤ ਕਰਾਂਗੇ ਜੋ ਅਮਰੀਕਾ 'ਤੇ ਬੋਝ ਬਣਨਗੇ ਅਤੇ ਅਮਰੀਕੀ ਲੋਕਾਂ ਦੀ ਉਦਾਰਤਾ ਦਾ ਫਾਇਦਾ ਉਠਾਉਣਗੇ।' ਉਨ੍ਹਾਂ ਕਿਹਾ ਕਿ ਇਹ ਰੋਕ ਅਜਿਹੇ ਵਿਦੇਸ਼ੀਆਂ ਨੂੰ ਰੋਕਣ ਲਈ ਹੈ ਜੋ ਵੈਲਫੇਅਰ ਅਤੇ ਸਰਕਾਰੀ ਲਾਭ ਲੈਣਗੇ।ਇਹ ਫੈਸਲਾ ਟਰੰਪ ਪ੍ਰਸ਼ਾਸਨ ਦੀ ਇਮੀਗ੍ਰੇਸ਼ਨ ਨੀਤੀ ਦਾ ਇੱਕ ਵੱਡਾ ਹਿੱਸਾ ਹੈ। ਉਹ ਚਾਹੁੰਦੇ ਹਨ ਕਿ ਸਿਰਫ਼ ਉਹ ਲੋਕ ਅਮਰੀਕਾ ਆਉਣ ਜੋ ਆਰਥਿਕ ਤੌਰ ਉਪਰ ਮਜਬੂਤ ਹੋਣ ਅਤੇ ਦੇਸ਼ 'ਤੇ ਬੋਝ ਨਾ ਪਾਉਣ। ਇਸ ਨਾਲ ਬਹੁਤ ਸਾਰੇ ਪਰਿਵਾਰਾਂ ਦੀਆਂ ਯੋਜਨਾਵਾਂ 'ਤੇ ਅਸਰ ਪਵੇਗਾ। ਜਿਹੜੇ ਲੋਕ ਪਹਿਲਾਂ ਤੋਂ ਅਰਜ਼ੀ ਦੇ ਚੁੱਕੇ ਹਨ, ਉਨ੍ਹਾਂ ਨੂੰ ਇੰਤਜ਼ਾਰ ਕਰਨਾ ਪਵੇਗਾ।ਇਹ ਰੋਕ ਸਿਰਫ਼ ਇਮੀਗ੍ਰੈਂਟ ਵੀਜ਼ਾ (ਪੱਕੇ ਰਹਿਣ ਵਾਲੇ) 'ਤੇ ਹੈ। ਟੂਰਿਸਟ ਵੀਜ਼ਾ , ਸਟੂਡੈਂਟ ਵੀਜ਼ਾ , ਵਰਕ ਵੀਜ਼ਾ ਆਦਿ 'ਤੇ ਕੋਈ ਅਸਰ ਨਹੀਂ ਪਵੇਗਾ।

# ਜਦੋਂ ਟਰੰਪ ਦਾ ਨੋਬਲ ਪੁਰਸਕਾਰ ਲੈਣ ਦਾ ਸੁਪਨਾ ਹੋਇਆ ਪੂਰਾ

ਵਾਸ਼ਿੰਗਟਨ/ਏ.ਟੀ.ਨਿਊਜ਼: ਵੈਨੇਜ਼ੁਏਲਾ ਦੀ ਵਿਰੋਧੀ ਧਿਰ ਦੀ ਪ੍ਰਮੁੱਖ ਆਗੂ ਮਾਰੀਆ ਕੋਰੀਨਾ ਮਚਾਡੋ ਨੇ ਪਿਛਲੇ ਦਿਨੀਂ ਵ੍ਹਾਈਟ ਹਾਊਸ ਵਿਖੇ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਇੱਕ ਬੇਹੱਦ ਅਹਿਮ ਅਤੇ ਇਤਿਹਾਸਕ ਮੁਲਾਕਾਤ ਕੀਤੀ, ਜਿਸ ਦੌਰਾਨ ਉਨ੍ਹਾਂ ਨੇ ਆਪਣਾ ਨੋਬਲ ਸ਼ਾਂਤੀ ਪੁਰਸਕਾਰ ਮੈਡਲ ਟਰੰਪ ਨੂੰ ਭੇਂਟ ਕਰਕੇ ਸਭ ਨੂੰ ਹੈਰਾਨ ਕਰ ਦਿੱਤਾ।


ਇਹ ਘਟਨਾ ਉਸ ਸਮੇਂ ਵਾਪਰੀ ਹੈ ਜਦੋਂ ਟਰੰਪ ਨੇ ਅਮਰੀਕੀ ਫ਼ੌਜਾਂ ਦੁਆਰਾ ਨਿਕੋਲਸ ਮਾਦੂਰੋ ਨੂੰ ਸੱਤਾ ਤੋਂ ਲਾਂਭੇ ਕੀਤੇ ਜਾਣ ਤੋਂ ਬਾਅਦ ਵੈਨੇਜ਼ੁਏਲਾ ਦੀ ਸੱਤਾ ਸੰਭਾਲਣ ਲਈ ਮਚਾਡੋ ਦੀ ਯੋਗਤਾ ਅਤੇ ਭਰੋਸੇਯੋਗਤਾ 'ਤੇ ਜਨਤਕ ਤੌਰ 'ਤੇ ਸਵਾਲ ਚੁੱਕੇ ਹਨ। ਹਾਲਾਂਕਿ ਨੋਬਲ ਇੰਸਟੀਚਿਊਟ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਮਚਾਡੋ ਨਿਯਮਾਂ ਅਨੁਸਾਰ ਆਪਣਾ ਪੁਰਸਕਾਰ ਕਿਸੇ ਹੋਰ ਨੂੰ ਨਹੀਂ ਦੇ ਸਕਦੀ, ਪਰ ਇਸ ਸੰਕੇਤਕ ਕਦਮ ਨੂੰ ਕੂਟਨੀਤਕ ਹਲਕਿਆਂ ਵਿੱਚ ਬੇਹੱਦ ਅਸਧਾਰਨ ਮੰਨਿਆ ਜਾ ਰਿਹਾ ਹੈ, ਖਾਸ ਕਰਕੇ ਇਸ ਲਈ ਕਿਉਂਕਿ ਟਰੰਪ ਨੇ ਮਚਾਡੋ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪਾਸੇ ਕਰ ਦਿੱਤਾ ਹੈ, ਜੋ ਲੰਬੇ ਸਮੇਂ ਤੋਂ ਵੈਨੇਜ਼ੁਏਲਾ ਵਿੱਚ ਤਾਨਾਸ਼ਾਹੀ ਵਿਰੁੱਧ ਸੰਘਰਸ਼ ਦਾ ਮੁੱਖ ਚਿਹਰਾ ਰਹੀ ਹੈ।



ਟਰੰਪ ਨੇ ਮਾਦੂਰੋ ਦੀ ਸਾਬਕਾ ਸਹਿਯੋਗੀ ਅਤੇ ਮੌਜੂਦਾ ਕਾਰਜਕਾਰੀ ਰਾਸ਼ਟਰਪਤੀ ਡੈਲਸੀ ਰੋਡਰਿਗਜ਼ ਨਾਲ ਮਿਲ ਕੇ ਕੰਮ ਕਰਨ ਦੇ ਸੰਕੇਤ ਦਿੱਤੇ ਹਨ, ਜੋ ਕਿ ਮਾਦੂਰੋ ਦੇ ਸ਼ਾਸਨ ਵਿੱਚ ਦੂਜੇ ਨੰਬਰ 'ਤੇ ਸੀ। ਮਚਾਡੋ ਨੇ ਵ੍ਹਾਈਟ ਹਾਊਸ ਤੋਂ ਬਾਹਰ ਨਿਕਲਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਇਹ ਸਨਮਾਨ ਟਰੰਪ ਦੀ 'ਆਜ਼ਾਦੀ ਪ੍ਰਤੀ ਵਿਲੱਖਣ ਵਚਨਬੱਧਤਾ' ਦੇ ਸਤਿਕਾਰ ਵਜੋਂ ਉਨ੍ਹਾਂ ਨੂੰ ਸੌਂਪਿਆ ਹੈ। ਟਰੰਪ ਨੇ ਬਾਅਦ ਵਿੱਚ ਸੋਸ਼ਲ ਮੀਡੀਆ 'ਤੇ ਇਸ ਦੀ ਪੁਸ਼ਟੀ ਕਰਦਿਆਂ ਲਿਖਿਆ ਕਿ ਮਚਾਡੋ ਨੇ ਮੈਡਲ ਉਨ੍ਹਾਂ ਕੋਲ ਰੱਖਣ ਲਈ ਛੱਡ ਦਿੱਤਾ ਹੈ ਅਤੇ ਉਨ੍ਹਾਂ ਨੇ ਮਚਾਡੋ ਨੂੰ ਇੱਕ 'ਸ਼ਾਨਦਾਰ ਔਰਤ' ਦੱਸਦੇ ਹੋਏ ਇਸ ਨੂੰ ਆਪਸੀ ਸਤਿਕਾਰ ਦਾ ਪ੍ਰਤੀਕ ਦੱਸਿਆ।

# ਦਸਤਾਰਧਾਰੀ ਸਿੱਖ ਨੇ ਵਾਸ਼ਿੰਗਟਨ ਸਟੇਟ ਪੈਟਰੋਲ ਪੁਲਿਸ ਵਿੱਚ ਨੌਕਰੀ ਕੀਤੀ ਜੁਆਇਨ

ਸਿਆਟਲ/ਏ.ਟੀ.ਨਿਊਜ਼: ਸਿਆਟਲ ਅਤੇ ਪੂਰੀ ਵਾਸ਼ਿੰਗਟਨ ਸਟੇਟ ਦੇ ਸਿੱਖ ਭਾਈਚਾਰੇ ਲਈ ਪਿਛਲੇ ਦਿਨੀਂ ਇੱਕ ਵੱਡੀ ਖੁਸ਼ਖ਼ਬਰੀ ਸਾਹਮਣੇ ਆਈ ਜਦੋਂ ਇੱਕ ਪਹਿਲੇ ਦਸਤਾਰਧਾਰੀ ਸਿੱਖ ਸਤਨਾਮ ਸਿੰਘ ਨੇ ਵਾਸ਼ਿੰਗਟਨ ਸਟੇਟ ਪੈਟਰੋਲ ਪੁਲਿਸ ਵਿੱਚ ਆਪਣੀ ਨੌਕਰੀ ਜੁਆਇਨ ਕੀਤੀ। ਸਤਨਾਮ ਸਿੰਘ ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਆਦਮਪੁਰ ਇਲਾਕੇ ਦੇ ਕਾਲੜਾ ਪਿੰਡ ਨਾਲ ਸੰਬੰਧਿਤ ਹੈ। ਉਨ੍ਹਾਂ ਨੇ ਦੱਸਿਆ ਕਿ ਉਸਨੂੰ ਮਾਣ ਤੇ ਫ਼ਖ਼ਰ ਮਹਿਸੂਸ ਹੋ ਰਿਹਾ ਹੈ ਕਿ ਮੈਂ 24 ਹਫ਼ਤਿਆਂ ਦੀ ਸਖ਼ਤ ਟ੍ਰੇਨਿੰਗ ਤੋਂ ਬਾਅਦ ਆਪਣੀ ਡਿਊਟੀ ਜੁਆਇਨ ਕੀਤੀ ਹੈ। ਸਤਨਾਮ ਸਿੰਘ ਨੇ ਪਰਮਾਤਮਾ ਦਾ ਸ਼ੁਕਰਾਨਾ ਕਰਦਿਆਂ ਕਿਹਾ ਉਹ ਪੂਰੀ ਵਾਸ਼ਿੰਗਟਨ ਸਟੇਟ ਵਿੱਚ ਸਟੇਟ ਪੈਟਰੋਲ ਵਿੱਚ ਪਹਿਲਾ ਦਸਤਾਰਧਾਰੀ ਸਿੱਖ ਅਫ਼ਸਰ ਬਣਿਆ ਹੈ। ਸਤਨਾਮ ਸਿੰਘ ਨੇ ਹੋਰ ਵੀ ਸਿੱਖ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਸੁਰੱਖਿਆ ਏਜੰਸੀਆਂ ਵਿੱਚ ਸ਼ਾਮਿਲ ਹੋਣ ਲਈ ਕੋਸ਼ਿਸ਼ ਕਰਨ।



ਸਤਨਾਮ ਸਿੰਘ ਦੀ ਨਿਯੁਕਤੀ ਦੀ ਖ਼ਬਰ ਨਾਲ ਇਥੇ ਪੰਜਾਬੀ ਸਿੱਖ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਸ ਮੌਕੇ ਸਤਨਾਮ ਸਿੰਘ ਨੂੰ ਸ਼ੁੱਭਕਾਮਨਾਵਾਂ ਦੇਣ ਵਾਲਿਆਂ ਵਿੱਚ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਮੈਰਿਸਵੈਲ ਦੇ **(ਬਾਕੀ ਸਫ਼ਾ 27 'ਤੇ)**

## ਸੰਦੀਪ ਸਿੰਘ ਦੀ ਭਾਰਤ ਵਾਪਿਸੀ ਤੈਅ, ਅਪੀਲ ਰੱਦ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਸ਼ਿਕਾਗੋ, ਇਲੀਨੋਇਸ ਦੀ ਇੱਕ ਯੂ. ਐਸ. ਅਪੀਲ ਕੋਰਟ ਨੇ ਡਰੱਗ ਤਸਕਰ ਸੰਦੀਪ ਸਿੰਘ ਵੱਲੋਂ ਆਪਣੇ ਆਪ ਨੂੰ ਅਮਰੀਕਾ ਵਿੱਚੋਂ ਕੱਢੇ ਜਾਣ ਵਿਰੁੱਧ ਦਾਇਰ ਅਪੀਲ ਰੱਦ ਕਰ ਦਿੱਤੀ।

ਸੈਵਨਥ ਕੋਰਟ ਆਫ਼ ਅਪੀਲਜ ਨੇ ਆਪਣੇ ਨਿਰਨੇ ਵਿੱਚ ਕਿਹਾ ਹੈ ਕਿ ਇਮੀਗ੍ਰੇਸ਼ਨ ਅਥਾਰਟੀ ਦੁਆਰਾ ਕਥਿਤ ਪ੍ਰਕ੍ਰਿਆ ਗਲਤੀਆਂ ਉਸੇ ਦੇ ਫੈਸਲੇ ਵਿੱਚ ਅੜਿਕਾ ਨਹੀਂ ਪਾਉਂਦੀਆਂ। ਸੰਦੀਪ ਸਿੰਘ ਨੇ ਹੋਮਲੈਂਡ ਸਿਕਿਉਰਿਟੀ ਵਿਭਾਗ ਦੁਆਰਾ ਜਾਰੀ ਉਸ ਨੂੰ ਅਮਰੀਕਾ ਵਿਚੋਂ ਕੱਢੇ ਜਾਣ ਦੇ ਆਦੇਸ਼ ਨੂੰ ਇਸ ਆਧਾਰ 'ਤੇ ਚੁਣੌਤੀ ਦਿੱਤੀ ਸੀ ਕਿ ਵਿਭਾਗ ਨੇ ਪ੍ਰਕ੍ਰਿਆ ਦੌਰਾਨ ਇਮੀਗ੍ਰੇਸ਼ਨ ਨਿਯਮਾਂ ਦੀ ਉਲੰਘਣਾ ਕੀਤੀ ਹੈ ਜਿਸ ਨੂੰ ਅਦਾਲਤ ਨੇ ਰੱਦ ਕਰ ਦਿੱਤਾ। ਸੰਦੀਪ ਸਿੰਘ ਕੈਨੇਡਾ ਦਾ ਸਥਾਈ ਵਸਨੀਕ ਹੈ ਤੇ ਉਸ ਕੋਲ ਭਾਰਤੀ ਪਾਸਪੋਰਟ ਹੈ। ਉਹ ਨਵੰਬਰ 2021 ਵਿੱਚ ਕੈਨੇਡਾ ਤੋਂ ਸੈਲਾਨੀ ਵੀਜੇ 'ਤੇ ਅਮਰੀਕਾ ਵਿੱਚ ਦਾਖਲ ਹੋਇਆ ਸੀ।

# ਅਦਾਲਤ ਵੱਲੋਂ ਸੰਘੀ ਫ਼ੰਡਾਂ ਦਾ ਰਾਜਸੀਕਰਨ ਕਰਨ ਲਈ ਟਰੰਪ ਪ੍ਰਸ਼ਾਸਨ ਨੂੰ ਝਾੜ

## ਊਰਜਾ ਵਿਭਾਗ ਨੂੰ ਗ੍ਰਾਂਟਾਂ ਜਾਰੀ ਕਰਨ ਦਾ ਆਦੇਸ਼

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਯੂ. ਐਸ. ਡਿਸਟ੍ਰਿਕਟ ਜੱਜ ਅਮਿਤ ਪੀ. ਮਹਿਤਾ ਨੇ ਅਰਬਾਂ ਡਾਲਰਾਂ ਦੀਆਂ ਸੰਘੀ ਊਰਜਾ ਗਰਾਂਟਾਂ ਰੱਦ ਕਰਨ ਦੇ ਮਾਮਲੇ 'ਤੇ ਟਰੰਪ ਪ੍ਰਸ਼ਾਸਨ ਨੂੰ ਵੱਡਾ ਝਟਕਾ ਦਿੰਦਿਆਂ ਆਪਣੇ ਫ਼ੈਸਲੇ ਵਿੱਚ ਕਿਹਾ ਹੈ ਕਿ ਅਜਿਹਾ ਕਰਕੇ ਉਸ ਨੇ ਸੰਵਿਧਾਨ ਦੀ ਉਲੰਘਣਾ ਕੀਤੀ ਹੈ ਜੋ ਸੰਵਿਧਾਨ ਸਾਰੇ ਅਮਰੀਕੀਆਂ ਦੀ ਭਲਾਈ ਦੀ ਗੱਲ ਕਰਦਾ ਹੈ। ਜੱਜ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਵੱਲੋਂ ਸੰਘੀ ਫੰਡਾਂ ਦਾ ਰਾਜਸੀਕਰਨ ਕਰਨਾ ਅਣਉਚਿੱਤ ਹੈ।

ਆਪਣੇ 17 ਸਫ਼ਿਆਂ ਦੇ ਨਿਰਨੇ ਵਿੱਚ ਜੱਜ ਨੇ ਕਿਹਾ ਕਿ ਊਰਜਾ ਵਿਭਾਗ ਨੇ ਮੋਟੇ ਤੌਰ 'ਤੇ ਊਰਜਾ ਤੇ ਵਾਤਾਵਰਣ ਨਾਲ ਸਬੰਧਤ 8 ਅਰਬ ਡਾਲਰ ਦੀਆਂ ਗਰਾਂਟਾਂ ਰਾਜਸੀ ਆਧਾਰ 'ਤੇ ਰੱਦ ਕੀਤੀਆਂ ਹਨ ਜੋ ਪੰਜਵੀਂ ਸੋਧ ਦੀ ਉਲੰਘਣਾ ਹੈ ਜੋ ਸੋਧ ਸਾਰੇ ਰਾਜਾਂ ਨੂੰ ਬਰਾਬਰ ਹਿਫਾਜਤ ਦੀ ਗਰੰਟੀ ਦਿੰਦੀ ਹੈ। ਜੱਜ ਨੇ ਵਿਭਾਗ ਨੂੰ ਆਦੇਸ਼ ਦਿੱਤਾ ਕਿ ਉਹ 27.60 ਕਰੋੜ ਡਾਲਰ ਦੀਆਂ ਵਿਸ਼ੇਸ਼ ਗਰਾਂਟਾਂ ਬਹਾਲ ਕਰੇ। ਜੱਜ ਨੇ ਆਪਣੇ ਨਿਰਨੇ ਵਿੱਚ ਸਪੱਸ਼ਟ ਕੀਤਾ ਕਿ ਸੰਘੀ ਸਰਕਾਰ ਆਪਣੀ ਵਿੱਤੀ ਸ਼ਕਤੀ ਨੂੰ ਰਾਜਸੀ ਹਥਿਆਰ ਦੇ ਤੌਰ 'ਤੇ ਨਹੀਂ ਵਰਤ ਸਕਦੀ।

ਉਨਾਂ ਕਿਹਾ ਕਿ ਸੰਵਿਧਾਨ ਵਿੱਚ ਅਜਿਹੀ ਕੋਈ ਛੋਟ ਨਹੀਂ ਹੈ ਜਿਸ ਤਹਿਤ ਸਰਕਾਰ ਦਾ ਸਮਰਥਨ ਨਾ ਕਰਨ ਵਾਲੇ ਰਾਜਾਂ ਦੇ ਫੰਡਾਂ ਨੂੰ ਰੋਕਿਆ ਜਾ ਸਕਦਾ ਹੋਵੇ। ਜੱਜ ਨੇ ਸਬੂਤਾਂ ਦਾ ਹਵਾਲਾ ਵੀ ਦਿੱਤਾ ਜਿਨ੍ਹਾਂ ਤੋਂ ਸਪੱਸ਼ਟ ਹੁੰਦਾ ਹੈ ਕਿ 2024 ਦੀਆਂ ਚੋਣਾਂ ਵਿੱਚ ਡੋਨਾਲਡ ਟਰੰਪ ਦਾ ਸਮਰਥਨ ਨਾ ਕਰਨ ਵਾਲੇ ਰਾਜਾਂ ਦੀਆਂ ਗਰਾਂਟਾਂ ਖਤਮ ਕੀਤੀਆਂ ਗਈਆਂ ਹਨ। ਜੱਜ ਨੇ ਇਹ ਫੈਸਲਾ ਸੇਂਟ ਪਾਲ, ਮਿਨੀਸੋਟਾ ਸਮੇਤ ਵਾਤਾਵਰਣ ਨਾਲ ਸਬੰਧਿਤ ਕਈ ਸੰਗਠਨਾਂ ਦੁਆਰਾ ਦਾਇਰ ਪਟੀਸ਼ਨ 'ਤੇ ਸੁਣਾਇਆ ਹੈ।

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਡਾ. ਸਤਿੰਦਰ ਸਰਤਾਜ ਨੇ ਡਾ. ਐਮ.ਐਸ. ਰੰਧਾਵਾ ਲਈ ਇੱਕ ਸ਼ਾਨਦਾਰ ਯਾਦਗਾਰ ਦੀ ਯੋਜਨਾ ਬਣਾਉਣ ਲਈ ਪਹਿਲੀ ਮੀਟਿੰਗ ਦੀ ਕੀਤੀ ਮੇਜ਼ਬਾਨੀ














ਹਾਲ ਹੀ ਵਿੱਚ, ਡਾ. ਸਤਿੰਦਰ ਸਰਤਾਜ ਨੇ ਡਾ. ਐਮ.ਐਸ. ਰੰਧਾਵਾ ਦੇ ਪਰਿਵਾਰ ਦੇ ਨਾਲ-ਨਾਲ ਪ੍ਰਮੁੱਖ ਸਿੱਖਿਆ ਸ਼ਾਸਤਰੀਆਂ ਅਤੇ ਭਾਈਚਾਰਕ ਨੁਮਾਇੰਦਿਆਂ ਨੇ ਇੱਕ ਮਹੱਤਵਪੂਰਨ ਅਤੇ ਵਿਚਾਰ-ਚਰਚਾ ਮੀਟਿੰਗ ਦੀ ਮੇਜ਼ਬਾਨੀ ਕੀਤੀ। ਇਸ ਮੀਟਿੰਗ ਦਾ ਉਦੇਸ਼ ਡਾ. ਰੰਧਾਵਾ ਦੇ ਪੰਜਾਬ ਵਿੱਚ ਅਸਾਧਾਰਨ ਅਤੇ ਸਥਾਈ ਯੋਗਦਾਨ ਦਾ ਸਨਮਾਨ ਕਰਨ ਲਈ ਇੱਕ ਮਹੱਤਵਪੂਰਨ ਪਹਿਲਕਦਮੀ 'ਤੇ ਵਿਚਾਰ-ਵਟਾਂਦਰਾ ਕਰਨਾ ਸੀ।ਇਸ ਚਰਚਾ ਦੌਰਾਨ, ਸਾਰੇ ਭਾਗੀਦਾਰ ਸਰਬਸੰਮਤੀ ਨਾਲ ਸਹਿਮਤ ਹੋਏ ਕਿ ਡਾ. ਐਮ.ਐਸ. ਰੰਧਾਵਾ ਦੀ ਪੰਜਾਬ ਦੀ ਸੱਭਿਆਚਾਰਕ, ਵਾਤਾਵਰਣਕ, ਕਲਾਤਮਕ ਅਤੇ ਬੌਧਿਕ ਚੇਤਨਾ ਨੂੰ ਆਕਾਰ ਦੇਣ ਵਿੱਚ ਭੂਮਿਕਾ ਸੱਚਮੁੱਚ ਡੂੰਘੀ ਸੀ ਅਤੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਦੇ ਅਨੁਸਾਰ ਵਧੇਰੇ ਮਾਨਤਾ ਦੇ ਹੱਕਦਾਰ ਸੀ। ਸਮੂਹਿਕ ਤੌਰ 'ਤੇ ਇਹ ਮਹਿਸੂਸ ਕੀਤਾ ਗਿਆ ਕਿ ਪ੍ਰਸਤਾਵਿਤ ਯਾਦਗਾਰ ਇੱਕ ਰਵਾਇਤੀ ਢਾਂਚੇ ਦੇ ਵਿਚਾਰ ਤੋਂ ਪਰੇ ਹੋਣੀ ਚਾਹੀਦੀ ਹੈ ਅਤੇ ਇੱਕ ਜੀਵਤ ਸੰਸਥਾ ਵਿੱਚ ਵਿਕਸਤ ਹੋਣੀ ਚਾਹੀਦੀ ਹੈ - ਇੱਕ ਅਜਿਹੀ ਸੰਸਥਾ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਡਾ. ਰੰਧਾਵਾ ਦੀ ਵਿਰਾਸਤ ਨੂੰ ਸਿੱਖਿਆ, ਪ੍ਰੇਰਨਾ ਅਤੇ ਸੰਭਾਲ ਦੇਵੇਗੀ।ਡਾ. ਰੰਧਾਵਾ ਦੇ ਜੀਵਨ ਅਤੇ ਕਾਰਜ ਪ੍ਰਤੀ ਡੂੰਘਾ ਸਤਿਕਾਰ ਪ੍ਰਗਟ ਕਰਦੇ ਹੋਏ, ਡਾ. ਸਤਿੰਦਰ ਸਰਤਾਜ ਨੇ ਇਸ ਪਹਿਲਕਦਮੀ ਲਈ ਆਪਣਾ ਪੂਰਾ ਨਿੱਜੀ ਅਤੇ ਪੇਸ਼ੇਵਰ ਸਮਰਥਨ ਦੇਣ ਦਾ ਵਾਅਦਾ ਕੀਤਾ। ਇਸ ਯਤਨ ਦੀ ਗੰਭੀਰਤਾ ਨੂੰ ਦਰਸਾਉਂਦੇ ਹੋਏ ਇੱਕ ਮਹੱਤਵਪੂਰਨ ਵਚਨਬੱਧਤਾ ਵਿੱਚ, ਡਾ. ਸਰਤਾਜ ਨੇ ਇਸ ਪ੍ਰੋਜੈਕਟ ਲਈ ਵਿੱਤੀ ਜ਼ਿੰਮੇਵਾਰੀ ਵੀ ਸੰਭਾਲੀ। ਇਹ ਵੀ ਫੈਸਲਾ ਕੀਤਾ ਗਿਆ ਕਿ ਇਸ ਪਹਿਲਕਦਮੀ (ਜੇਕਰ ਜ਼ਰੂਰੀ ਹੋਵੇ) ਨੂੰ ਸਰਤਾਜ ਫਾਊਂਡੇਸ਼ਨ ਰਾਹੀਂ ਢਾਂਚਾਗਤ ਅਤੇ ਲਾਗੂ ਕੀਤਾ ਜਾਵੇਗਾ, ਜੋ ਪਾਰਦਰਸ਼ਤਾ, ਜਵਾਬਦੇਹੀ ਅਤੇ ਉਦੇਸ਼-ਅਧਾਰਿਤ ਪਹੁੰਚ ਨੂੰ ਯਕੀਨੀ ਬਣਾਏਗਾ।

ਇਸ ਪਹਿਲੀ ਮੀਟਿੰਗ 'ਚ ਆਸ਼ਾ ਗਲੈਸੀ - ਡਾ. ਐਮ.ਐਸ. ਰੰਧਾਵਾ ਦੀ ਧੀ (ਕੈਨੇਡਾ ਵਿੱਚ ਰਹਿੰਦੀ ਹੈ), ਸਤਿੰਦਰ ਸਿੰਘ ਰੰਧਾਵਾ (ਡਾ. ਐਮ.ਐਸ. ਰੰਧਾਵਾ ਦਾ ਪੋਤਾ), ਰਣਜੀਤ ਸਿੰਘ ਰੰਧਾਵਾ (ਡਾ. ਐਮ.ਐਸ. ਰੰਧਾਵਾ ਦਾ ਪੋਤਾ), ਭੁਪਿੰਦਰ ਸਿੰਘ ਰੰਧਾਵਾ (ਡਾ. ਐਮ.ਐਸ. ਰੰਧਾਵਾ ਦਾ ਭਤੀਜਾ), ਗੁਰਬਚਨ ਸਿੰਘ ਸਿੰਗਾਰਾ (ਬੋਦਲ ਪਿੰਡ ਦਾ ਵਸਨੀਕ; ਭਾਈਚਾਰੇ ਦੇ ਪ੍ਰਤੀਨਿਧੀ ਹੁਣ ਕੈਨੇਡਾ ਵਿੱਚ ਰਹਿ ਰਹੇ ਹਨ), ਸਤਿੰਦਰ ਸਿੰਘ ਮਿੱਠੀ (ਕਮਿਊਨਿਟੀ ਮੈਂਬਰ; ਕੈਨੇਡਾ ਵਿੱਚ ਰਹਿੰਦੇ ਹਨ), ਅਕਸ਼ਦੀਪ ਸਿੰਘ (ਬੋਦਲ ਪਿੰਡ ਤੋਂ ਚੁਣੇ ਗਏ ਪੰਚ ਮੈਂਬਰ), ਪ੍ਰੀਤਪਾਲ ਸਿੰਘ ਸੋਨੀ (ਬੋਦਲ ਪਿੰਡ ਦਾ ਨਿਵਾਸੀ ਤੇ ਮੀਟਿੰਗ ਕੋਆਰਡੀਨੇਟਰ), ਡਾ. ਰਵੀਦਿਤ ਸਿੰਘ (ਸਿੱਖਿਆ ਸ਼ਾਸਤਰੀ ਅਤੇ ਜੀਵਨੀ ਅਧਿਐਨਾਂ ਵਿੱਚ ਮਾਹਰ ਖੋਜਕਰਤਾ), ਡਾ. ਜਸਵਿੰਦਰ ਸਿੰਘ (ਪ੍ਰਿੰਸੀਪਲ, ਗੁਰੂ ਗੋਬਿੰਦ ਸਿੰਘ ਕਾਲਜ), ਡਾ. ਮਨਦੀਪ ਸ਼ਰਮਾ (ਵਿਭਾਗ ਮੁਖੀ (ਪੰਜਾਬੀ), ਡੀਏਵੀ ਕਾਲਜ, ਚੰਡੀਗੜ੍ਹ), ਜਸਜੀਤ ਸਿੰਘ(ਪ੍ਰਤੀਨਿਧੀ, ਸਰਤਾਜ ਫਾਊਂਡੇਸ਼ਨ) ਨੇ ਭਾਗ ਲਿਆ। ਇਸ ਇਤਿਹਾਸਕ ਪਹਿਲਕਦਮੀ ਨੂੰ ਠੋਸ ਰੂਪ ਦੇਣ ਲਈ ਹੋਰ ਸਲਾਹ-ਮਸ਼ਵਰੇ ਅਤੇ ਢਾਂਚਾਗਤ ਯੋਜਨਾਬੰਦੀ ਸੈਸ਼ਨ ਹੋਣਗੇ, ਇਹ ਯਕੀਨੀ ਬਣਾਉਂਦੇ ਹੋਏ ਕਿ ਡਾ. ਐਮ.ਐਸ. ਰੰਧਾਵਾ ਦਾ ਦ੍ਰਿਸ਼ਟੀਕੋਣ ਅਤੇ ਕਦਰਾਂ-ਕੀਮਤਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਪੰਜਾਬ ਨੂੰ ਮਾਰਗਦਰਸ਼ਨ, ਪ੍ਰੇਰਨਾ ਅਤੇ ਰੌਸ਼ਨ ਕਰਦੀਆਂ ਰਹਿਣ।

# ਵਿਕਟੋਰੀਆ ਬੁਸ਼ਫਾਇਰ ਵਿੱਚ ਸਿੱਖਾਂ ਨੇ ਸੇਵਾ ਨਾਲ ਗੋਰਿਆਂ ਦਾ ਦਿਲ ਜਿੱਤਿਆ

## ਨਸਲਵਾਦ ਵਿਰੁੱਧ ਸਿੱਖਾਂ ਨੇ ਸ਼ਾਂਤੀ-ਸੇਵਾ ਨਾਲ ਲਹਿਰ ਉਸਾਰੀ

## ਆਸਟ੍ਰੇਲੀਆ ਵਿੱਚ ਸਿੱਖਾਂ ਦਾ ਰਾਜਨੀਤੀ ਉੱਪਰ ਪ੍ਰਭਾਵ ਵਧਿਆ









ਪਿਛਲੇ ਦਿਨਾਂ ਦੌਰਾਨ ਆਸਟ੍ਰੇਲੀਆ ਦੇ ਵਿਕਟੋਰੀਆ ਸੂਬੇ ਵਿੱਚ ਭਿਆਨਕ ਜੰਗਲੀ ਅੱਗਾਂ ਨੇ ਵੱਡਾ ਵਿਨਾਸ਼ ਮਚਾਇਆ ਸੀ। ਇਹ ਅੱਗਾਂ ਤੇਜ਼ੀ ਨਾਲ ਫੈਲੀਆਂ ਅਤੇ ਸੈਂਕੜੇ ਘਰਾਂ, ਜੰਗਲਾਂ ਅਤੇ ਖੇਤਾਂ ਨੂੰ ਸਾੜ ਕੇ ਰਾਖ ਕਰ ਦਿੱਤਾ ਸੀ। ਹਜ਼ਾਰਾਂ ਲੋਕਾਂ ਨੂੰ ਆਪਣੇ ਘਰ ਛੱਡ ਕੇ ਸੁਰੱਖਿਅਤ ਥਾਵਾਂ ਵੱਲ ਭੱਜਣਾ ਪਿਆ ਸੀ। ਸੈਮੋਰ, ਮੈਨਸਫੀਲਡ ਅਤੇ ਰਫੀ ਵਰਗੇ ਛੋਟੇ ਕਸਬੇ ਸਭ ਤੋਂ ਵੱਧ ਪ੍ਰਭਾਵਿਤ ਹੋਏ ਸਨ। ਲੋਕਾਂ ਕੋਲ ਨਾ ਖਾਣਾ ਸੀ, ਨਾ ਪਾਣੀ ਅਤੇ ਨਾ ਹੀ ਆਰਾਮ ਦੀ ਜਗ੍ਹਾ। ਐਮਰਜੈਂਸੀ ਸੇਵਾਵਾਂ ਅਤੇ ਅੱਗ ਬੁਝਾਉਣ ਵਾਲੇ ਵੀ ਥੱਕ ਚੁੱਕੇ ਸਨ ਅਤੇ ਉਹਨਾਂ ਨੂੰ ਵੀ ਖਾਣ-ਪੀਣ ਦੀ ਲੋੜ ਸੀ।

ਇਸ ਸੰਕਟ ਵਿੱਚ ਸਿੱਖ ਵਲੰਟੀਅਰਜ਼ ਆਸਟ੍ਰੇਲੀਆ ਨਾਂਅ ਦਾ ਇੱਕ ਜੱਥਾ ਲੋਕਾਂ ਦੀ ਮਦਦ ਲਈ ਅੱਗੇ ਆਇਆ। ਇਹ ਸੰਗਠਨ ਸਾਲਾਂ ਤੋਂ ਆਸਟ੍ਰੇਲੀਆ ਵਿੱਚ ਵੱਖ-ਵੱਖ ਆਫ਼ਤਾਂ ਵਿੱਚ ਲੰਗਰ ਅਤੇ ਸੇਵਾ ਕਰਦਾ ਆ ਰਿਹਾ ਹੈ। ਇਸ ਵਾਰ ਵੀ ਉਹਨਾਂ ਨੇ 10 ਜਨਵਰੀ ਤੋਂ ਹੀ ਆਪਣੇ ਫੂਡ ਵੈਨਾਂ ਨੂੰ ਤਿਆਰ ਕਰਕੇ ਪ੍ਰਭਾਵਿਤ ਇਲਾਕਿਆਂ ਵੱਲ ਰਵਾਨਾ ਕੀਤਾ। ਉਹਨਾਂ ਨੇ ਦਾਲ, ਸਬਜ਼ੀਆਂ, ਰੋਟੀ, ਚੌਲ ਅਤੇ ਮਿਠਾਈ ਬਣਾ ਕੇ ਬੇਘਰ ਪਰਿਵਾਰਾਂ, ਅੱਗ ਬੁਝਾਉਣ ਵਾਲਿਆਂ ਅਤੇ ਐਮਰਜੈਂਸੀ ਵਰਕਰਾਂ ਨੂੰ ਮੁਫ਼ਤ ਵੰਡੀ। ਇਹ ਸਭ ਆਪਣੇ ਖਰਚੇ ਅਤੇ ਦਸਵੰਧ ਨਾਲ ਕੀਤਾ ਗਿਆ।

ਸਿੱਖ ਵਲੰਟੀਅਰਾਂ ਨੇ ਸੈਮੋਰ ਦੇ ਰਾਹਤ ਕੇਂਦਰ ਵਿੱਚ, ਜੋ ਲੋਕਲ ਸਪੋਰਟਸ ਕੰਪਲੈਕਸ ਵਿੱਚ ਬਣਾਇਆ ਗਿਆ ਸੀ, ਰੋਜ਼ਾਨਾ ਸੈਂਕੜੇ ਲੋਕਾਂ ਨੂੰ ਖਾਣਾ ਪਰੋਸਿਆ ਗਿਆ। ਅੱਗ ਦੇ ਭਾਂਬੜਾਂ ਵਿੱਚ ਵੀ ਉਹ ਆਪਣੀਆਂ ਵੈਨਾਂ ਨੂੰ ਚਲਾਉਂਦੇ ਰਹੇ। ਕਈ ਵਾਰ ਅੱਗ ਨੇੜੇ ਆ ਜਾਂਦੀ ਸੀ ਪਰ ਉਹ ਪਿੱਛੇ ਨਹੀਂ ਹਟੇ। ਯੂਨਾਈਟਿਡ ਸਿੱਖਸ ਵਰਗੇ ਹੋਰ ਜੱਥੇ ਵੀ ਸਹਾਇਤਾ ਲਈ ਪਹੁੰਚੇ ਅਤੇ ਗਰਮ ਖਾਣੇ ਤੇ ਜ਼ਰੂਰੀ ਸਾਮਾਨ ਵੰਡੇ।ਵਿਕਟੋਰੀਆ ਦੀ ਪ੍ਰੀਮੀਅਰ ਜੈਸਿੰਟਾ ਐਲਨ ਨੇ ਇਹਨਾਂ ਵਲੰਟੀਅਰਾਂ ਨਾਲ ਮੁਲਾਕਾਤ ਕੀਤੀ ਅਤੇ ਕਿਹਾ, 'ਸਿੱਖ ਵਲੰਟੀਅਰਜ਼ ਲੋਕਾਂ ਦੀ ਸੇਵਾ ਵਿੱਚ ਮੌਜੂਦ ਸਨ ਜੋ ਪਰਿਵਾਰਾਂ ਨੂੰ ਖਾਣਾ ਖਵਾਉਂਦੇ,ਐਮਰਜੈਂਸੀ ਕਰੂ ਨੂੰ ਮਦਦ ਕਰਦੇ ਰਹੇ ਸਨ। ਇਹਨਾਂ ਨੇ ਸੰਕਟ ਵਿੱਚ ਫ਼ਸੇ ਲੋਕਾਂ ਦਾ ਹੌਂਸਲਾ ਵਧਾਇਆ ਸੀ ਅਤੇ ਰਾਹਤ ਕੇਂਦਰਾਂ ਵਿੱਚ ਵੀ ਮਦਦ ਕੀਤੀ ਸੀ।'

ਇਹ ਸਾਖੀ ਸਾਨੂੰ ਯਾਦ ਕਰਵਾਉਂਦੀ ਹੈ ਕਿ ਸੱਚੀ ਮਨੁੱਖਤਾ ਧਰਮ ਜਾਂ ਦੇਸ਼ ਦੀਆਂ ਹੱਦਾਂ ਤੋਂ ਉੱਪਰ ਹੁੰਦੀ ਹੈ। ਸਿੱਖ ਭਾਈਚਾਰਾ ਹਰ ਮੁਸੀਬਤ ਵਿੱਚ ਲੋਕਾਂ ਦੀ ਸਹਾਇਤਾ ਲਈ ਪਹਿਲਾਂ ਪਹੁੰਚਦਾ ਹੈ ਅਤੇ ਬਿਨਾਂ ਉਮੀਦ ਤੋਂ ਸੇਵਾ ਕਰਦਾ ਹੈ। ਜਦੋਂ ਸੰਸਾਰ ਨਫਰਤਾਂ, ਨਸਲਵਾਦ ਅਤੇ ਜਾਤ-ਪਾਤ ਵਿੱਚ ਸੜ ਰਿਹਾ ਹੈ, ਤਾਂ ਸਿੱਖ ਪੰਥ ਦੇ ਲੋਕ ਸੇਵਾ ਅਤੇ ਲੰਗਰ ਨਾਲ ਸੰਕਟ ਵਿੱਚ ਫਸੀ ਮਨੁੱਖਤਾ ਲਈ ਸਰਗਰਮ ਹਨ। ਆਸਟ੍ਰੇਲੀਆ ਵਿੱਚ ਸਿੱਖਾਂ ਦੇ ਨਗਰ ਕੀਰਤਨ ਨੂੰ ਇੱਕ ਨਸਲਵਾਦੀ ਗਰੁੱਪ ਨੇ ਰੋਕਣ ਦੀ ਕੋਸ਼ਿਸ਼ ਕੀਤੀ ਪਰ ਸਿੱਖਾਂ ਨੇ ਕਾਨੂੰਨ ਦੀ ਪਾਲਣਾ ਕਰਦੇ ਹੋਏ ਸ਼ਾਂਤੀ ਨਾਲ ਮੁਕਾਬਲਾ ਕੀਤਾ। ਬਹੁਤੇ ਆਸਟ੍ਰੇਲੀਆ ਵਾਸੀ ਅਤੇ ਰਾਜਨੀਤਕ ਲੀਡਰ ਸਿੱਖਾਂ ਦੇ ਹੱਕ ਵਿੱਚ ਖੜ੍ਹੇ ਹੋਏ।ਸਿੱਖ ਭਾਈਚਾਰਾ ਆਸਟ੍ਰੇਲੀਆ ਵਿੱਚ ਨਸਲਵਾਦ ਵਿਰੁੱਧ ਜੂਝ ਰਿਹਾ ਹੈ। ਕਈ ਵਾਰ ਉਹਨਾਂ ਨੂੰ ਨਸਲੀ ਹਮਲਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਉਹ ਸ਼ਾਂਤੀ ਨਾਲ ਵਿਰੋਧ ਕਰਦੇ ਹਨ ਅਤੇ ਭਾਈਚਾਰੇ ਨਾਲ ਮਿਲ ਕੇ ਰਹਿੰਦੇ ਹਨ।

ਆਸਟ੍ਰੇਲੀਆ ਵਿੱਚ ਸਿੱਖਾਂ ਦਾ ਯੋਗਦਾਨ ਵੱਡਾ ਹੈ। ਉਹ 19ਵੀਂ ਸਦੀ ਤੋਂ ਇੱਥੇ ਆਏ ਅਤੇ ਕੈਮਲੀਅਰ, ਵਪਾਰੀ, ਦੁਕਾਨਦਾਰ ਵਜੋਂ ਕੰਮ ਕੀਤਾ। ਅੱਜ ਉਹ ਵਪਾਰ, ਕਲਾ, ਫ਼ੌਜ ਅਤੇ ਸਮਾਜ ਸੇਵਾ ਵਿੱਚ ਯੋਗਦਾਨ ਪਾ ਰਹੇ ਹਨ।

(ਬਾਕੀ ਸਫ਼ਾ 27 'ਤੇ)

# ਅਮਰੀਕਾ ਦੀ ਕੌਮੀ ਸੁਰੱਖਿਆ ਲਈ ਮਹੱਤਵਪੂਰਨ ਹੈ ਗਰੀਨਲੈਂਡ: ਟਰੰਪ

## ਅਮਰੀਕਾ ਦੇ ਗ੍ਰੀਨਲੈਂਡ ’ਤੇ ਕਬਜ਼ੇ ਵਿਰੁੱਧ ਦੇਸ਼ਾਂ ’ਤੇ 10 ਫ਼ੀਸਦੀ ਟੈਰਿਫ਼ ਲਾਉਣ ਦਾ ਐਲਾਨ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗ੍ਰੀਨਲੈਂਡ ਨੂੰ ਕੌਮੀ ਸੁਰੱਖਿਆ ਲਈ ਮਹੱਤਵਪੂਰਨ ਦੱਸਿਆ ਹੈ। ਟਰੰਪ ਅਕਸਰ ਜਨਤਕ ਮੰਚਾਂ ’ਤੇ ਗ੍ਰੀਨਲੈਂਡ ਦੇ ਕੰਟਰੋਲ ਦੀ ਗੱਲ ਕਰਦੇ ਰਹੇ ਹਨ। ਹਾਲ ਹੀ ਵਿੱਚ, ਟਰੰਪ ਨੇ ਉਨ੍ਹਾਂ ਯੂਰਪੀ ਦੇਸ਼ਾਂ ’ਤੇ 10 ਫ਼ੀਸਦੀ ਟੈਕਸ ਲਾਉਣ ਦਾ ਐਲਾਨ ਕੀਤਾ ਹੈ ਜਿਹੜੇ ਅਮਰੀਕਾ ਦੇ ਗ੍ਰੀਨਲੈਂਡ ’ਤੇ ਕਬਜ਼ੇ ਵਿਰੁੱਧ ਹਨ।




**ਕਿਉਂ ਮਹੱਤਵਪੂਰਨ ਹੈ ਗ੍ਰੀਨਲੈਂਡ ?**

ਆਰਕਟਿਕ ਖੇਤਰ ਵਿੱਚ ਸਥਿਤ ਗ੍ਰੀਨਲੈਂਡ ਨਾਟੋ ਮੈਂਬਰ ਡੈਨਮਾਰਕ ਦਾ ਇੱਕ ਅਰਧ-ਖੁਦਮੁਖਤਿਆਰ ਖੇਤਰ ਹੈ। ਭੂਗੋਲਿਕ ਹਾਲਾਤ ਇਸ ਨੂੰ ਰਣਨੀਤਕ ਤੌਰ ’ਤੇ ਬਹੁਤ ਮਹੱਤਵਪੂਰਨ ਬਣਾਉਂਦੇ ਹਨ। ਉੱਤਰੀ ਅਟਲਾਂਟਿਕ, ਆਰਕਟਿਕ ਮਹਾਂਸਾਗਰ ਅਤੇ ਰੂਸ ਨਾਲ ਇਸ ਦੀ ਨੇੜਤਾ ਇਸ ਦੀ ਫ਼ੌਜੀ ਅਤੇ ਨਿਗਰਾਨੀ ਸਮਰੱਥਾਵਾਂ ਨੂੰ ਵਿਸ਼ੇਸ਼ ਬਣਾਉਂਦੀ ਹੈ।

**ਫ਼ੌਜ ਭੇਜ ਕੇ ਕਬਜ਼ਾ ਮੁਸ਼ਕਿਲ ਕਿਉਂ ਹੈ:**

**ਪਹਿਲਾ ਕਾਰਨ**

ਗ੍ਰੀਨਲੈਂਡ ’ਤੇ ਕਬਜ਼ਾ ਕਰਨ ਲਈ ਅਮਰੀਕੀ ਫ਼ੌਜਾਂ ਭੇਜਣਾ ਨਾ ਸਿਰਫ਼ ਇੱਕ ਫ਼ੌਜੀ ਫੈਸਲਾ ਹੋਵੇਗਾ, ਸਗੋਂ ਇੱਕ ਗੰਭੀਰ ਕਾਨੂੰਨੀ ਅਤੇ ਸਿਆਸੀ ਟਕਰਾਅ ਵੀ ਹੋਵੇਗਾ। ਸਭ ਤੋਂ ਵੱਡੀ ਰੁਕਾਵਟ ਸੱਤਾ ਨਾਲ ਸਬੰਧਿਤ ਹੈ। ਡੈਨਮਾਰਕ ਦੀ ਸਹਿਮਤੀ ਤੋਂ ਬਿਨਾਂ ਉੱਥੇ ਕੀਤੀ ਗਈ ਕੋਈ ਵੀ ਫ਼ੌਜੀ ਕਾਰਵਾਈ ਅੰਤਰਰਾਸ਼ਟਰੀ ਕਾਨੂੰਨ ਤਹਿਤ ਸਿੱਧਾ ਹਮਲਾ ਮੰਨਿਆ ਜਾਵੇਗਾ।

**ਦੂਜਾ ਕਾਰਨ**

ਦੂਜਾ ਅਤੇ ਹੋਰ ਵੀ ਮਹੱਤਵਪੂਰਨ ਕਾਰਨ ਨਾਟੋ ਹੈ। ਅਮਰੀਕਾ ਅਤੇ ਡੈਨਮਾਰਕ ਦੋਵੇਂ ਨਾਟੋ ਮੈਂਬਰ ਹਨ। ਨਾਟੋ ਸੰਧੀ ਦੇ ਆਰਟੀਕਲ 5 ਅਨੁਸਾਰ, ਇੱਕ ਮੈਂਬਰ ’ਤੇ ਹਮਲਾ ਪੂਰੇ ਗੱਠਜੋੜ ’ਤੇ ਹਮਲਾ ਮੰਨਿਆ ਜਾਂਦਾ ਹੈ। ਇਸ ਲਈ, ਗ੍ਰੀਨਲੈਂਡ ਵਿੱਚ ਜ਼ਬਰਦਸਤੀ ਅਮਰੀਕੀ ਫ਼ੌਜੀ ਕਾਰਵਾਈ ਅਮਰੀਕਾ ਨੂੰ ਆਪਣੇ ਫ਼ੌਜੀ ਗੱਠਜੋੜ ਵਿਰੁੱਧ ਖੜ੍ਹਾ ਕਰ ਦੇਵੇਗੀ, ਜੋ ਕਿ ਚੁਣੌਤੀਪੂਰਨ ਹੋਵੇਗਾ।

**ਤੀਜਾ ਕਾਰਨ**

ਤੀਜਾ ਵੱਡਾ ਪਹਿਲੂ ਸਥਾਨਕ ਵਿਰੋਧ ਹੈ। ਗ੍ਰੀਨਲੈਂਡ ਦੇ ਲੋਕ ਅਤੇ ਸਿਆਸੀ ਲੀਡਰਸ਼ਿਪ ਨੇ ਸਾਫ਼ ਕਰ ਦਿੱਤਾ ਹੈ ਕਿ ਉਹ ਕਿਸੇ ਵੀ ਅਮਰੀਕੀ ਕਬਜ਼ੇ ਨੂੰ ਸਵੀਕਾਰ ਨਹੀਂ ਕਰਨਗੇ। ਰਾਜਧਾਨੀ ਨੂਕ ਵਿੱਚ ਅਮਰੀਕੀ ਕੌਂਸਲੇਟ ਦੇ ਬਾਹਰ ਹੋਏ ਵੱਡੇ ਪ੍ਰਦਰਸ਼ਨ ਇਹ ਦਰਸਾਉਂਦੇ ਹਨ ਕਿ ਸਥਾਨਕ ਪੱਧਰ ’ਤੇ ਕਿਸੇ ਵੀ ਦਬਾਅ ਜਾਂ ਸੌਦੇ ਦੀ ਗੁੰਜਾਇਸ਼ ਬਹੁਤ ਘੱਟ ਹੈ।

**ਟੈਰਿਫ਼, ਆਰਥਿਕ ਦਬਾਅ, ਫ਼ੌਜੀ ਨਹੀਂ**

ਗ੍ਰੀਨਲੈਂਡ ਮੁੱਦੇ ’ਤੇ ਅਮਰੀਕਾ ਦੇ ਰੁਖ਼ ਦਾ ਵਿਰੋਧ ਕਰਨ ਵਾਲੇ ਯੂਰਪੀ ਦੇਸ਼ਾਂ ’ਤੇ 10 ਫ਼ੀਸਦੀ ਦਰਾਮਦ ਟੈਰਿਫ ਦੇ ਐਲਾਨ ਨੂੰ ਆਰਥਿਕ ਦਬਾਅ ਦੀ ਰਣਨੀਤੀ ਵਜੋਂ ਦੇਖਿਆ ਜਾ ਰਿਹਾ ਹੈ।

(ਬਾਕੀ ਸਫ਼ਾ 26 ’ਤੇ)

## ਟਰੰਪ ਨੇ ਕੈਨੇਡਾ ਅਤੇ ਗ੍ਰੀਨਲੈਂਡ ਨੂੰ ਅਮਰੀਕਾ ਦੇ ਹਿੱਸੇ ਦੱਸਿਆ

ਵਾਸ਼ਿੰਗਟਨ/ਏ.ਟੀ.ਨਿਊਜ਼: ਗ੍ਰੀਨਲੈਂਡ ’ਤੇ ਕਬਜ਼ਾ ਕਰਨ ਦਾ ਡੋਨਾਲਡ ਟਰੰਪ ਦਾ ਜਨੂੰਨ ਲਗਾਤਾਰ ਵਧਦਾ ਜਾ ਰਿਹਾ ਹੈ। ਖਾਸ ਕਰਕੇ ਵੇਨੇਜ਼ੁਏਲਾ ’ਤੇ ਫ਼ੌਜੀ ਕਾਰਵਾਈ ਤੋਂ ਬਾਅਦ ਹੁਣ ਗ੍ਰੀਨਲੈਂਡ ਟਰੰਪ ਦੇ ਨਿਸ਼ਾਨੇ ’ਤੇ ਹੈ। ਅਮਰੀਕੀ ਰਾਸ਼ਟਰਪਤੀ ਨੇ ਇੱਕ ਵਾਰ ਫਿਰ ਗ੍ਰੀਨਲੈਂਡ ’ਤੇ ਅਮਰੀਕੀ ਕਬਜ਼ੇ ਦੀ ਤਸਵੀਰ ਸਾਂਝੀ ਕਰਕੇ ਦੁਨੀਆ ਭਰ ਵਿੱਚ ਹਲਚਲ ਮਚਾ ਦਿੱਤੀ ਹੈ।

ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ‘ਟਰੂਥ ਸੋਸ਼ਲ’ ’ਤੇ ਇੱਕ ਤਸਵੀਰ ਸਾਂਝੀ ਕੀਤੀ ਹੈ, ਜਿਸ ਵਿੱਚ ਉਹ ਗ੍ਰੀਨਲੈਂਡ ਦੀ ਧਰਤੀ ’ਤੇ ਅਮਰੀਕੀ ਝੰਡਾ ਫੜ ਕੇ ਖੜ੍ਹੇ ਦਿਖਾਈ ਦੇ ਰਹੇ ਹਨ। ਇਸ ਫੋਟੋ ਵਿੱਚ ਉਨ੍ਹਾਂ ਦੇ ਨਾਲ ਉਪ-ਰਾਸ਼ਟਰਪਤੀ ਜੇਡੀ ਵੈਂਸ ਅਤੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਵੀ ਮੌਜੂਦ ਹਨ। ਤਸਵੀਰ ਵਿੱਚ ਇੱਕ ਬੋਰਡ ਲੱਗਾ ਹੈ ਜਿਸ ’ਤੇ ਲਿਖਿਆ ਹੈ, ‘2026 ਤੋਂ ਗ੍ਰੀਨਲੈਂਡ ਅਮਰੀਕਾ ਦਾ ਇਲਾਕਾ ਹੈ।’

ਇੱਕ ਹੋਰ ਤਸਵੀਰ ਵਿੱਚ ਟਰੰਪ ਵਾਈਟ ਹਾਊਸ ਵਿੱਚ ਯੂਰਪੀਅਨ ਨੇਤਾਵਾਂ ਨਾਲ ਬੈਠੇ ਹਨ, ਜਿੱਥੇ ਕੋਲ ਲੱਗੇ ਨਕਸ਼ੇ ਵਿੱਚ ਕੈਨੇਡਾ, ਗ੍ਰੀਨਲੈਂਡ ਅਤੇ ਵੇਨੇਜ਼ੁਏਲਾ ਨੂੰ ਅਮਰੀਕਾ ਦੇ ਹਿੱਸੇ ਵਜੋਂ ਦਿਖਾਇਆ ਗਿਆ ਹੈ। ਟਰੰਪ ਨੇ ਦੱਸਿਆ ਕਿ ਉਨ੍ਹਾਂ ਦੀ ਨਾਟੋ ਦੇ ਪ੍ਰਧਾਨ ਸਕੱਤਰ ਮਾਰਕ ਰੂਟੇ ਨਾਲ ਗੱਲਬਾਤ ਹੋਈ ਹੈ। ਟਰੰਪ ਨੇ ਸਵਿਟਜ਼ਰਲੈਂਡ ਦੇ ਦਾਵੋਸ ਵਿੱਚ ਮੀਟਿੰਗ ਤੈਅ ਕੀਤੀ ਹੈ ਅਤੇ ਸਪੱਸ਼ਟ ਕੀਤਾ ਹੈ ਕਿ ਗ੍ਰੀਨਲੈਂਡ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਲਈ ਜ਼ਰੂਰੀ ਹੈ ਅਤੇ ਉਹ ਪਿੱਛੇ ਨਹੀਂ ਹਟਣਗੇ।

# ਟਰੰਪ ਵਿਰੁੱਧ ਸੜਕਾਂ ’ਤੇ ਉੱਤਰੇ ਗ੍ਰੀਨਲੈਂਡ ਦੇ ਲੋਕ

ਗ੍ਰੀਨਲੈਂਡ/ਏ.ਟੀ.ਨਿਊਜ਼ : 20 ਜਨਵਰੀ 2025 ਨੂੰ ਸੱਤਾ ਸੰਭਾਲਣ ਤੋਂ ਬਾਅਦ ਟਰੰਪ ਨੇ ‘ਮੇਕ ਅਮਰੀਕਾ ਗ੍ਰੇਟ ਅਗੇਨ’ ਜਾਂ ‘ਮੇਗਾ’ ਦਾ ਨਾਅਰਾ ਦਿੱਤਾ। ਹੁਣ ਟਰੰਪ ਦੇ ਸੱਤਾ ਸੰਭਾਲੇ ਇੱਕ ਸਾਲ ਹੋ ਗਿਆ ਹੈ। ਇਸ ਇੱਕ ਸਾਲ ਵਿੱਚ ਟਰੰਪ ਨੇ ਕਈ ਵੱਡੇ ਫੈਸਲਿਆਂ ਨਾਲ ਦੁਨੀਆ ਨੂੰ ਹੈਰਾਨ ਕਰ ਦਿੱਤਾ ਹੈ। ਹੁਣ, ਟਰੰਪ ਗ੍ਰੀਨਲੈਂਡ ਨੂੰ ਸੰਯੁਕਤ ਰਾਜ ਅਮਰੀਕਾ ਦਾ ਹਿੱਸਾ ਬਣਾਉਣ ’ਤੇ ਅੜੇ ਹਨ। ਇਸ ਦੌਰਾਨ ਗ੍ਰੀਨਲੈਂਡ ਵਿੱਚ ਟਰੰਪ ਦਾ ਵਿਆਪਕ ਵਿਰੋਧ ਹੋ ਰਿਹਾ ਹੈ।









ਗ੍ਰੀਨਲੈਂਡ ਵਿੱਚ ਲੋਕ ਸੜਕਾਂ ’ਤੇ ਉਤਰ ਆਏ ਹਨ, ਟਰੰਪ ਵਿਰੁੱਧ ਨਾਅਰੇਬਾਜ਼ੀ ਕਰ ਰਹੇ ਹਨ। ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਦੌਰਾਨ ਟਰੰਪ ਦੇ ਮੇਗਾ ਨਾਅਰੇ ਦਾ ਵੀ ਮਜ਼ਾਕ ਉਡਾਇਆ ਜਾ ਰਿਹਾ ਹੈ। ਪ੍ਰਦਰਸ਼ਨਕਾਰੀਆਂ ਨੂੰ ਟਰੰਪ ਵਰਗੀਆਂ ਲਾਲ ਟੋਪੀਆਂ ਪਾਈ ਵੇਖਿਆ ਜਾ ਰਿਹਾ ਹੈ, ਜਿਨ੍ਹਾਂ ’ਤੇ ਮੇਗਾ ਦਾ ਨਵਾਂ ਅਰਥ ਲਿਖਿਆ ਹੋਇਆ ਹੈ।

**ਮੇਗਾ ਦਾ ਇੱਕ ਨਵਾਂ ਅਰਥ**

ਗ੍ਰੀਨਲੈਂਡ ਵਿੱਚ ਪ੍ਰਦਰਸ਼ਨਕਾਰੀਆਂ ਨੇ ਫੈਸਲਾ ਕੀਤਾ ਹੈ ਕਿ ਮੇਗਾ ਦਾ ਅਰਥ ‘ਮੇਕ ਅਮਰੀਕਾ ਗੋ ਅਵੇ’ ਹੈ। ਵਿਰੋਧ ਪ੍ਰਦਰਸ਼ਨਾਂ ਦੌਰਾਨ ਇਹ ਨਾਅਰਾ ਆਮ ਹੋ ਗਿਆ ਹੈ। ਅਮਰੀਕੀ ਧੱਕੇਸ਼ਾਹੀ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਨ ਲਈ ਗ੍ਰੀਨਲੈਂਡ ਦੇ ਲੋਕਾਂ ਨੇ ਟਰੰਪ ਦੀ ਲਾਲ ਬੇਸਬਾਲ ਟੋਪੀ ਦਾ ਸਹਾਰਾ ਲਿਆ ਹੈ।

ਗ੍ਰੀਨਲੈਂਡ ਵਿੱਚ ਪ੍ਰਦਰਸ਼ਨਕਾਰੀ ਇਨ੍ਹਾਂ ਟੋਪੀਆਂ ਪਹਿਨੇ ਹੋਏ ਦਿਖਾਈ ਦੇ ਰਹੇ ਹਨ। ਕੜਾਕੇ ਦੀ ਠੰਡ ਵਿੱਚ ਵੀ ਵੱਡੀ ਗਿਣਤੀ ਵਿੱਚ ਲੋਕ ਸੜਕਾਂ ’ਤੇ ਉਤਰ ਆਏ ਹਨ। ਗ੍ਰੀਨਲੈਂਡ ਅਤੇ ਡੈਨਮਾਰਕ ਨੇ ਟਰੰਪ ਦੀਆਂ ਯੋਜਨਾਵਾਂ ’ਤੇ ਸਖ਼ਤ ਇਤਰਾਜ਼ ਜਤਾਇਆ ਹੈ। ਕਈ ਯੂਰਪੀਅਨ ਦੇਸ਼ਾਂ ਨੇ ਵੀ ਟਰੰਪ ਦੀ ਯੋਜਨਾ ਦਾ ਸਮਰਥਨ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

**ਟਰੰਪ ਵਿਰੁੱਧ ਵਿਰੋਧ ਪ੍ਰਦਰਸ਼ਨ**

ਗ੍ਰੀਨਲੈਂਡ ਵਿੱਚ ਵਿਰੋਧ ਪ੍ਰਦਰਸ਼ਨਾਂ ਦੀ ਚੰਗਿਆੜੀ ਡੈਨਿਸ਼ ਰਾਜਧਾਨੀ ਕੋਪੇਨਹੇਗਨ ਤੱਕ ਫੈਲ ਗਈ ਹੈ। ਏਬੀਸੀ ਨਿਊਜ਼ ਨਾਲ ਗੱਲ ਕਰਦੇ ਹੋਏ, ਇੱਕ ਪ੍ਰਦਰਸ਼ਨਕਾਰੀ ਨੇ ਕਿਹਾ, ‘ਮੈਂ ਗ੍ਰੀਨਲੈਂਡ ਲਈ ਆਪਣਾ ਸਮਰਥਨ ਦਿਖਾਉਣਾ ਚਾਹੁੰਦਾ ਹਾਂ ਅਤੇ ਇਹ ਦਿਖਾਉਣਾ ਚਾਹੁੰਦਾ ਹਾਂ ਕਿ ਮੈਨੂੰ ਅਮਰੀਕੀ ਰਾਸ਼ਟਰਪਤੀ ਬਿਲਕੁਲ ਵੀ ਪਸੰਦ ਨਹੀਂ ਹੈ।’ ਕੋਪੇਨਹੇਗਨ ਵਿੱਚ ਜੈਸਪਰ ਰਾਬੇ ਟੌਨਸਨ ਨਾਮ ਦੇ ਇੱਕ ਕੱਪੜਾ ਵਪਾਰੀ ਨੇ ਪਿਛਲੇ ਸਾਲ ਇਹ ਟੋਪੀਆਂ ਬਣਾਉਣੀਆਂ ਸ਼ੁਰੂ ਕੀਤੀਆਂ ਸਨ। ਹਾਲਾਂਕਿ ਲੋਕਾਂ ਨੇ ਉਸ ਸਮੇਂ ਬਹੁਤੀ ਦਿਲਚਸਪੀ ਨਹੀਂ ਦਿਖਾਈ। ਹਾਲਾਂਕਿ ਇਸ ਸਾਲ ਟੋਪੀਆਂ ਦੀ ਮੰਗ ਅਚਾਨਕ ਵਧ ਗਈ ਹੈ।

**ਕਿਵੇਂ ਆਇਆ ਮੇਗਾ ਟੋਪੀਆਂ ਦਾ ਵਿਚਾਰ ?**

ਟੌਨੇਸਨ ਦੇ ਅਨੁਸਾਰ, ‘ਜਦੋਂ ਅਮਰੀਕਾ ਨੇ ਗ੍ਰੀਨਲੈਂਡ ਵਿੱਚ ਇੱਕ ਵਫ਼ਦ ਭੇਜਿਆ ਤਾਂ ਸਾਨੂੰ ਤੁਰੰਤ ਪਤਾ ਲੱਗ ਗਿਆ ਕਿ ਟਰੰਪ ਮਜ਼ਾਕ ਨਹੀਂ ਕਰ ਰਿਹਾ ਸੀ। ਇਹ ਕੋਈ ਟੀਵੀ ਸ਼ੋਅ ਨਹੀਂ ਸੀ। ਇਸ ਲਈ ਅਸੀਂ ਸੋਚਿਆ ਕਿ ਅਸੀਂ ਕੀ ਕਰ ਸਕਦੇ ਹਾਂ। ਇਸ ਲਈ ਅਸੀਂ ਆਪਣਾ ਸੁਨੇਹਾ ਪਹੁੰਚਾਉਣ ਦਾ ਇਹ ਹਾਸੋਹੀਣਾ ਤਰੀਕਾ ਲੱਭਿਆ, ਜੋ ਲੋਕਾਂ ਤੱਕ ਸਾਡਾ ਸੁਨੇਹਾ ਆਸਾਨੀ ਨਾਲ ਪਹੁੰਚਾ ਦੇਵੇਗਾ। ਡੈਨਿਸ਼ ਲੋਕਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਸਾਨੂੰ ਮੇਗਾ, ਯਾਨੀ ਕਿ ਅਮਰੀਕਾ ਨੂੰ ਬਾਹਰ ਕੱਢਣ ਦੀ ਲੋੜ ਹੈ।

# ਕੈਨੇਡਾ ਨੇ ਆਪਣੀ ਅੰਤਰਰਾਸ਼ਟਰੀ ਯਾਤਰਾ ਐਡਵਾਈਜ਼ਰੀ ਨੂੰ ਕੀਤਾ ਅੱਪਡੇਟ

## ਕੈਨੇਡਾ ਸਰਕਾਰ ਵੱਲੋਂ ਨਾਗਰਿਕਾਂ ਨੂੰ 20 ਦੇਸ਼ਾਂ ਦੀ ਯਾਤਰਾ ਨਾ ਕਰਨ ਦੀ ਸਲਾਹ

ਵਿਨੀਪੈੱਗ/ਏ.ਟੀ.ਨਿਊਜ਼: ਕੈਨੇਡਾ ਨੇ ਆਪਣੀ ਅੰਤਰਰਾਸ਼ਟਰੀ ਯਾਤਰਾ ਐਡਵਾਈਜ਼ਰੀ ਨੂੰ ਅੱਪਡੇਟ ਕੀਤਾ ਹੈ, ਜਿਸ ਵਿੱਚ ਕੁਝ ਦੇਸ਼ਾਂ ਨੂੰ ਬਹੁਤ ਖ਼ਤਰਨਾਕ ਦੱਸਿਆ ਗਿਆ ਹੈ ਅਤੇ ਕੈਨੇਡੀਅਨ ਨਾਗਰਿਕਾਂ ਨੂੰ ਉਨ੍ਹਾਂ ਦੀ ਯਾਤਰਾ ਕਰਨ ਤੋਂ ਬਚਣ ਦੀ ਸਲਾਹ ਦਿੱਤੀ ਗਈ ਹੈ। ਨਵੀਂ ਐਡਵਾਈਜ਼ਰੀ ਵਿੱਚ ਕੈਨੇਡੀਅਨ ਨਾਗਰਿਕਾਂ ਨੂੰ ਇਰਾਨ ਅਤੇ ਵੈਨੇਜ਼ੁਏਲਾ ਸਮੇਤ ਕਈ ਦੇਸ਼ਾਂ ਦੀ ਯਾਤਰਾ ਤੋਂ ਬਚਣ ਦੀ ਅਪੀਲ ਕੀਤੀ ਗਈ ਹੈ।



ਇਸ ਸੂਚੀ ਵਿੱਚ ਇਰਾਨ, ਵੈਨੇਜ਼ੁਏਲਾ, ਰੂਸ, ਉੱਤਰੀ ਕੋਰੀਆ, ਇਰਾਕ, ਲਿਬੀਆ, ਅਫ਼ਗਾਨਿਸਤਾਨ, ਬੇਲਾ ਰੂਸ, ਬੁਰਕੀਨਾ, ਫਾਸੋ, ਮੱਧ ਅਫ਼ਰੀਕੀ ਗਣਰਾਜ ਹੈਤੀ, ਮਾਲੀ, ਦੱਖਣੀ ਸੁਡਾਨ, ਮਿਆਂਮਾਰ, ਨਾਈਜਰ, ਸੋਮਾਲੀਆ, ਸੁਡਾਨ, ਸੀਰੀਆ, ਯੁਕ੍ਰੇਨ, ਯਮਨ ਦੇਸ਼ ਸ਼ਾਮਲ ਹਨ।

ਇਸ ਤੋਂ ਇਲਾਵਾ ਭਾਰਤ ਲਈ ਐਡਵਾਈਜ਼ਰੀ ਵਿੱਚ ਵੀ ਕੈਨੇਡਾ ਨੇ ਆਪਣੀ ਯਾਤਰਾ ਦੌਰਾਨ ਬਹੁਤ ਜ਼ਿਆਦਾ ਸਾਵਧਾਨੀ ਦੀ ਲੋੜ ਵਾਲੀਆਂ ਥਾਵਾਂ ਨੂੰ ਵੀ ਸ਼ਾਮਲ ਕੀਤਾ ਹੈ।

ਭਾਰਤ ਬਾਰੇ ਦਸੰਬਰ ਵਿੱਚ ਜਾਰੀ ਕੀਤੀ ਗਈ ਇੱਕ ਯਾਤਰਾ ਐਡਵਾਈਜ਼ਰੀ ਵਿੱਚ, ਕੈਨੇਡਾ ਨੇ ਪੂਰੇ ਦੇਸ਼ ਵਿੱਚ ਅਤਿਵਾਦੀ ਹਮਲਿਆਂ ਦੇ ਜੋਖ਼ਮ ਦਾ ਹਵਾਲਾ ਦਿੰਦੇ ਹੋਏ, ਭਾਰਤ ਨੂੰ ‘ਸਭ ਤੋਂ ਵੱਧ ਸਾਵਧਾਨੀ’ ਸ਼੍ਰੇਣੀ ਵਿੱਚ ਰੱਖਿਆ। ਕੈਨੇਡੀਅਨ ਅਧਿਕਾਰੀਆਂ ਨੇ ਜੰਮੂ ਅਤੇ ਕਸ਼ਮੀਰ ਦੇ ਨਾਲ-ਨਾਲ ਗੁਜਰਾਤ, ਪੰਜਾਬ ਅਤੇ ਰਾਜਸਥਾਨ ਦੇ ਪਾਕਿਸਤਾਨ ਨਾਲ ਲੱਗਦੇ ਸਰਹੱਦੀ ਖੇਤਰਾਂ ਦੀ ਯਾਤਰਾ ਨਾ ਕਰਨ ਦੀ ਸਲਾਹ ਦਿੱਤੀ। ਇਸ ਤੋਂ ਇਲਾਵਾ ਯਾਤਰੀਆਂ ਨੂੰ ਕ੍ਰੈਡਿਟ ਕਾਰਡ ਅਤੇ ਏਟੀਐਮ ਧੋਖਾਧੜੀ ਬਾਬਤ ਡੈਬਿਟ ਜਾਂ ਕਰੈਡਿਟ ਕਾਰਡਾਂ ਦੀ ਵਰਤੋਂ ਕਰਦੇ ਸਮੇਂ ਸਾਵਧਾਨ ਰਹਿਣ, ਸੈਰ-ਸਪਾਟਾ ਖੇਤਰਾਂ ਅਤੇ ਹਵਾਈ ਅੱਡਿਆਂ ’ਤੇ ਸਾਵਧਾਨੀ ਵਰਤਣ ਵਾਸਤੇ ਅਤੇ ਔਰਤਾਂ ਨੂੰ ਵਿਸ਼ੇਸ਼ ਤੌਰ ’ਤੇ ਚੌਕਸ ਰਹਿਣਾ ਲਈ ਕਿਹਾ ਹੈ। ਇਸ ਤੋਂ ਬਿਨਾਂ ਗੋਆ, ਦਿੱਲੀ ਵਿੱਚ ਜਨਤਕ ਆਵਾਜਾਈ ਦੇ ਸਾਰੇ ਰੂਟਾਂ, ਯੋਗ ਕੇਂਦਰਾਂ, ਆਸ਼ਰਮਾਂ ਅਤੇ ਅਧਿਆਤਮਿਕ ਆਰਾਮ ਦੇ ਹੋਰ ਸਥਾਨਾਂ ਸਬੰਧੀ ਚੌਕਸ ਰਹਿਣ ਲਾਈ ਕਿਹਾ ਹੈ। ਅਸਾਮ ਅਤੇ ਮਨੀਪੁਰ ਦੇ ਉੱਤਰ-ਪੂਰਬੀ ਰਾਜਾਂ ਦੀ ਗੈਰ-ਜ਼ਰੂਰੀ ਯਾਤਰਾ ਤੋਂ ਬਚਣ ਦੀ ਵੀ ਸਲਾਹ ਦਿੱਤੀ ਗਈ ਹੈ। ਇਸ ਸੂਚੀ ਵਿੱਚ ਹੋਰ ਸ਼ਾਮਲ ਦੇਸ਼ ਚੀਨ, ਮੈਕਸੀਕੋ, ਬ੍ਰਾਜ਼ੀਲ, ਫਰਾਂਸ, ਜਰਮਨੀ, ਇਟਲੀ, ਸਪੇਨ, ਸੰਯੁਕਤ ਅਰਬ ਅਮੀਰਾਤ, ਦੱਖਣੀ ਅਫ਼ਰੀਕਾ ਤੇ ਯੂ.ਕੇ. ਹਨ।

## ਆਸਟ੍ਰੇਲੀਆ : ਇੰਟਰਨੈੱਟ ਮੀਡੀਆ ਕੰਪਨੀਆਂ ਵੱਲੋਂ 47 ਲੱਖ ਬੱਚਿਆਂ ਦੇ ਅਕਾਊਂਟ ਬੰਦ

ਸਿਡਨੀ/ਏ.ਟੀ.ਨਿਊਜ਼: ਆਸਟ੍ਰੇਲੀਆ ਵਿੱਚ ਇੰਟਰਨੈੱਟ ਮੀਡੀਆ ਕੰਪਨੀਆਂ ਨੇ 47 ਲੱਖ ਬੱਚਿਆਂ ਦੇ ਅਕਾਊਂਟ ਬੰਦ ਕਰ ਦਿੱਤੇ ਹਨ।



ਆਸਟ੍ਰੇਲੀਆ ਵਿੱਚ ਬੱਚਿਆਂ ਦੇ ਇੰਟਰਨੈੱਟ ਮੀਡੀਆ ਦੀ ਵਰਤੋਂ ਕਰਨ ’ਤੇ ਪਾਬੰਦੀ ਲਗਾਈ ਗਈ ਹੈ।

ਸਰਕਾਰ ਨੇ ਪਹਿਲੀ ਵਾਰ ਇਸ ਕਾਨੂੰਨ ਦੀ ਪਾਲਣਾ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ। ਇਸ ਕਾਨੂੰਨ ਨੂੰ ਲਾਗੂ ਕਰਨ ਅਤੇ ਉਸ ’ਤੇ ਨਜ਼ਰ ਰੱਖਣ ਲਈ ਗਠਿਤ ਰੈਗੂਲੇਟਰੀ ‘ਈ-ਸੇਫਟੀ ਕਮਿਸ਼ਨਰ’ ਨੇ ਦੱਸਿਆ ਕਿ 10 ਦਸੰਬਰ ਨੂੰ ਲਾਗੂ ਹੋਏ ਇਸ ਕਾਨੂੰਨ ਦੀ ਪਾਲਣਾ ਕਰਨ ਲਈ ਇੰਟਰਨੈੱਟ ਮੀਡੀਆ ਪਲੇਟਫਾਰਮਾਂ ਨੇ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਲਗਭਗ 47 ਲੱਖ ਅਕਾਊਂਟ ਬੰਦ ਕੀਤੇ ਹਨ।

ਇਸ ਘੋਸ਼ਣਾ ਤੋਂ ਇਲਾਵਾ ਹੋਰ ਕੋਈ ਵੇਰਵੇ ਜਾਰੀ ਨਹੀਂ ਕੀਤੇ ਗਏ। ਕਾਨੂੰਨ ਦੇ ਤਹਿਤ ਇੰਸਟਾਗ੍ਰਾਮ, ਫੇਸਬੁੱਕ, ਸਨੈਪਚੈਟ ਅਤੇ ਰੈਡਿਟ ਸਮੇਤ 10 ਇੰਟਰਨੈੱਟ ਮੀਡੀਆ ਪਲੇਟਫਾਰਮ ਬੱਚਿਆਂ ਲਈ ਵਰਜਿਤ ਹਨ। ਜੋ ਕੰਪਨੀ ਆਪਣੇ ਪਲੇਟਫਾਰਮ ’ਤੇ ਬਾਲ ਉਪਭੋਗਤਾਵਾਂ ਦੀ ਪਹੁੰਚ ਨੂੰ ਨਹੀਂ ਰੋਕੇਗੀ, ਉਸ ਨੂੰ 3 ਕਰੋੜ 30 ਲੱਖ ਡਾਲਰ ਤੱਕ ਦਾ ਜੁਰਮਾਨਾ ਭਰਨਾ ਪਵੇਗਾ।

# ਸੁਪਰੀਮ ਕੋਰਟ ਨੇ ਜਨਤਕ ਥਾਂਵਾਂ ਤੋਂ ਆਵਾਰਾ ਕੁੱਤਿਆਂ ਨੂੰ ਤੁਰੰਤ ਹਟਾਉਣ ਦੇ ਹੁਕਮ ਕਿਉਂ ਦਿੱਤੇ ?

## ➤ ਕੁੱਤਿਆਂ ਕਾਰਨ ਬੱਚਿਆਂ ਜਾਂ ਬਜ਼ੁਰਗਾਂ ਨੂੰ ਸੱਟ ਜਾਂ ਮੌਤ ਹੋਣ 'ਤੇ ਸੂਬਾ ਸਰਕਾਰਾਂ ਨੂੰ ਦੇਣਾ ਪਵੇਗਾ ਹਰਜ਼ਾਨਾ ➤ ਸੜਕਾਂ 'ਤੇ ਖਾਣਾ ਖੁਆਉਣ ਵਾਲੇ ਵੀ ਜਵਾਬਦੇਹ ਹੋਣਗੇ

ਸੁਪਰੀਮ ਕੋਰਟ ਨੇ ਆਵਾਰਾ ਕੁੱਤਿਆਂ ਦੀ ਵਧਦੀ ਸਮੱਸਿਆ 'ਤੇ ਬਹੁਤ ਸਖ਼ਤ ਰੁਖ਼ ਅਪਣਾਇਆ ਹੈ। ਇਹ ਮਾਮਲਾ ਹੁਣ ਇੱਕ ਰਾਸ਼ਟਰੀ ਸੰਕਟ ਵਾਂਗ ਬਣ ਗਿਆ ਹੈ, ਜਿੱਥੇ ਬੱਚੇ, ਬਜ਼ੁਰਗ ਅਤੇ ਆਮ ਨਾਗਰਿਕ ਰੋਜ਼ਾਨਾ ਜਾਨਲੇਵਾ ਖ਼ਤਰੇ ਵਿੱਚ ਹਨ। ਨਵੰਬਰ 2025 ਤੋਂ ਜਨਵਰੀ 2026 ਤੱਕ ਚੱਲ ਰਹੀਆਂ ਸੁਣਵਾਈਆਂ ਵਿੱਚ ਅਦਾਲਤ ਨੇ ਸਪੱਸ਼ਟ ਕਿਹਾ ਹੈ ਕਿ ਇਨਸਾਨਾਂ ਦੀ ਜਾਨ ਅਤੇ ਸੁਰੱਖਿਆ ਸਭ ਤੋਂ ਉੱਪਰ ਹੈ।

**ਸੁਪਰੀਮ ਕੋਰਟ ਦੇ ਮੁੱਖ ਆਦੇਸ਼ ਅਤੇ ਟਿੱਪਣੀਆਂ**

7 ਨਵੰਬਰ 2025 ਨੂੰ ਸੁਪਰੀਮ ਕੋਰਟ ਨੇ ਇੱਕ ਅਹਿਮ ਆਦੇਸ਼ ਜਾਰੀ ਕੀਤਾ ਸੀ। ਅਦਾਲਤ ਨੇ ਕੇਂਦਰ ਅਤੇ ਸਾਰੇ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਹੁਕਮ ਦਿੱਤਾ ਕਿ ਸਕੂਲਾਂ, ਹਸਪਤਾਲਾਂ, ਰੇਲਵੇ ਸਟੇਸ਼ਨਾਂ, ਬੱਸ ਅੱਡਿਆਂ, ਖੇਡ ਕੰਪਲੈਕਸਾਂ ਅਤੇ ਹੋਰ ਜਨਤਕ ਥਾਂਵਾਂ ਤੋਂ



ਆਵਾਰਾ ਕੁੱਤਿਆਂ ਨੂੰ ਤੁਰੰਤ ਹਟਾਇਆ ਜਾਵੇ ਅਤੇ ਉਨ੍ਹਾਂ ਨੂੰ ਨਿਰਧਾਰਤ ਸ਼ੈਲਟਰਾਂ ਵਿੱਚ ਭੇਜਿਆ ਜਾਵੇ। ਇਸ ਆਦੇਸ਼ ਨੂੰ ਲਾਗੂ ਕਰਨ ਲਈ ਐਨੀਮਲ ਵੈਲਫੇਅਰ ਬੋਰਡ ਆਫ਼ ਇੰਡੀਆ ਨੇ 27 ਨਵੰਬਰ 2025 ਨੂੰ ਇੱਕ ਵਿਸਤ੍ਰਿਤ ਸਟੈਂਡਰਡ ਆਪਰੇਟਿੰਗ ਪ੍ਰੋਸੀਜ਼ਰ ਜਾਰੀ ਕੀਤੀ ਸੀ।

ਪਰ ਜਨਵਰੀ 2026 ਵਿੱਚ, ਖਾਸ ਕਰਕੇ 13-14 ਜਨਵਰੀ ਨੂੰ ਹੋਈਆਂ ਸੁਣਵਾਈਆਂ ਵਿੱਚ ਅਦਾਲਤ ਨੇ ਬਹੁਤ ਤਿੱਖੀਆਂ ਟਿੱਪਣੀਆਂ ਕੀਤੀਆਂ। ਜਸਟਿਸ ਵਿਕਰਮ ਨਾਥ ਦੀ ਅਗਵਾਈ ਵਾਲੀ ਤਿੰਨ ਮੈਂਬਰੀ ਬੈਂਚ (ਜਸਟਿਸ ਸੰਦੀਪ ਮਹਿਤਾ ਅਤੇ ਜਸਟਿਸ ਐੱਨ.ਵੀ. ਅੰਜਾਰੀਆ ਨਾਲ) ਨੇ ਕਿਹਾ ਕਿ ਜੇਕਰ ਆਵਾਰਾ ਕੁੱਤਿਆਂ ਦੇ ਕੱਟਣ ਨਾਲ ਬੱਚੇ, ਬਜ਼ੁਰਗ ਜਾਂ ਕਮਜ਼ੋਰ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਜਾਂ ਗੰਭੀਰ ਸੱਟ ਲੱਗ ਜਾਂਦੀ ਹੈ ਤਾਂ ਸੂਬਾ ਸਰਕਾਰਾਂ ਨੂੰ ਭਾਰੀ ਮੁਆਵਜ਼ਾ ਦੇਣਾ ਪਵੇਗਾ। ਅਦਾਲਤ ਨੇ ਕਿਹਾ ਕਿ ਪ੍ਰਸ਼ਾਸਨ ਨੇ ਪਿਛਲੇ 75 ਸਾਲਾਂ ਵਿੱਚ ਕੁਝ ਨਹੀਂ ਕੀਤਾ, ਜਿਸ ਕਾਰਨ ਸਮੱਸਿਆ ਹਜ਼ਾਰ ਗੁਣਾ ਵਧ ਗਈ ਹੈ।

ਜਸਟਿਸ ਨਾਥ ਨੇ ਕਿਹਾ ਕਿ ਜੋ ਲੋਕ ਸੜਕਾਂ 'ਤੇ ਕੁੱਤਿਆਂ ਨੂੰ ਖਾਣਾ ਖੁਆਉਂਦੇ ਹਨ , ਉਨ੍ਹਾਂ ਨੂੰ ਵੀ ਜ਼ਿੰਮੇਵਾਰ ਠਹਿਰਾਇਆ ਜਾਵੇਗਾ। ਜਸਟਿਸ ਨਾਥ ਨੇ ਇਹ ਵੀ ਕਿਹਾ ਕਿ ਜੇ ਤੁਹਾਨੂੰ ਇੰਨਾ ਪਿਆਰ ਹੈ ਤਾਂ ਆਪਣੇ ਘਰ ਵਿੱਚ ਰੱਖੋ। ਸੜਕਾਂ 'ਤੇ ਘੁੰਮਣ, ਕੱਟਣ ਅਤੇ ਲੋਕਾਂ ਨੂੰ ਡਰਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

ਜਸਟਿਸ ਮਹਿਤਾ ਨੇ ਪੁੱਛਿਆ, 'ਜਦੋਂ 9 ਸਾਲ ਦੇ ਬੱਚੇ 'ਤੇ ਕੁੱਤੇ ਹਮਲਾ ਕਰਦੇ ਹਨ ਤਾਂ ਕਿਸ ਨੂੰ ਜ਼ਿੰਮੇਵਾਰ ਮੰਨੀਏ ? ਉਸ ਸੰਗਠਨ ਨੂੰ ਜੋ ਉਨ੍ਹਾਂ ਨੂੰ ਖਾਣਾ ਖੁਆ ਰਿਹਾ ਹੈ ?'

ਅਦਾਲਤ ਨੇ ਕੁੱਤੇ ਪ੍ਰੇਮੀਆਂ ਦੀਆਂ ਦਲੀਲਾਂ ਨੂੰ ਖਾਰਜ ਕਰਦਿਆਂ ਕਿਹਾ ਕਿ ਭਾਵਨਾਵਾਂ ਸਿਰਫ਼ ਕੁੱਤਿਆਂ ਲਈ ਨਹੀਂ, ਇਨਸਾਨਾਂ ਲਈ ਵੀ ਦਿਖਾਉਣੀਆਂ ਚਾਹੀਦੀਆਂ ਹਨ। ਇੱਕ ਵਕੀਲ ਨੇ ਕੁੱਤਿਆਂ ਨੂੰ ਗੋਦ ਲੈਣ ਲਈ ਇੰਸੈਂਟਿਵ ਦੇਣ ਦਾ ਸੁਝਾਅ ਦਿੱਤਾ ਤਾਂ ਅਦਾਲਤ ਨੇ ਪੁੱਛਿਆ, 'ਸੜਕਾਂ 'ਤੇ ਅਨਾਥ ਬੱਚਿਆਂ ਨੂੰ ਗੋਦ ਕਿਉਂ ਨਹੀਂ ਲੈਂਦੇ ?'

ਸੁਣਵਾਈ 20 ਜਨਵਰੀ 2026 ਨੂੰ ਜਾਰੀ ਰਹੇਗੀ। ਅਦਾਲਤ ਨੇ ਸਪੱਸ਼ਟ ਕੀਤਾ ਕਿ ਉਹ ਲੰਮੀ ਬਹਿਸ ਨਹੀਂ ਚਾਹੁੰਦੇ, ਸਗੋਂ ਠੋਸ ਆਦੇਸ਼ ਅਤੇ ਜਵਾਬਦੇਹੀ ਚਾਹੁੰਦੇ ਹਨ।

**ਰਾਜ ਸਰਕਾਰਾਂ ਨੂੰ ਇਤਰਾਜ਼ ਅਤੇ ਸਟੈਂਡਰਡ ਆਪਰੇਟਿੰਗ ਪ੍ਰੋਸੀਜ਼ਰ 'ਤੇ ਵਿਰੋਧ**

ਯੂਪੀ, ਰਾਜਸਥਾਨ, ਉੱਤਰਾਖੰਡ ਅਤੇ ਜੰਮੂ-ਕਸ਼ਮੀਰ ਨੇ ਐਨੀਮਲ ਵੈਲਫੇਅਰ ਬੋਰਡ ਆਫ਼ ਇੰਡੀਆ ਨੂੰ ਪੱਤਰ ਲਿਖ ਕੇ ਕਿਹਾ ਕਿ ਸਟੈਂਡਰਡ ਆਪਰੇਟਿੰਗ ਪ੍ਰੋਸੀਜ਼ਰ ਲਾਗੂ ਕਰਨਾ ਅਸੰਭਵ ਹੈ। ਉਨ੍ਹਾਂ ਦੇ ਮੁੱਖ ਮੁੱਦੇ:

ਕੁੱਤਿਆਂ ਦੇ ਕੱਟਣ ਦੇ ਅੰਕੜੇ ਭਰੋਸੇਯੋਗ ਨਹੀਂ - ਸਿਰਫ਼ ਐਂਟੀ-ਰੇਬੀਜ਼ ਇੰਜੈਕਸ਼ਨ ਵਾਲੇ ਕੇਸ ਗਿਣੇ ਜਾਂਦੇ ਹਨ, ਪਾਲਤੂ ਅਤੇ ਆਵਾਰਾ ਵਿੱਚ ਫਰਕ ਨਹੀਂ।

ਸ਼ੈਲਟਰ ਲਈ ਜਗ੍ਹਾ ਦੇ ਮਾਪਦੰਡ ਘੱਟ ਹਨ - ਇਸ ਨਾਲ ਕੁੱਤੇ ਬਿਮਾਰ ਹੋ ਸਕਦੇ ਹਨ, ਬਿਮਾਰੀਆਂ ਫੈਲ ਸਕਦੀਆਂ ਹਨ ।

ਨਸਬੰਦੀ, ਟੀਕਾਕਰਨ ਅਤੇ ਸਟਾਫ਼ ਟ੍ਰੇਨਿੰਗ ਲਈ ਬਜਟ ਅਤੇ ਸਹੂਲਤਾਂ ਦੀ ਭਾਰੀ ਕਮੀ।

ਸਟੈਂਡਰਡ ਆਪਰੇਟਿੰਗ ਪ੍ਰੋਸੀਜ਼ਰ 123 ਰੂਲਜ਼ 2023 ਨਾਲ ਮੇਲ ਨਹੀਂ ਖਾਂਦੀ, ਜਿਸ ਨਾਲ ਜ਼ਮੀਨੀ ਪੱਧਰ 'ਤੇ ਭਰਮ ਪੈਦਾ ਹੁੰਦਾ ਹੈ।

ਜ਼ੂਨੋਟਿਕ ਬਿਮਾਰੀਆਂ (ਜਿਵੇਂ ਰੇਬੀਜ਼) ਦਾ ਖਤਰਾ ਵਧ ਸਕਦਾ ਹੈ।

ਇਹ ਇਤਰਾਜ਼ ਦਰਸਾਉਂਦੇ ਹਨ ਕਿ ਰਾਜ ਸਰਕਾਰਾਂ ਨੂੰ ਵੱਡੀ ਚੁਣੌਤੀ ਹੈ, ਪਰ ਅਦਾਲਤ ਨੇ ਇਸ ਨੂੰ ਬਹਾਨਾ ਨਹੀਂ ਮੰਨਿਆ।

**ਆਵਾਰਾ ਕੁੱਤਿਆਂ ਦੇ ਹਮਲਿਆਂ ਦੇ ਅੰਕੜੇ - ਇੱਕ ਡਰਾਉਣ ਵਾਲੀ ਤਸਵੀਰ**

ਭਾਰਤ ਵਿੱਚ ਆਵਾਰਾ ਕੁੱਤਿਆਂ ਦੀ ਗਿਣਤੀ 60-62 ਮਿਲੀਅਨ (6-6.2 ਕਰੋੜ) ਤੋਂ ਵੱਧ ਹੈ, **(ਬਾਕੀ ਸਫ਼ਾ 27 'ਤੇ)**

## ਰੁਪਿਆ ਰਿਕਾਰਡ ਹੇਠਲੇ ਪੱਧਰ 'ਤੇ, ਡਾਲਰ ਦੇ ਮੁਕਾਬਲੇ ਕੀਮਤ 91.74

ਮੁੰਬਈ : ਭਾਰਤੀ ਰੁਪਿਆ ਬੁੱਧਵਾਰ ਨੂੰ ਸ਼ੁਰੂਆਤੀ ਕਾਰੋਬਾਰ ਵਿਚ 69 ਪੈਸੇ ਟੁੱਟ ਕੇ ਅਮਰੀਕੀ ਡਾਲਰ ਦੇ ਮੁਕਾਬਲੇ 91.74 ਦੇ ਹੁਣ ਤੱਕ ਦੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਿਆ। ਦਿਨ ਦਾ ਕਾਰੋਬਾਰ ਸ਼ੁਰੂ ਹੋਣ ਮੌਕੇ ਇਕ ਡਾਲਰ ਦਾ ਭਾਅ 91.05 ਰੁਪਏ ਸੀ। ਡਾਲਰ ਦੀ ਸਥਿਰ ਮੰਗ ਤੇ ਆਲਮੀ ਪੱਧਰ 'ਤੇ ਚੌਕਸੀ ਵਾਲੇ ਮਾਹੌਲ ਕਰਕੇ ਰੁਪਏ ਵਿਚ ਨਿਘਾਰ ਆਇਆ। ਫਾਰੈਕਸ ਵਪਾਰੀਆਂ ਅਨੁਸਾਰ, ਭੂ-ਸਿਆਸੀ ਬੇਯਕੀਨੀ ਨੇ ਆਲਮੀ ਬਾਜ਼ਾਰਾਂ ਵਿੱਚ ਜੋਖਮ ਵਧਾ ਦਿੱਤਾ ਹੈ। ਇਸ ਤੋਂ ਇਲਾਵਾ ਵਿਦੇਸ਼ੀ ਪੂੰਜੀ ਦੀ ਲਗਾਤਾਰ ਨਿਕਾਸੀ ਅਤੇ ਘਰੇਲੂ ਸਟਾਕ ਮਾਰਕੀਟ ਵਿੱਚ ਸੁਸਤੀ ਨੇ ਵੀ ਰੁਪਏ ਦੀ ਕਮਜ਼ੋਰੀ ਵਿੱਚ ਵਾਧਾ ਕੀਤਾ ਹੈ।

ਉਧਰ ਘਰੇਲੂ ਸ਼ੇਅਰ ਬਾਜ਼ਾਰਾਂ ਸੈਂਸੈਕਸ ਤੇ ਨਿਫਟੀ ਨੇ ਬੁੱਧਵਾਰ ਨੂੰ ਸ਼ੁਰੂਆਤੀ ਕਾਰੋਬਾਰ ਵਿਚ ਗਿਰਾਵਟ ਦਰਜ ਕੀਤੀ ਹੈ। ਭੂਸਿਆਸੀ ਤਣਾਅ ਵਧਣ, ਆਲਮੀ ਬਾਜ਼ਾਰਾਂ ਵਿਚ ਕਮਜ਼ੋਰੀ ਤੇ ਵਿਦੇਸ਼ੀ ਪੂੰਜੀ ਦੀ ਲਗਾਤਾਰ ਨਿਕਾਸੀ ਨੇ ਨਿਵੇਸ਼ਕਾਂ ਦੇ ਭਰੋਸੇ ਨੂੰ ਕਮਜ਼ੋਰ ਕੀਤਾ ਹੈ।

ਬੀਐੱਸਈ ਸੈਂਸੈਕਸ ਸ਼ੁਰੂਆਤੀ ਕਾਰੋਬਾਰ ਵਿਚ 385.82 ਨੁਕਤਿਆਂ ਦੇ ਨਿਘਾਰ ਨਾਲ 81,794.65 ਜਦੋਂਕਿ ਐੱਨਐੱਸਈ ਦਾ ਨਿਫਟੀ 91.5 ਅੰਕ ਡਿੱਗ ਕੇ 25,141 ਨੁਕਤਿਆਂ ਦੇ ਪੱਧਰ ਨੂੰ ਪਹੁੰਚ ਗਿਆ। ਸੈਂਸੈਕਸ ਵਿਚ ਸ਼ਾਮਲ 30 ਕੰਪਨੀਆਂ 'ਚੋਂ ਭਾਰਤ ਇਲੈਕਟ੍ਰਾਨਿਕਸ, ਆਈਸੀਆਈਸੀਆਈ ਬੈਂਕ, ਟਰੈਂਟ, ਲਾਰਸਨ ਐਂਡ ਟੂਬਰੋ, ਐੱਚਸੀਐੱਲ ਬੈਂਕ ਤੇ ਇਨਫੋਸਿਸ ਦੇ ਸ਼ੇਅਰ ਸਭ ਤੋਂ ਵੱਧ ਨੁਕਸਾਨ ਵਿਚ ਰਹੇ।

ਇਟਰਨਲ, ਸਨ ਫਾਰਮਾ, ਇੰਟਰਗਲੋਬ ਏਵੀਏਸ਼ਨ ਤੇ ਟਾਟਾ ਸਟੀਲ ਦੇ ਸ਼ੇਅਰਾਂ ਵਿਚ ਤੇਜ਼ੀ ਰਹੀ। ਏਸ਼ਿਆਈ ਬਾਜ਼ਾਰਾਂ ਵਿੱਚ, ਦੱਖਣੀ ਕੋਰੀਆ ਦਾ ਕੋਸਪੀ, ਜਾਪਾਨ ਦਾ ਨਿੱਕੇਈ 225 ਅਤੇ ਹਾਂਗ ਕਾਂਗ ਦਾ ਹੈਂਗ ਸੇਂਗ ਹੇਠਾਂ ਬੰਦ ਹੋਏ, ਜਦੋਂ ਕਿ ਚੀਨ ਦਾ ਐਸਐਸਈ ਕੰਪੋਜ਼ਿਟ ਮਾਮੂਲੀ ਤੇਜ਼ੀ ਨਾਲ ਬੰਦ ਹੋਇਆ। ਮੰਗਲਵਾਰ ਨੂੰ ਅਮਰੀਕੀ ਬਾਜ਼ਾਰ ਭਾਰੀ ਗਿਰਾਵਟ ਨਾਲ ਬੰਦ ਹੋਏ।




# ਅਕਾਲੀ ਦਲ ਪੁਨਰ ਸੁਰਜੀਤ ਨਿਘਾਰ ਵੱਲ ਕਿਉਂ ?

## ➢ ਪਾਰਟੀ ਨੂੰ ਕਿਉਂ ਛੱਡ ਰਹੇ ਨੇ ਸੀਨੀਅਰ ਲੀਡਰ ?

## ➢ ਪਾਰਟੀ ਦੇ ਸਿਆਸੀ ਭਵਿੱਖ ਦੇ ਉੱਪਰ ਸਵਾਲ ਕਿਉਂ ਖੜੇ ਹੋਏ ?

## ਲੋਕਾਂ ਅੱਗੇ ਪੰਜਾਬ ਬਾਰੇ ਵਿਜਨ ਪੇਪਰ ਕਿਉਂ ਨਹੀਂ ਪੇਸ਼ ਕਰ ਸਕੀ,ਜਥੇਬੰਦਕ ਢਾਂਚਾ ਹੁਣ ਤੱਕ ਕਿਉਂ ਨਹੀਂ ਬਣ ਸਕਿਆ ?

ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ, ਜਿਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਨਾਲ ਬਣਾਇਆ ਗਿਆ ਸੀ ਤੇ ਜਿਸ ਨੂੰ ਬਾਦਲ ਪਰਿਵਾਰ ਵਾਲੇ ਅਕਾਲੀ ਦਲ ਦੇ ਬਦਲ ਵਜੋਂ ਵੇਖਿਆ ਜਾਂਦਾ ਸੀ, ਅੱਜ ਕੱਲ੍ਹ ਆਪਣੇ ਆਪ ਨੂੰ ਸੰਕਟ ਵਿੱਚ ਘਿਰਿਆ ਮਹਿਸੂਸ ਕਰ ਰਹੀ ਹੈ। ਪਾਰਟੀ ਨੂੰ ਲੱਗ ਰਹੇ ਲਗਾਤਾਰ ਝਟਕਿਆਂ ਕਰਕੇ ਇਹ ਸਵਾਲ ਉੱਠ ਰਹੇ ਹਨ ਕਿ ਇਹ ਨਿਘਾਰ ਵੱਲ ਕਿਉਂ ਜਾ ਰਹੀ ਹੈ ?

ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਨੂੰ ਲੱਗੇ ਤਾਜ਼ਾ ਝਟਕੇ ਨਾਲ ਗੱਲ ਸ਼ੁਰੂ ਕਰੀਏ।ਸਭ ਤੋਂ ਪਹਿਲਾਂ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਪਾਰਟੀ ਤੋਂ ਦੂਰੀ ਬਣਾਈ ਤੇ ਹੁਣ ਮੁੱਖ ਬੁਲਾਰੇ ਚਰਨਜੀਤ ਬਰਾੜ ਅਸਤੀਫ਼ਾ ਦੇ ਕੇ ਭਾਜਪਾ ਵਿੱਚ ਸ਼ਾਮਲ ਹੋ ਚੁਕੇ ਹਨ। ਬਰਾੜ ਪਿਛਲੇ ਦਿਨੀਂ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ, ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਤੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਮਿਲ ਕੇ ਭਾਜਪਾ ਵਿੱਚ ਸ਼ਾਮਲ ਹੋਏ। ਇਸ ਨਾਲ ਪੰਜਾਬ ਦੀ ਸਿਆਸਤ ਵਿੱਚ ਤਰਥੱਲੀ ਮਚ ਗਈ ਹੈ।



ਬਰਾੜ ਨੇ ਅਕਾਲੀ ਦਲ ਪੁਨਰ ਸੁਰਜੀਤ ਨੂੰ ਦਿੱਤੇ ਆਪਣੇ ਅਸਤੀਫ਼ੇ ਵਿੱਚ ਲਿਖਿਆ ਕਿ ਉਹ ਭਰੇ ਮਨ ਨਾਲ ਅਸਤੀਫ਼ਾ ਦੇ ਰਹੇ ਹਨ ਕਿਉਂਕਿ ਪਾਰਟੀ ਸਿਧਾਂਤਾਂ ਉੱਤੇ ਪਹਿਰਾ ਨਹੀਂ ਦੇ ਰਹੀ ਤੇ ਲੋਕ ਮੁੱਦਿਆਂ ਉੱਤੇ ਸੰਘਰਸ਼ ਨਹੀਂ ਕਰ ਰਹੀ। ਉਹਨਾਂ ਨੇ ਕਿਹਾ ਕਿ 11 ਅਗਸਤ ਨੂੰ ਪ੍ਰਧਾਨ ਚੋਣ ਤੋਂ ਬਾਅਦ ਪੰਜ ਮਹੀਨੇ ਵਿੱਚ ਪਾਰਟੀ ਨੇ ਕਿਸੇ ਵੀ ਮੁੱਦੇ ਉੱਤੇ ਧਰਤੀ ਉੱਤੇ ਲੜਾਈ ਨਹੀਂ ਲੜੀ ਤੇ ਨਾ ਹੀ ਕੋਈ ਠੋਸ ਪ੍ਰੋਗਰਾਮ ਦਿੱਤਾ। ਇਸ ਕਰਕੇ ਵਰਕਰਾਂ ਦਾ ਮਨੋਬਲ ਟੁੱਟ ਚੁੱਕਾ ਹੈ।

ਬਰਾੜ ਨੇ ਅਸਤੀਫ਼ੇ ਵਿੱਚ ਇਹ ਵੀ ਲਿਖਿਆ ਕਿ ਉਹਨਾਂ ਨੇ ਪੰਜ ਮੈਂਬਰੀ ਭਰਤੀ ਕਮੇਟੀ ਰਾਹੀਂ ਬਹੁਤ ਮਿਹਨਤ ਨਾਲ ਭਰਤੀ ਕੀਤੀ ਸੀ, ਖਾਸ ਕਰ ਮਾਲਵੇ ਵਿੱਚ ਬਾਦਲ ਪਰਿਵਾਰ ਦੇ ਦਬਾਅ ਹੋਣ ਦੇ ਬਾਵਜੂਦ। ਪਰ ਹੁਣ ਪਾਰਟੀ ਨਵੀਂ ਲੀਡਰਸ਼ਿਪ ਨਾਲ ਪੰਥ ਤੇ ਪੰਜਾਬ ਪ੍ਰਸਤ ਨਹੀਂ ਬਣ ਸਕੀ। ਉਹਨਾਂ ਨੇ ਉਮੀਦ ਜਤਾਈ ਕਿ ਲੀਡਰਸ਼ਿਪ ਸੁਧਾਰ ਕਰ ਲਵੇ ਤਾਂ ਪਾਰਟੀ ਕਾਮਯਾਬ ਹੋ ਸਕਦੀ ਹੈ।

ਇਸ ਅਸਤੀਫ਼ੇ ਨੇ ਪਾਰਟੀ ਨੂੰ ਵੱਡਾ ਝਟਕਾ ਦਿੱਤਾ ਹੈ ਤੇ ਸਿਆਸੀ ਹਲਕੇ ਇਸ ਨੂੰ ਪਾਰਟੀ ਦੀ ਅੰਦਰੂਨੀ ਕਮਜ਼ੋਰੀ ਵਜੋਂ ਵੇਖ ਰਹੇ ਹਨ।

ਮਨਪ੍ਰੀਤ ਸਿੰਘ ਇਆਲੀ ਪਾਰਟੀ ਦੇ ਸੰਸਥਾਪਕ ਮੈਂਬਰਾਂ ਵਿੱਚੋਂ ਇੱਕ ਹਨ ਤੇ ਕਮੇਟੀ ਵਿੱਚ ਵੀ ਸਨ। ਪਰ ਉਹਨਾਂ ਨੇ ਜ਼ਿਲ੍ਹਾ ਪਰਿਸ਼ਦ ਤੇ ਬਲਾਕ ਸੰਮਤੀ ਚੋਣਾਂ ਬਾਅਦ ਕਿਹਾ ਕਿ ਉਹ ਕਿਸੇ ਵੀ ਪਾਰਟੀ ਨਾਲ ਨਹੀਂ ਹਨ। ਬਾਅਦ ਵਿੱਚ ਸਪੱਸ਼ਟੀਕਰਨ ਵਿੱਚ ਕਿਹਾ ਕਿ ਸ੍ਰੀ



ਅਕਾਲ ਤਖ਼ਤ ਸਾਹਿਬ ਨੇ ਉਹਨਾਂ ਨੂੰ ਭਰਤੀ ਕਰਨ ਦੀ ਡਿਊਟੀ ਲਾਈ ਸੀ ਤੇ ਉਹ ਪੰਥਕ ਧਿਰਾਂ ਨੂੰ ਇਕੱਠੇ ਕਰਨ ਲਈ ਯਤਨਸ਼ੀਲ ਹਨ। ਇਆਲੀ ਨੇ ਕਿਹਾ ਕਿ ਪੁਨਰ ਸੁਰਜੀਤ ਅਕਾਲੀ ਦਲ ਨਾਲ ਕੋਈ ਮੱਤਭੇਦ ਨਹੀਂ ਹੈ ਪਰ ਉਹ ਪਾਰਟੀ ਦੀਆਂ ਗਤੀਵਿਧੀਆਂ ਵਿੱਚ ਐਕਟਿਵ ਨਹੀਂ ਹਨ। ਪਰ ਸੁਆਲ ਇਹ ਹੈ ਕਿ ਇਆਲੀ ਦਾ ਰੁਝਾਨ ਅਕਾਲੀ ਦਲ ਵਾਰਿਸ ਪੰਜਾਬ ਵੱਲ ਕਿਉਂ ਹੈ ?

ਮਾਘੀ ਮੇਲੇ ਮੌਕੇ ਉਹਨਾਂ ਨੇ ਵਾਰਿਸ ਪੰਜਾਬ ਦੀ ਸਟੇਜ ਤੋਂ ਸੰਬੋਧਨ ਕੀਤਾ ਸੀ। ਇਸ ਤੋਂ ਇਲਾਵਾ ਅਕਾਲੀ ਦਲ ਪੁਨਰ ਸੁਰਜੀਤ ਨੇ ਤਰਨਤਾਰਨ ਜ਼ਿਮਨੀ ਚੋਣ ਵਿੱਚ ਵਾਰਿਸ ਪੰਜਾਬ ਨੂੰ ਸਮਰਥਨ ਵੀ ਦਿੱਤਾ ਸੀ। ਮਾਹਿਰਾਂ ਮੁਤਾਬਕ ਇਆਲੀ ਪੰਥਕ ਏਕਤਾ ਲਈ ਕੰਮ ਕਰ ਰਹੇ ਹਨ ਤੇ ਵਾਰਿਸ ਪੰਜਾਬ ਨੂੰ ਪੰਥਕ ਧਿਰ ਵਜੋਂ ਵੇਖਦੇ ਹਨ ਜੋ ਨੌਜਵਾਨਾਂ ਵਿੱਚ ਪ੍ਰਸਿੱਧ ਹੈ। ਇਆਲੀ ਨੂੰ ਲੱਗਦਾ ਹੈ ਕਿ ਅਕਾਲੀ ਦਲ ਪੁਨਰ ਸੁਰਜੀਤ ਅਜੇ ਤੱਕ ਮਜ਼ਬੂਤ ਨਹੀਂ ਬਣਿਆ ਤੇ ਵਾਰਿਸ ਪੰਜਾਬ ਵਰਗੀਆਂ ਧਿਰਾਂ ਨਾਲ ਮਿਲ ਕੇ ਪੰਥ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ। ਇਹ ਰੁਝਾਨ ਪੁਨਰ ਸੁਰਜੀਤ ਲਈ ਚਿੰਤਾ ਦੀ ਗੱਲ ਹੈ, ਕਿਉਂਕਿ ਇਹ ਪੰਥਕ ਵੋਟਾਂ ਨੂੰ ਵੰਡ ਸਕਦਾ ਹੈ। ਸਿਆਸੀ ਮਾਹਿਰਾਂ ਨੇ ਵੀ ਪਾਰਟੀ ਦੀ ਹਾਲਤ ਬਾਰੇ ਚਿੰਤਾ ਜਤਾਈ ਹੈ। ਸੀਨੀਅਰ ਪੱਤਰਕਾਰ ਜਸਪਾਲ ਸਿੱਧੂ ਨੇ ਕਿਹਾ ਕਿ ਅਕਾਲੀ ਦਲ ਪੁਨਰ ਸੁਰਜੀਤ ਪਾਰਟੀ ਨੇ ਕੋਈ ਸਿਆਸੀ ਜਾਂ ਸਮਾਜਿਕ ਸਰਗਰਮੀ ਨਹੀਂ ਕੀਤੀ ਤੇ ਕੋਈ ਮੁੱਦਾ ਨਹੀਂ ਉਠਾਇਆ।

**(ਬਾਕੀ ਸਫ਼ਾ 26 'ਤੇ)**

# ਪੰਜਾਬ ਕਾਂਗਰਸ ਵਿੱਚ ਧੜੇਬੰਦੀ ਵਧੀ, ਇਕਜੁੱਟਤਾ ਦੀਆਂ ਕੋਸ਼ਿਸ਼ਾਂ ਨੂੰ ਲੱਗ ਰਿਹਾ ਝਟਕਾ

## ਮੁੱਖ ਮੰਤਰੀ ਚਿਹਰੇ ਸਬੰਧੀ ਜੱਟ ਤੇ ਦਲਿਤ ਮੁੱਦੇ ਨੂੰ ਲੈ ਕੇ ਮਚਿਆ ਘਮਸਾਨ

## ਚੰਨੀ ਨੂੰ ਭਾਜਪਾ ਨਾਲ ਜੋੜਨ ਦੀਆਂ ਫ਼ੈਲੀਆਂ ਅਫਵਾਹਾਂ

ਪੰਜਾਬ ਕਾਂਗਰਸ ਵਿੱਚ ਅੰਦਰੂਨੀ ਝਗੜੇ ਅਤੇ ਧੜੇਬੰਦੀ ਨੇ ਪਾਰਟੀ ਨੂੰ ਡੂੰਘੇ ਸੰਕਟ ਵਿੱਚ ਧੱਕ ਦਿੱਤਾ ਹੈ।2027 ਵਿਧਾਨ ਸਭਾ ਚੋਣਾਂ ਨੇੜੇ ਆਉਂਦੀਆਂ ਵੇਖ ਕੇ ਪਾਰਟੀ ਹਾਈਕਮਾਂਡ ਵੱਲੋਂ ਇਕਜੁੱਟਤਾ ਵਧਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਪਰ ਧੜੇਬੰਦੀ ਨੇ ਇਨ੍ਹਾਂ ਕੋਸ਼ਿਸ਼ਾਂ ਨੂੰ ਵੱਡਾ ਝਟਕਾ ਲਾਇਆ ਹੈ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਅਹੁਦੇ ਦੇ ਚਿਹਰੇ ਵਜੋਂ ਪੇਸ਼ ਕਰਨ ਵਾਲੇ ਧੜੇ ਨੇ ਹਾਈਕਮਾਂਡ ਨੂੰ ਚਿੱਠੀ ਲਿਖ ਕੇ ਚੰਨੀ ਦੀ ਹਮਾਇਤ ਕੀਤੀ ਹੈ, ਜਦਕਿ ਪਾਰਟੀ ਵਿੱਚ ਜੱਟ ਅਤੇ ਐੱਸ.ਸੀ. ਨੇਤਾਵਾਂ ਵਿਚਕਾਰ ਘਮਸਾਨ ਵਧ ਗਿਆ ਹੈ। ਇਸ ਵਿਵਾਦ ਵਿੱਚ ਚੰਨੀ ਦੇ ਭਾਜਪਾ ਨਾਲ ਸੰਪਰਕ ਵਿੱਚ ਹੋਣ ਵਾਲੀਆਂ ਅਫ਼ਵਾਹਾਂ ਵੀ ਉੱਠ ਰਹੀਆਂ ਹਨ, ਜਿਸ ਨਾਲ ਪਾਰਟੀ ਦੇ ਟੁੱਟਣ ਦੇ ਖਦਸ਼ੇ ਵਧ ਗਏ ਹਨ।

ਪੰਜਾਬ ਕਾਂਗਰਸ ਦੇ ਅੰਦਰੂਨੀ ਸੰਕਟ ਦੀ ਸ਼ੁਰੂਆਤ ਤੋਂ ਗੱਲ ਕਰੀਏ ਤਾਂ ਇਹ ਕੋਈ ਨਵੀਂ ਗੱਲ ਨਹੀਂ ਹੈ। ਪਾਰਟੀ ਨੂੰ ਲੰਮੇ ਸਮੇਂ ਤੋਂ ਧੜੇਬੰਦੀ ਨੇ ਘੇਰਿਆ ਹੋਇਆ ਹੈ, ਜਿਸ ਨੇ ਪਾਰਟੀ ਨੂੰ ਕਮਜ਼ੋਰ ਕੀਤਾ ਹੈ। ਪਿਛਲੇ ਸਾਲਾਂ ਵਿੱਚ ਪੰਜਾਬ ਕਾਂਗਰਸ ਨੇ ਕਈ ਵੱਡੇ ਨੇਤਾਵਾਂ ਨੂੰ ਗੁਆਇਆ ਹੈ, ਜਿਵੇਂ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਵਰਗੇ ਆਗੂਆਂ ਨੇ ਪਾਰਟੀ ਛੱਡ ਕੇ ਨਵੇਂ ਰਾਹ ਅਪਣਾਏ ਹਨ।

ਹੁਣ 2027 ਦੀਆਂ ਚੋਣਾਂ ਨੇੜੇ ਆਉਂਦੀਆਂ ਵੇਖ ਕੇ ਪਾਰਟੀ ਹਾਈਕਮਾਂਡ ਨੇ ਸੂਬਾ ਇੰਚਾਰਜ ਭੁਪੇਸ਼ ਬਘੇਲ ਨੂੰ ਜ਼ਿੰਮੇਵਾਰੀ ਸੌਂਪੀ ਹੈ ਕਿ ਧੜੇਬੰਦੀ ਨੂੰ ਖਤਮ ਕਰਕੇ ਪਾਰਟੀ ਨੂੰ ਇਕਜੁੱਟ ਕੀਤਾ ਜਾਵੇ। ਬਘੇਲ ਨੇ ਦਾਅਵਾ ਕੀਤਾ ਹੈ ਕਿ 2027 ਵਿੱਚ



ਕਾਂਗਰਸ 2022 ਦੀਆਂ ਗਲਤੀਆਂ ਨਹੀਂ ਦੁਹਰਾਏਗੀ ਅਤੇ ਮੁੱਖ ਮੰਤਰੀ ਅਹੁਦੇ ਦੇ ਚਿਹਰੇ ਦਾ ਐਲਾਨ ਕੀਤੇ ਬਿਨਾਂ ਚੋਣਾਂ ਲੜੇਗੀ। ਪਰ ਇਹ ਦਾਅਵਾ ਪਾਰਟੀ ਦੇ ਇੱਕ ਵੱਡੇ ਵਰਗ ਨੂੰ ਪਸੰਦ ਨਹੀਂ ਆ ਰਿਹਾ ਹੈ, ਜਿਸ ਕਰਕੇ ਧੜੇਬੰਦੀ ਹੋਰ ਵਧ ਰਹੀ ਹੈ।

ਪੰਜਾਬ ਕਾਂਗਰਸ ਦੇ ਅੰਦਰ ਇਸ ਵੇਲੇ ਸਭ ਤੋਂ ਵੱਡਾ ਵਿਵਾਦ ਮੁੱਖ



ਮੰਤਰੀ ਅਹੁਦੇ ਦੇ ਚਿਹਰੇ ਨੂੰ ਲੈ ਕੇ ਹੈ। ਇੱਕ ਧੜਾ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ 2027 ਦੀਆਂ ਚੋਣਾਂ ਵਿੱਚ ਪਾਰਟੀ ਦਾ ਚਿਹਰਾ ਬਣਾਉਣਾ ਚਾਹੁੰਦਾ ਹੈ, ਜਦਕਿ ਦੂਜਾ ਧੜਾ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵਰਗੇ ਨੇਤਾਵਾਂ ਨੂੰ ਅੱਗੇ ਵਧਾਉਣਾ ਚਾਹੁੰਦਾ



ਹੈ। ਚੰਨੀ ਦੇ ਸਮਰਥਕਾਂ ਨੇ ਪਾਰਟੀ ਵਿੱਚ ਐੱਸਸੀ (ਦਲਿਤ) ਭਾਈਚਾਰੇ ਨੂੰ ਨੁਮਾਇੰਦਗੀ ਨਾ ਮਿਲਣ ਦਾ ਮੁੱਦਾ ਉਠਾਇਆ ਹੈ। ਚੰਨੀ ਨੇ ਇੱਕ ਮੀਟਿੰਗ ਵਿੱਚ ਕਿਹਾ ਕਿ ਪਾਰਟੀ ਵਿੱਚ ਦਲਿਤ ਨੇਤਾਵਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ ਅਤੇ ਸਾਰੇ ਵੱਡੇ ਅਹੁਦੇ ਜੱਟ ਸਿੱਖ ਨੇਤਾਵਾਂ ਕੋਲ ਹਨ। ਇਸ ਬਿਆਨ ਨੇ ਪਾਰਟੀ ਵਿੱਚ ਜੱਟ ਬਨਾਮ ਦਲਿਤ ਦਾ ਵਿਵਾਦ ਖੜ੍ਹਾ ਕਰ ਦਿੱਤਾ ਹੈ।

ਇਸ ਵਿਵਾਦ ਨੂੰ ਹੋਰ ਹਵਾ ਮਿਲੀ ਜਦੋਂ ਰਾਜਾ ਵੜਿੰਗ ਨੇ ਚੰਨੀ ਦੇ ਬਿਆਨ 'ਤੇ ਪਲਟਵਾਰ ਕੀਤਾ। ਵੜਿੰਗ ਨੇ ਕਿਹਾ ਕਿ ਕਾਂਗਰਸ ਨੇ ਚੰਨੀ ਨੂੰ ਮੁੱਖ ਮੰਤਰੀ, ਵਿਧਾਇਕ ਦਲ ਨੇਤਾ ਅਤੇ ਸੀਡਬਲਯੂਸੀ ਮੈਂਬਰ ਬਣਾ ਕੇ ਵੱਡੀ ਜ਼ਿੰਮੇਵਾਰੀ ਦਿੱਤੀ ਹੈ ਅਤੇ ਪਾਰਟੀ ਜਾਤੀ ਦੇ ਆਧਾਰ ਤੇ ਫੈਸਲੇ ਨਹੀਂ ਲੈਂਦੀ। ਉਹਨਾਂ ਨੇ ਇਹ ਵੀ ਕਿਹਾ ਕਿ ਚੰਨੀ ਨੂੰ ਪਾਰਟੀ ਅੰਦਰ ਹੀ ਗੱਲ ਕਰਨੀ ਚਾਹੀਦੀ ਹੈ, ਨਾ ਕਿ ਜਨਤਕ ਤੌਰ 'ਤੇ। ਇਸ ਬਿਆਨ ਨਾਲ ਪਾਰਟੀ ਵਿੱਚ ਫੁੱਟ ਹੋਰ ਡੂੰਘੀ ਹੋ ਗਈ ਹੈ।

ਚੰਨੀ ਦੀ ਹਮਾਇਤ ਵਿੱਚ ਹਾਈਕਮਾਂਡ ਨੂੰ ਲਿਖੀ ਚਿੱਠੀ ਵੀ ਇਸ ਵਿਵਾਦ ਨੂੰ ਵਧਾਉਣ ਵਾਲੀ ਵੱਡੀ ਵਜ੍ਹਾ ਬਣੀ ਹੈ। ਪਾਰਟੀ ਦੇ 32 ਜੱਟ ਨੇਤਾਵਾਂ ਨੇ ਰਾਸ਼ਟਰੀ ਪ੍ਰਧਾਨ ਮੱਲਿਕਾਰਜੁਨ ਖੜਗੇ ਅਤੇ ਰਾਹੁਲ ਗਾਂਧੀ ਨੂੰ ਚਿੱਠੀ ਲਿਖ ਕੇ ਚੰਨੀ ਨੂੰ ਮੁੱਖ ਮੰਤਰੀ ਅਹੁਦੇ ਦੇ ਚਿਹਰੇ ਵਜੋਂ ਪੇਸ਼ ਕਰਨ ਦੀ ਮੰਗ ਕੀਤੀ ਹੈ। ਇਸ ਤੋਂ ਇਲਾਵਾ 42 ਤੋਂ ਵੱਧ ਗੈਰ-ਜਾਟ ਨੇਤਾਵਾਂ ਨੇ ਵੀ ਹਾਈਕਮਾਂਡ ਤੋਂ ਮੁਲਾਕਾਤ ਲਈ ਸਮਾਂ ਮੰਗਿਆ ਹੈ। ਚਿੱਠੀ ਵਿੱਚ ਉਨ੍ਹਾਂ ਨੇ ਕਿਹਾ ਕਿ ਚੰਨੀ ਨੂੰ ਪਾਰਟੀ ਦੀ ਅਗਵਾਈ ਸੌਂਪੀ ਜਾਵੇ ਤਾਂ ਜੋ ਐੱਸਸੀ ਵੋਟ ਬੈਂਕ ਨੂੰ ਮਜ਼ਬੂਤ ਕੀਤਾ ਜਾ ਸਕੇ। ਪਰ ਇਹ ਚਿੱਠੀ ਸਿਰਫ਼ ਵਿਚਾਰ ਸੁਣਾਉਣ ਤੱਕ ਸੀਮਤ ਨਹੀਂ, ਇਸ ਨੇ ਪਾਰਟੀ ਵਿੱਚ ਅੰਦਰੂਨੀ ਲੜਾਈ ਨੂੰ ਸਪੱਸ਼ਟ ਕਰ ਦਿੱਤਾ ਹੈ। ਜੇਕਰ ਹਾਈਕਮਾਂਡ ਇਸ ਮੰਗ ਨਾਲ ਸਹਿਮਤ ਹੋ ਜਾਂਦੀ ਹੈ ਤਾਂ ਚੰਨੀ ਨੂੰ ਚੋਣਾਂ ਵਿੱਚ ਵੱਡੀ ਜ਼ਿੰਮੇਵਾਰੀ ਮਿਲ ਸਕਦੀ ਹੈ, ਪਰ ਜੇ ਨਹੀਂ ਤਾਂ ਧੜੇਬੰਦੀ ਹੋਰ ਵਧੇਗੀ।

**(ਬਾਕੀ ਸਫ਼ਾ 26 'ਤੇ)**

# ਭਾਜਪਾ ਦੇ 12ਵੇਂ ਕੌਮੀ ਪ੍ਰਧਾਨ ਬਣੇ ਨਿਤਿਨ ਨਬੀਨ

ਨਵੀਂ ਦਿੱਲੀ/ਏ.ਟੀ.ਨਿਊਜ਼: ਨਿਤਿਨ ਨਬੀਨ ਨੂੰ ਬੀਤੇ ਦਿਨੀਂ ਰਸਮੀ ਤੌਰ 'ਤੇ ਭਾਜਪਾ ਦਾ ਕੌਮੀ ਪ੍ਰਧਾਨ ਐਲਾਨ ਦਿੱਤਾ ਗਿਆ ਹੈ। ਉਹ ਜੇਪੀ ਨੱਢਾ ਦੀ ਥਾਂ ਲੈਣਗੇ ਅਤੇ ਪਾਰਟੀ ਲਈ ਇੱਕ ਨਵਾਂ ਅਧਿਆਇ ਸ਼ੁਰੂ ਕਰਨਗੇ। ਭਾਜਪਾ ਦੇਸ਼ ਦੀ ਰਾਜਨੀਤੀ 'ਤੇ ਆਪਣੀ ਪਕੜ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਰਿਟਰਨਿੰਗ ਅਫਸਰ ਕੇ. ਲਕਸ਼ਮਣ ਨੇ ਸੰਗਠਨਾਤਮਕ ਚੋਣਾਂ ਦੇ ਨਤੀਜੇ ਐਲਾਨਦਿਆਂ 45 ਸਾਲਾ ਨਬੀਨ ਨੂੰ ਚੋਣ ਦਾ ਸਰਟੀਫਿਕੇਟ ਸੌਂਪਿਆ। ਨਬੀਨ ਪਾਰਟੀ ਦੇ ਇਸ ਸਿਖਰਲੇ ਅਹੁਦੇ 'ਤੇ ਬਿਰਾਜਮਾਨ ਹੋਣ



ਵਾਲੇ ਸਭ ਤੋਂ ਘੱਟ ਉਮਰ ਦੇ ਆਗੂ ਹਨ।ਇਸ ਮੌਕੇ ਭਾਜਪਾ ਹੈੱਡਕੁਆਰਟਰ ਉੱਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜੇਪੀ ਨੱਡਾ, ਸੀਨੀਅਰ ਮੰਤਰੀ ਰਾਜਨਾਥ ਸਿੰਘ, ਅਮਿਤ ਸ਼ਾਹ, ਨਿਤਿਨ ਗਡਕਰੀ ਸਮੇਤ ਹੋਰ ਆਗੂ ਮੌਜੂਦ ਸਨ।

ਨਬੀਨ ਭਾਜਪਾ ਦੇ 12ਵੇਂ ਪ੍ਰਧਾਨ ਬਣੇ ਹਨ।ਭਾਜਪਾ ਦੀ ਸਥਾਪਨਾ 1980 ਵਿੱਚ ਹੋਈ ਸੀ ਤੇ ਉਸੇ ਸਾਲ ਨਿਤਿਨ ਨਬੀਨ ਦਾ ਜਨਮ ਹੋਇਆ ਸੀ।ਨਬੀਨ ਨੇ ਪਿਛਲੇ ਸਾਲ 14 ਦਸੰਬਰ ਨੂੰ ਭਾਜਪਾ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤੇ ਜਾਣ ਮਗਰੋਂ ਬਿਹਾਰ ਸਰਕਾਰ ਵਿੱਚ ਕਾਨੂੰਨ ਤੇ ਨਿਆਂ, ਸ਼ਹਿਰੀ ਵਿਕਾਸ ਅਤੇ ਰਿਹਾਇਸ਼ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ।

ਲਕਸ਼ਮਣ ਨੇ ਚੋਣ ਨਤੀਜੇ ਦਾ ਐਲਾਨ ਕਰਦੇ ਹੋਏ ਕਿਹਾ, "ਇਹ ਚੋਣ ਦਰਸਾਉਂਦੀ ਹੈ ਕਿ ਭਾਜਪਾ ਲੀਡਰਸ਼ਿਪ ਵੰਸ਼ਵਾਦ ਦੇ ਵਿਸ਼ੇਸ਼ ਅਧਿਕਾਰ ਤੋਂ ਨਹੀਂ ਬਲਕਿ ਸਖ਼ਤ ਮਿਹਨਤ ਅਤੇ ਸਮਰਪਣ ਤੋਂ ਉੱਭਰੀ ਹੈ।" ਸਾਬਕਾ ਪ੍ਰਧਾਨ ਜੇਪੀ ਨੱਢਾ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ, "ਅੱਜ ਇੱਕ ਬਹੁਤ ਹੀ ਇਤਿਹਾਸਕ ਮੌਕਾ ਹੈ, ਜਦੋਂ ਸਾਡੇ ਨੌਜਵਾਨ, ਊਰਜਾਵਾਨ ਅਤੇ ਪ੍ਰਤਿਭਾਸ਼ਾਲੀ ਨਿਤਿਨ ਨਬੀਨ ਦੁਨੀਆ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ, ਭਾਜਪਾ ਦੇ ਕੌਮੀ ਪ੍ਰਧਾਨ ਵਜੋਂ ਅਹੁਦਾ ਸੰਭਾਲ ਰਹੇ ਹਨ। ਮੈਂ ਆਪਣੀ ਵੱਲੋਂ ਅਤੇ ਕਰੋੜਾਂ ਵਰਕਰਾਂ ਵੱਲੋਂ ਉਨ੍ਹਾਂ ਨੂੰ ਦਿਲੋਂ ਵਧਾਈ ਦਿੰਦਾ ਹਾਂ।"

**ਦਰਪਣ ਝੂਠ ਨਹੀਂ ਬੋਲਦਾ**

# ਪੰਜਾਬ ਵਿੱਚ ਯੂ.ਏ.ਪੀ.ਏ. ਤਹਿਤ 259 ਗ੍ਰਿਫ਼ਤਾਰੀਆਂ, ਪਰ ਸਜ਼ਾ ਦੀ ਦਰ ਸਿਫ਼ਰ

## ਸਿੱਖ ਨੌਜਵਾਨਾਂ ਵਿਰੁੱਧ ਪੰਜਾਬ ਵਿੱਚ ਯੂ.ਏ.ਪੀ.ਏ. ਦੀ ਵਰਤੋਂ ਕਿਉਂ? ਮਨੁੱਖੀ ਅਧਿਕਾਰ ਆਗੂਆਂ ਨੇ ਉਠਾਏ ਸੁਆਲ

ਭਾਰਤ ਭਰ ਵਿੱਚ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂ.ਏ.ਪੀ.ਏ.) ਨੂੰ ਲੈ ਕੇ ਵਿਵਾਦ ਵਧ ਰਹੇ ਹਨ। ਇਸ ਕਾਨੂੰਨ ਨੂੰ ਅੱਤਵਾਦ ਵਿਰੋਧੀ ਕਾਨੂੰਨ ਵਜੋਂ ਪੇਸ਼ ਕੀਤਾ ਜਾਂਦਾ ਹੈ ਪਰ ਇਸ ਦੀ ਵਰਤੋਂ ਨੂੰ ਮਨੁੱਖੀ ਅਧਿਕਾਰਾਂ ਦੇ ਵਿਰੋਧ ਵਜੋਂ ਵੇਖਿਆ ਜਾ ਰਿਹਾ ਹੈ। ਕੇਂਦਰੀ ਗ੍ਰਹਿ ਮੰਤਰਾਲੇ ਦੇ ਅੰਕੜਿਆਂ ਅਨੁਸਾਰ, 2019 ਤੋਂ 2023 ਤੱਕ ਦੇਸ਼ ਭਰ ਵਿੱਚ ਇਸ ਕਾਨੂੰਨ ਤਹਿਤ 5,690 ਵਿਅਕਤੀ ਗ੍ਰਿਫ਼ਤਾਰ ਕੀਤੇ ਗਏ ਸਨ ਪਰ ਸਿਰਫ਼ 288 (5 ਫੀਸਦੀ) ਨੂੰ ਹੀ ਸਜ਼ਾ ਹੋਈ ਹੈ। ਪੰਜਾਬ ਅਤੇ ਜੰਮੂ-ਕਸ਼ਮੀਰ ਵਿੱਚ ਤਾਂ ਸਜ਼ਾ ਦੀ ਦਰ ਸਿਫ਼ਰ ਰਹੀ ਹੈ। ਇਹ ਅੰਕੜੇ ਇਸ ਕਾਨੂੰਨ ਨੂੰ ਮਨੁੱਖੀ ਅਧਿਕਾਰ ਦੀ ਉਲੰਘਣਾ ਵਾਲੇ ਹਥਿਆਰ ਵਜੋਂ ਵਰਤਣ ਦੇ ਇਲਜ਼ਾਮਾਂ ਨੂੰ ਮਜ਼ਬੂਤ ਕਰਦੇ ਹਨ।

ਯੂ.ਏ.ਪੀ.ਏ. ਕਾਨੂੰਨ 30 ਦਸੰਬਰ 1967 ਨੂੰ ਲਾਗੂ ਹੋਇਆ ਸੀ।

ਇਸ ਦਾ ਮੁੱਖ ਮਕਸਦ ਦੇਸ਼ ਦੀ ਪ੍ਰਭੂਸੱਤਾ ਅਤੇ ਅਖੰਡਤਾ ਵਿਰੁੱਧ ਹੋਣ ਵਾਲੀਆਂ ਗਤੀਵਿਧੀਆਂ (ਖ਼ਾਸ ਕਰਕੇ ਵੱਖਵਾਦੀ ਲਹਿਰਾਂ) ਨੂੰ ਰੋਕਣਾ ਸੀ।

ਸ਼ੁਰੂਆਤ ਵਿੱਚ ਇਹ ਸਿਰਫ਼ 'ਜਥੇਬੰਦੀਆਂ' ਜਾਂ 'ਸੰਗਠਨਾਂ' ਨੂੰ ਗੈਰ-ਕਾਨੂੰਨੀ ਐਲਾਨਣ ਲਈ ਵਰਤਿਆ ਜਾਂਦਾ ਸੀ।

ਇਸ ਕਾਨੂੰਨ ਨੂੰ ਸਮੇਂ ਦੇ ਨਾਲ ਹੋਰ ਸਖ਼ਤ ਬਣਾਇਆ ਗਿਆ ਹੈ:

2004 ਦੀ ਸੋਧ: ਜਦੋਂ ਪੋਟਾ ਕਾਨੂੰਨ ਨੂੰ ਖ਼ਤਮ ਕੀਤਾ ਗਿਆ, ਤਾਂ ਉਸ ਦੀਆਂ ਕਈ ਸਖ਼ਤ ਧਾਰਾਵਾਂ ਯੂ.ਏ.ਪੀ.ਏ. ਵਿੱਚ ਸ਼ਾਮਲ ਕਰ ਦਿੱਤੀਆਂ ਗਈਆਂ। ਪਹਿਲੀ ਵਾਰ




ਇਸ ਵਿੱਚ 'ਅੱਤਵਾਦੀ ਗਤੀਵਿਧੀਆਂ' ਸ਼ਬਦ ਜੋੜਿਆ ਗਿਆ।

2008 ਦੀ ਸੋਧ: ਮੁੰਬਈ ਹਮਲਿਆਂ (26/11) ਤੋਂ ਬਾਅਦ ਇਸ ਨੂੰ ਹੋਰ ਸਖ਼ਤ ਬਣਾਇਆ ਗਿਆ, ਜਿਸ ਵਿੱਚ ਹਿਰਾਸਤ ਦਾ ਸਮਾਂ ਵਧਾ ਦਿੱਤਾ ਗਿਆ।

2019 ਦੀ ਸੋਧ: ਇਹ ਸਭ ਤੋਂ ਚਰਚਿਤ ਸੋਧ ਰਹੀ ਹੈ। ਇਸ ਦੇ ਤਹਿਤ ਸਰਕਾਰ ਨੂੰ ਇਹ ਅਧਿਕਾਰ ਮਿਲ ਗਿਆ ਕਿ ਉਹ ਕਿਸੇ ਜਥੇਬੰਦੀ ਦੇ ਨਾਲ-ਨਾਲ ਕਿਸੇ ਇਕੱਲੇ ਵਿਅਕਤੀ ਨੂੰ ਵੀ 'ਅੱਤਵਾਦੀ' ਐਲਾਨ ਸਕਦੀ ਹੈ।

2008 ਅਤੇ 2019 ਵਿੱਚ ਇਸ ਵਿੱਚ ਸੋਧਾਂ ਕੀਤੀਆਂ ਗਈਆਂ ਸਨ ਜਿਨ੍ਹਾਂ ਨੇ ਅਧਿਕਾਰੀਆਂ ਨੂੰ ਵਿਅਕਤੀਆਂ ਨੂੰ ਖਾੜਕੂ ਘੋਸ਼ਿਤ ਕਰਨ ਅਤੇ ਬੇਲ ਨਾ ਮਿਲਣ ਵਰਗੇ ਅਧਿਕਾਰ ਦਿੱਤੇ। ਭਾਰਤ ਸਰਕਾਰ ਇਸ ਨੂੰ ਖਾੜਕੂਵਾਦ ਨਾਲ ਲੜਨ ਲਈ ਜ਼ਰੂਰੀ ਮੰਨਦੀ ਹੈ ਅਤੇ ਕਹਿੰਦੀ ਹੈ ਕਿ ਇਹ ਕਾਨੂੰਨ ਰਾਸ਼ਟਰੀ ਸੁਰੱਖਿਆ ਨੂੰ ਮਜ਼ਬੂਤ ਕਰਦਾ ਹੈ। ਪਰ ਮਨੁੱਖੀ ਅਧਿਕਾਰ ਸੰਗਠਨ ਜਿਵੇਂ ਐਮਨੈਸਟੀ ਇੰਟਰਨੈਸ਼ਨਲ ਇਸ ਨੂੰ ਦਮਨਕਾਰੀ ਮੰਨਦੇ ਹਨ। ਉਹ ਕਹਿੰਦੇ ਹਨ ਕਿ ਇਸ ਕਾਨੂੰਨ ਨਾਲ ਵਿਰੋਧੀ ਆਵਾਜ਼ਾਂ ਨੂੰ ਚੁੱਪ ਕਰਵਾਇਆ ਜਾਂਦਾ ਹੈ, ਲੰਬੇ ਸਮੇਂ ਜੇਲ ਵਿਚ ਬੰਦ ਕੀਤਾ ਜਾਂਦਾ ਹੈ ਅਤੇ ਜਮਾਨਤ ਮਿਲਣੀ ਮੁਸ਼ਕਲ ਹੋ ਜਾਂਦੀ ਹੈ। ਐਮਨੈਸਟੀ ਨੇ ਕਿਹਾ ਹੈ ਕਿ ਇਹ ਕਾਨੂੰਨ ਭਾਰਤ ਵਿੱਚ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਲਈ ਵਰਤਿਆ ਜਾਂਦਾ ਹੈ ਅਤੇ ਇਸ ਨਾਲ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ। ਪੰਜਾਬ ਵਿੱਚ ਯੂ.ਏ.ਪੀ.ਏ. ਦੀ ਵਰਤੋਂ ਵਿਸ਼ੇਸ਼ ਤੌਰ 'ਤੇ ਵਿਵਾਦ ਗ੍ਰਸਿਤ ਹੈ। 2019 ਤੋਂ 2023 ਤੱਕ ਇੱਥੇ 259 ਵਿਅਕਤੀ ਗ੍ਰਿਫ਼ਤਾਰ ਕੀਤੇ ਗਏ ਸਨ ਪਰ ਕਿਸੇ ਨੂੰ ਵੀ ਸਜ਼ਾ ਨਹੀਂ ਹੋਈ। ਸਾਲ-ਦਰ-ਸਾਲ ਅੰਕੜੇ ਵਧਦੇ ਗਏ: 2019 ਵਿੱਚ 30, 2020 ਵਿੱਚ 44, 2021 ਵਿੱਚ 49, 2022 ਵਿੱਚ 86 ਅਤੇ 2023 ਵਿੱਚ 50 ਗ੍ਰਿਫ਼ਤਾਰੀਆਂ ਹੋਈਆਂ। ਪਰ ਸਜ਼ਾ ਦੀ ਦਰ ਸਿਫ਼ਰ ਰਹਿਣ ਨਾਲ ਇਹ ਸਵਾਲ ਉੱਠਦਾ ਹੈ ਕਿ ਕੀ ਇਹ ਗ੍ਰਿਫ਼ਤਾਰੀਆਂ ਸਬੂਤਾਂ 'ਤੇ ਆਧਾਰਿਤ ਹਨ ਜਾਂ ਸਿਰਫ਼ ਤੰਗ ਕਰਨ ਲਈ? ਪੰਜਾਬ ਵਿੱਚ ਇਹ ਕਾਨੂੰਨ ਅਕਸਰ ਸਿੱਖ ਨੌਜਵਾਨਾਂ ਵਿਰੁਧ ਵਰਤਿਆ ਜਾਂਦਾ ਹੈ, ਖਾਸ ਕਰਕੇ ਉਨ੍ਹਾਂ ਵਿਰੁੱਧ ਜੋ ਖ਼ਾਲਿਸਤਾਨ ਜਾਂ ਸਿੱਖ ਅਧਿਕਾਰਾਂ ਨਾਲ ਜੁੜੇ ਮੰਨੇ ਜਾਂਦੇ ਹਨ। (ਬਾਕੀ ਸਫ਼ਾ 26 'ਤੇ)

# ਯੂਕ੍ਰੇਨ ਦੀ ਅਜ਼ਾਦੀ ਲਈ ਜਾਨ ਵਾਰਨ ਵਾਲਾ ਕੈਨੇਡੀਅਨ ਨੌਜਵਾਨ

## ਆਪਣੀ ਮਰਜ਼ੀ ਨਾਲ ਫਰੰਟ ਲਾਈਨ 'ਤੇ-ਇੰਟਰਨੈਸ਼ਨਲ ਲੀਜ਼ਨ ਵਿੱਚ ਸ਼ਾਮਲ ਹੋਕੇ ਸ਼ਹਾਦਤ ਦਿੱਤੀ

ਮਨਦੀਪ ਸਿੰਘ, ਇੱਕ 30 ਸਾਲਾਂ ਦਾ ਕੈਨੇਡੀਅਨ ਸਿੱਖ ਨੌਜਵਾਨ, ਜੋ ਆਮ ਜ਼ਿੰਦਗੀ ਜੀ ਰਿਹਾ ਸੀ, ਅਚਾਨਕ ਯੂਕ੍ਰੇਨ ਦੀ ਅਜ਼ਾਦੀ ਲਈ ਸ਼ਹਾਦਤ ਦੇਕੇ ਵਿਸ਼ਵ ਪੱਧਰੀ ਨਾਇਕ ਬਣ ਗਿਆ। ਉਹ ਮਿਸੀਸਾਗਾ (ਟੋਰਾਂਟੋ ਨੇੜੇ) ਵਿੱਚ ਰਹਿੰਦਾ ਸੀ, ਕੈਨੇਡੀਅਨ ਰੇਲਵੇ ਵਿੱਚ ਨੌਕਰੀ ਕਰਦਾ ਸੀ ਅਤੇ ਆਪਣੇ ਪਰਿਵਾਰ ਨਾਲ ਖੁਸ਼ਹਾਲ ਜੀਵਨ ਬਤੀਤ ਕਰ ਰਿਹਾ ਸੀ। ਪਰ ਉਸ ਦੇ ਅੰਦਰ ਇੱਕ ਅਜਿਹੀ ਭਾਵਨਾ ਸੀ ਜੋ ਉਸ ਨੂੰ ਸਿੱਖ ਧਰਮ ਦੇ ਸਿਧਾਂਤਾਂ ਅਨੁਸਾਰ ਮਨੁੱਖਤਾ ਦੀ ਸੇਵਾ ਅਤੇ ਨਿਆਂ ਲਈ ਲੜਨ ਵੱਲ ਲੈ ਗਈ। ਫਰਵਰੀ 2022 ਵਿੱਚ ਜਦੋਂ ਰੂਸ ਨੇ ਯੂਕ੍ਰੇਨ ਉੱਪਰ ਹਮਲਾ ਕੀਤਾ, ਤਾਂ ਮਨਦੀਪ ਨੇ ਫੈਸਲਾ ਕੀਤਾ ਕਿ ਉਹ ਉੱਥੇ ਜਾ ਕੇ ਯੂਕ੍ਰੇਨੀ ਲੋਕਾਂ ਦੀ ਮਦਦ ਕਰੇਗਾ। ਭਾਵੇਂ ਉਸ ਦਾ ਯੂਕ੍ਰੇਨ ਨਾਲ ਕੋਈ ਨਿੱਜੀ ਜਾਂ ਪਰਿਵਾਰਕ ਸਬੰਧ ਨਹੀਂ ਸੀ।

ਮਨਦੀਪ ਸਿੰਘ ਦਾ ਜਨਮ 1994 ਵਿੱਚ ਹੋਇਆ ਸੀ ਅਤੇ ਉਸ ਦੇ ਮਾਤਾ-ਪਿਤਾ ਜਸਵਿੰਦਰ ਸਿੰਘ ਅਤੇ ਆਸ਼ਾ ਕੌਰ 2004 ਵਿੱਚ ਮੁੰਬਈ ਤੋਂ ਕੈਨੇਡਾ ਆ ਵੱਸੇ ਸਨ। ਮਨਦੀਪ ਬਚਪਨ ਤੋਂ ਹੀ ਅਨੁਸ਼ਾਸਿਤ ਅਤੇ ਮਦਦਗਾਰ ਸੀ। ਉਹ ਨਿਯਮਿਤ ਖ਼ੂਨ ਦਾਨ ਕਰਦਾ ਸੀ ਅਤੇ ਹਾਈ ਸਕੂਲ ਤੋਂ ਬਾਅਦ ਡਿਟੈਕਟਿਵ ਕੋਰਸ ਕੀਤਾ ਸੀ। ਉਸ ਨੇ ਕੈਨੇਡੀਅਨ ਆਰਮੀ ਵਿੱਚ ਪਾਰਟ-ਟਾਈਮ ਸੇਵਾ ਵੀ ਨਿਭਾਈ, ਜਿੱਥੇ ਉਸ ਨੂੰ ਯੂਨੀਫਾਰਮ ਅਤੇ ਅਨੁਸ਼ਾਸਨ ਨੇ ਪ੍ਰਭਾਵਿਤ ਕੀਤਾ। ਉਸ ਦੇ ਪਰਿਵਾਰ ਨੇ ਦੱਸਿਆ ਕਿ ਉਹ ਹਮੇਸ਼ਾ ਕਹਿੰਦਾ ਸੀ ਕਿ ਜੇ ਉਸ ਦੀ ਜ਼ਿੰਦਗੀ ਕਿਸੇ ਦੀ ਮੱਦਦ ਕਰ ਸਕੇ ਤਾਂ ਇਹ ਉਸ ਲਈ ਕਾਫ਼ੀ ਹੈ। ਉਸ ਨੇ ਕੈਨੇਡੀਅਨ ਰੇਲਵੇ ਵਿੱਚ ਨੌਕਰੀ ਕੀਤੀ । ਪਰ ਰੂਸੀ ਹਮਲੇ ਨੇ ਉਸ ਨੂੰ ਬਦਲ ਦਿੱਤਾ। ਉਸ ਨੂੰ ਲੱਗਾ ਕਿ ਯੂਕ੍ਰੇਨ ਵਿੱਚ ਬਜ਼ੁਰਗ ਅਤੇ ਬੱਚੇ ਲੜ ਰਹੇ ਹਨ, ਅਤੇ ਉਹ ਉੱਥੇ ਜਾ ਕੇ ਉਹਨਾਂ ਦੀ ਮੱਦਦ ਕਰ ਸਕਦਾ ਹੈ। ਇਹ ਭਾਵਨਾ ਸਿੱਖ ਧਰਮ ਦੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੋਂ ਆਈ ਸੀ



ਕਿ ਮਨੁੱਖਤਾ ਦੀ ਰਖਿਆ ਤੇ ਨਿਆਂ ਲਈ ਖੜ੍ਹੇ ਹੋਣਾ ਚਾਹੀਦਾ ਹੈ।

ਰੂਸੀ ਹਮਲੇ ਤੋਂ ਬਾਅਦ ਲਗਭਗ 26 ਕੈਨੇਡੀਅਨ ਨਾਗਰਿਕ ਯੂਕ੍ਰੇਨ ਵਿੱਚ ਮਾਰੇ ਗਏ ਸਨ, ਪਰ ਮਨਦੀਪ ਉਨ੍ਹਾਂ ਵਿੱਚੋਂ ਇੱਕਲਾ ਸਿੱਖ ਸੀ। ਮਨਦੀਪ ਨੇ ਆਪਣੇ ਮਾਤਾ ਨੂੰ ਕਿਹਾ ਸੀ ਕਿ 'ਯੂਕ੍ਰੇਨ ਵਿੱਚ ਮਦਦ ਦੀ ਬਹੁਤ ਜ਼ਰੂਰਤ ਹੈ, ਬਜ਼ੁਰਗ ਲੜ ਰਹੇ ਹਨ ਅਤੇ ਮੈਂ ਜਵਾਨ ਹਾਂ,ਉਥੇ ਲੋਕਾਂ ਦੀ ਅਜ਼ਾਦੀ ਬਚਾਉਣ ਲਈ ਜਾਵਾਂਗਾ।' ਉਸ ਦੇ ਮਾਤਾ-ਪਿਤਾ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਉਹ ਆਪਣੇ ਫੈਸਲੇ ਤੇ ਅੜਿਆ ਰਿਹਾ।

ਦਸੰਬਰ 2023 ਵਿੱਚ ਆਪਣੇ ਜਨਮ ਦਿਨ ਤੋਂ ਬਾਅਦ ਉਹ ਪੋਲੈਂਡ ਰਾਹੀਂ ਯੂਕ੍ਰੇਨ ਪਹੁੰਚ ਕੇ ਇੰਟਰਨੈਸ਼ਨਲ ਲੀਜ਼ਨ ਵਿੱਚ ਸ਼ਾਮਲ ਹੋ ਗਿਆ। ਉਹ ਫਰੰਟ ਲਾਈਨ 'ਤੇ ਲੜਾਈ ਵਿੱਚ ਹਿੱਸਾ ਲੈਂਦਾ ਸੀ। ਉਸ ਨੇ ਜਨਵਰੀ 2024 ਤੋਂ ਅਕਤੂਬਰ 2024 ਤੱਕ ਸੇਵਾ ਨਿਭਾਈ। ਉਹ ਅਪ੍ਰੈਲ 2024 ਵਿੱਚ ਥੋੜ੍ਹੇ ਸਮੇਂ ਲਈ ਕੈਨੇਡਾ ਵਾਪਸ ਆਇਆ, ਪਰ ਫਿਰ ਵਾਪਸ ਚਲਾ ਗਿਆ। ਉਸ ਨੇ ਆਪਣੀ ਮਾਂ ਨੂੰ ਆਖਰੀ ਵਾਰ 24 ਅਕਤੂਬਰ 2024 ਨੂੰ ਗੱਲ ਕੀਤੀ ਅਤੇ ਕਿਹਾ ਕਿ ਇਹ ਉਹ ਜਲਦੀ ਵਾਪਸ ਆਵੇਗਾ। ਪਰ 27 ਅਕਤੂਬਰ 2024 ਨੂੰ ਇੱਕ ਮਿਸ਼ਨ ਦੌਰਾਨ ਉਸ ਨੂੰ ਗੋਲੀ ਲੱਗੀ ਅਤੇ ਉਸ ਦੀ ਮੌਤ ਹੋ ਗਈ। ਉਸ ਨੂੰ ਬ੍ਰਾਇੰਸਕ ਓਬਲਾਸਟ ਵਿੱਚ ਮਾਰਿਆ ਗਿਆ, ਜੋ ਰੂਸੀ ਖੇਤਰ ਵਿੱਚ ਹੈ, ਪਰ ਉਹ ਯੂਕ੍ਰੇਨੀ ਫ਼ੌਜ ਵੱਲੋਂ ਲੜ ਰਿਹਾ ਸੀ।

ਮਨਦੀਪ ਦੀ ਸਾਖੀ ਨੂੰ ਯੂਕ੍ਰੇਨ ਵਿੱਚ ਮਸ਼ਹੂਰ ਅੰਗਰੇਜ਼ੀ ਅਖ਼ਬਾਰ ਕੀਵ ਪੋਸਟ ਨੇ ਵਿਸਥਾਰ ਨਾਲ ਕਵਰ ਕੀਤਾ ਹੈ। 17 ਜਨਵਰੀ 2026 ਨੂੰ ਛਪੇ ਆਰਟੀਕਲ 'ਫ਼੍ਰਾਮ ਕੈਨੇਡਾ ਟੂ ਦ ਫਰੰਟ ਲਾਈਨ: ਵਾਈ ਅ ਕੈਨੇਡੀਅਨ ਸਿੱਖ ਫੌਟ ਫਾਰ ਯੂਕਰੇਨ' ਵਿੱਚ ਉਸ ਦੇ ਪੂਰੇ ਜੀਵਨ, ਪਰਿਵਾਰ ਅਤੇ ਬਲੀਦਾਨ ਨੂੰ ਵਿਸਥਾਰ ਨਾਲ ਦੱਸਿਆ ਗਿਆ ਹੈ। ਇਸ ਅਖ਼ਬਾਰ ਨੇ ਉਸ ਨੂੰ ਇੱਕ ਨਾਇਕ ਵਜੋਂ ਪੇਸ਼ ਕੀਤਾ ਅਤੇ ਸਿੱਖ ਧਰਮ ਦੇ ਪ੍ਰਭਾਵ ਨੂੰ ਉਜਾਗਰ ਕੀਤਾ।

ਗਲੋਬਲ ਅਫੇਅਰਜ਼ ਕੈਨੇਡਾ ਨੇ ਇੱਕ ਅਧਿਕਾਰੀ ਬਿਆਨ ਵਿੱਚ ਕਿਹਾ ਕਿ ਉਹ ਫਰਵਰੀ 2022 ਤੋਂ ਯੂਕ੍ਰੇਨ ਵਿੱਚ ਮਾਰੇ ਗਏ 26 ਕੈਨੇਡੀਅਨ ਨਾਗਰਿਕਾਂ ਬਾਰੇ ਜਾਣੂ ਹੈ। ਉਹਨਾਂ ਨੇ ਮਨਦੀਪ ਸਿੰਘ ਦੇ ਸਰੀਰ ਨੂੰ ਵਾਪਸ ਲਿਆਉਣ ਵਿੱਚ ਮੱਦਦ ਕੀਤੀ, ਜਿਸ ਵਿੱਚ ਇੰਟਰਨੈਸ਼ਨਲ ਲੀਜ਼ਨ ਅਤੇ ਰੈੱਡ ਕਰਾਸ ਨਾਲ ਮਿਲ ਕੇ ਕੰਮ ਕੀਤਾ ਗਿਆ। ਡਿਪਾਰਟਮੈਂਟ ਆਫ ਨੈਸ਼ਨਲ ਡਿਫੈਂਸ ਨੇ ਉਸ ਦੀ ਆਰਮੀ ਸੇਵਾ ਦੀ ਪੁਸ਼ਟੀ ਨਹੀਂ ਕੀਤੀ, ਪਰ ਉਸ ਨੂੰ ਯੂਕ੍ਰੇਨ ਵਿੱਚ ਵਲੰਟੀਅਰ ਵਜੋਂ ਮਾਨਤਾ ਦਿੱਤੀ। (ਬਾਕੀ ਸਫ਼ਾ 26 'ਤੇ)

# ਅਮਰੀਕਾ-ਪਾਕਿਸਤਾਨ ਨੇ ਪੂਰਾ ਕੀਤਾ ਸਾਂਝਾ ਫ਼ੌਜੀ ਅਭਿਆਸ

## ਭਾਰਤ ਲਈ ਚਿੰਤਾ ਵਧੀ, ਖੇਤਰੀ ਰਣਨੀਤੀ ਉੱਪਰ ਅਸਰ ਅਤੇ ਅੰਤਰਰਾਸ਼ਟਰੀ ਮੀਡੀਆ ਦੀ ਨਜ਼ਰ

ਬੀਤੇ ਦਿਨੀਂ ਪਾਕਿਸਤਾਨ ਵਿੱਚ ਅਮਰੀਕਾ-ਪਾਕਿਸਤਾਨ ਨੇ ਸਾਂਝਾ ਫ਼ੌਜੀ ਅਭਿਆਸ 'ਇੰਸਪਾਇਰਡ ਗੈਂਬਿਟ 2026' ਕੀਤਾ ਸੀ। ਇਹ ਅਭਿਆਸ 8 ਤੋਂ 16 ਜਨਵਰੀ 2026 ਤੱਕ ਪਬੀ (ਖੈਬਰ ਪਖਤੂਨਖਵਾ) ਵਿੱਚ ਹੋਇਆ ਅਤੇ ਇਸ ਨੂੰ ਅੱਤਵਾਦ ਵਿਰੋਧੀ ਖੇਤਰ ਵਿੱਚ ਬਹੁਤ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ।

ਇਹ ਅਭਿਆਸ ਪਾਕਿਸਤਾਨ ਅਤੇ ਅਮਰੀਕਾ ਦੀਆਂ ਫ਼ੌਜਾਂ ਵਿਚਾਲੇ 13ਵਾਂ ਸਾਂਝਾ ਅਭਿਆਸ ਹੈ, ਜੋ 1995 ਤੋਂ ਚੱਲ ਰਿਹਾ ਹੈ। ਇਸ ਵਿੱਚ ਮੁੱਖ ਤੌਰ 'ਤੇ ਅੱਤਵਾਦ ਵਿਰੋਧੀ ਕਾਰਵਾਈਆਂ (ਕਾਊਂਟਰ ਟੈਰਰਿਜ਼ਮ), ਪੈਦਲ ਫ਼ੌਜ ਦੇ ਹੁਨਰ, ਸ਼ਹਿਰੀ ਜੰਗ ਵਿੱਚ ਮੁਹਾਰਤ ਅਤੇ ਦੋਵਾਂ ਫ਼ੌਜਾਂ ਵਿਚਕਾਰ ਤਾਲਮੇਲ ਬਾਰੇ ਧਿਆਨ ਸੀ। ਅਮਰੀਕੀ ਸੈਂਟਰਲ ਕਮਾਂਡ (ਸੈਂਟਕਾਮ) ਨੇ ਕਿਹਾ ਕਿ ਇਹ ਅਭਿਆਸ ਦੋਵਾਂ ਦੇਸ਼ਾਂ ਵਿਚਕਾਰ ਲੰਮੇ ਸਮੇਂ ਦੇ ਰੱਖਿਆ ਸਬੰਧਾਂ ਨੂੰ ਮਜ਼ਬੂਤ ਕਰਦਾ ਹੈ ਅਤੇ ਖੇਤਰੀ ਸੁਰੱਖਿਆ ਲਈ ਜ਼ਰੂਰੀ ਹੈ। ਪਾਕਿਸਤਾਨੀ ਫ਼ੌਜ ਦੇ ਮੀਡੀਆ ਵਿੰਗ ਆਈ.ਐਸ.ਪੀ.ਆਰ. ਨੇ ਵੀ ਇਸ ਨੂੰ ਸ਼ਾਂਤੀ ਅਤੇ ਸਥਿਰਤਾ ਲਈ ਸਹਿਯੋਗ ਵਜੋਂ ਉਚਿੱਤ ਨੀਤੀ ਕਿਹਾ ਹੈ। ਅਮਰੀਕੀ ਚਾਰਜ ਡੀ ਅਫੇਅਰਜ਼ ਨੈਟਾਲੀ ਬੇਕਰ ਵੀ ਵਿਜ਼ਿਟਰਜ਼ ਡੇ 'ਤੇ ਸ਼ਾਮਲ ਹੋਈ।

ਅਮਰੀਕਾ ਪਾਕਿਸਤਾਨ ਨਾਲ ਫ਼ੌਜੀ ਸਹਿਯੋਗ ਵਧਾ ਰਿਹਾ ਹੈ ਕਿਉਂਕਿ ਉਹ ਮੱਧ ਏਸ਼ੀਆ ਅਤੇ ਅਫਗਾਨਿਸਤਾਨ ਵਿੱਚ ਅੱਤਵਾਦ ਵਿਰੋਧੀ ਲੜਾਈ ਲਈ ਪਾਕਿਸਤਾਨ ਨੂੰ ਮਹੱਤਵਪੂਰਨ ਮੰਨਦਾ ਹੈ। ਜੂਨ 2025 ਵਿੱਚ ਸੈਂਟਕਾਮ ਮੁਖੀ ਨੇ ਪਾਕਿਸਤਾਨ ਨੂੰ 'ਅਦਭੁੱਤ ਸਾਥੀ' ਕਿਹਾ ਸੀ ਅਤੇ ਰਾਸ਼ਟਰਪਤੀ ਟਰੰਪ ਨੇ ਪਾਕਿਸਤਾਨੀ ਫ਼ੌਜ ਮੁਖੀ ਆਸਿਮ ਮੁਨੀਰ ਦੀ ਤਾਰੀਫ਼ ਕੀਤੀ ਸੀ। ਇਹ ਸਬੰਧ ਟਰੰਪ ਦੇ ਕਾਰਜਕਾਲ ਵਿੱਚ ਵਧੇਰੇ ਮਜ਼ਬੂਤ ਹੋ ਰਹੇ ਹਨ।

ਪਰ ਭਾਰਤ ਲਈ ਇਹ ਚਿੰਤਾ ਵਾਲੀ ਗੱਲ ਹੈ ਕਿਉਂਕਿ ਭਾਰਤ ਪਾਕਿਸਤਾਨ ਨੂੰ ਅੱਤਵਾਦ ਨੂੰ ਸਮਰਥਨ ਦੇਣ ਵਾਲਾ ਮੰਨਦਾ ਹੈ। ਵਿਸ਼ਲੇਸ਼ਕਾਂ ਅਨੁਸਾਰ ਇਹ ਅਭਿਆਸ ਭਾਰਤ ਦੀ ਖੇਤਰੀ ਰਣਨੀਤੀ ਉਪਰ ਅਸਰ ਪਾਉਂਦਾ ਹੈ, ਖਾਸ ਕਰਕੇ ਅਫਗਾਨਿਸਤਾਨ ਤੱਕ ਪਹੁੰਚ ਵਿੱਚ। ਕੁਝ ਮੀਡੀਆ ਵਿੱਚ ਇਸ ਨੂੰ ਭਾਰਤ ਲਈ ਇੱਕ ਸੰਕੇਤ ਵਜੋਂ ਵੇਖਿਆ ਜਾ ਰਿਹਾ ਹੈ, ਪਰ ਅਮਰੀਕਾ ਇਸ ਨੂੰ ਸਿਰਫ਼ ਅੱਤਵਾਦ ਵਿਰੋਧੀ ਸਹਿਯੋਗ ਵਜੋਂ ਦੱਸਦਾ ਹੈ। ਇਹ ਭਾਰਤ-ਅਮਰੀਕਾ ਸਬੰਧਾਂ ਵਿੱਚ ਵੀ ਥੋੜ੍ਹਾ ਤਣਾਅ ਪੈਦਾ ਕਰ ਸਕਦਾ ਹੈ।

ਕਾਂਗਰਸ ਨੇ ਇਸ ਅਭਿਆਸ ਨੂੰ ਪ੍ਰਧਾਨ ਮੰਤਰੀ ਮੋਦੀ ਦੀ ਵਿਦੇਸ਼ ਨੀਤੀ ਲਈ ਵੱਡਾ ਝਟਕਾ ਕਿਹਾ ਹੈ। ਜੈਰਾਮ ਰਮੇਸ਼ ਨੇ ਕਿਹਾ ਕਿ ਇਹ ਮੋਦੀ ਸਰਕਾਰ ਦੀ ਆਪਣੇ ਆਪ ਨੂੰ 'ਵਿਸ਼ਵ ਗੁਰੂ' ਕਹਿਣ ਵਾਲੀ ਕੂਟਨੀਤੀ ਨੂੰ ਇੱਕ ਹੋਰ ਝਟਕਾ ਹੈ। ਉਨ੍ਹਾਂ ਨੇ ਯਾਦ ਕਰਵਾਇਆ ਕਿ ਅਮਰੀਕਾ ਪਾਕਿਸਤਾਨ ਨੂੰ ਅੱਤਵਾਦ ਵਿਰੋਧੀ ਵਿੱਚ ਸਾਥੀ ਮੰਨ ਰਿਹਾ ਹੈ ਅਤੇ ਟਰੰਪ ਨੇ ਆਸਿਮ ਮੁਨੀਰ ਦੀ ਤਾਰੀਫ਼ ਕੀਤੀ ਹੈ, ਜਦਕਿ ਭਾਰਤ ਵਿੱਚ ਉਸ ਨੂੰ ਅੱਤਵਾਦ ਨਾਲ ਜੋੜਿਆ ਜਾਂਦਾ ਹੈ। ਕਾਂਗਰਸ ਨੇ ਇਸ ਨੂੰ ਮੋਦੀ ਦੀ ਡਿਪਲੋਮੈਸੀ ਦੀ ਨਾਕਾਮੀ ਵਜੋਂ ਪੇਸ਼ ਕੀਤਾ ਅਤੇ ਪੁੱਛਿਆ ਕਿ ਅਮਰੀਕਾ ਪਾਕਿਸਤਾਨ ਨਾਲ ਨੇੜੇ ਜਾ ਰਿਹਾ ਹੈ ਤਾਂ ਭਾਰਤ ਦੀ ਵਿਸ਼ਵ ਗੁਰੂ ਵਾਲੀ ਤਸਵੀਰ ਕਿਵੇਂ ਬਣੇਗੀ?

ਇਸ ਅਭਿਆਸ ਨੂੰ ਚਾਬਹਾਰ ਪੋਰਟ (ਇਰਾਨ) ਨਾਲ ਵੀ ਜੋੜ ਕੇ ਵੇਖਿਆ ਜਾ ਰਿਹਾ ਹੈ। ਚਾਬਹਾਰ ਭਾਰਤ ਲਈ ਰਣਨੀਤਕ ਹੈ ਕਿਉਂਕਿ ਇਹ ਪਾਕਿਸਤਾਨ ਨੂੰ ਬਾਈਪਾਸ ਕਰਕੇ ਅਫਗਾਨਿਸਤਾਨ ਅਤੇ ਮੱਧ ਏਸ਼ੀਆ ਤੱਕ ਪਹੁੰਚ ਦਿੰਦਾ ਹੈ। ਪਰ ਅਮਰੀਕਾ ਨੇ ਇਰਾਨ 'ਤੇ ਪਾਬੰਦੀਆਂ ਦੀ ਛੋਟ ਅਕਤੂਬਰ 2025 ਵਿੱਚ ਦਿੱਤੀ ਸੀ ਜੋ 26 ਅਪ੍ਰੈਲ 2026 ਤੱਕ ਵੈਲਿਡ ਹੈ। ਭਾਰਤ ਅਮਰੀਕਾ ਨਾਲ ਗੱਲਬਾਤ ਕਰ ਰਿਹਾ ਹੈ ਤਾਂ ਜੋ ਇਹ ਛੋਟ ਜਾਰੀ ਰਹੇ ਅਤੇ ਭਾਰਤ ਆਪਣੀ ਭੂਮਿਕਾ ਬਣਾਈ ਰੱਖ ਸਕੇ। ਮੋਦੀ ਸਰਕਾਰ ਦੀਆਂ ਵਿਰੋਧੀ ਪਾਰਟੀਆਂ ਖਾਸ ਕਰਕੇ ਕਾਂਗਰਸ ਨੇ ਦੋਸ਼ ਲਾਇਆ ਕਿ ਸਰਕਾਰ ਅਮਰੀਕੀ ਦਬਾਅ ਅੱਗੇ ਝੁੱਕ ਗਈ ਹੈ।

(ਬਾਕੀ ਸਫ਼ਾ 26 'ਤੇ)

# ਮਾਘੀ ਮੌਕੇ ਸਿਆਸੀ ਕਾਨਫ਼ਰੰਸਾਂ 'ਚ ਵੱਜਿਆ 2027 ਚੋਣਾਂ ਦਾ ਬਿਗਲ

## 'ਆਪ' ਆਗੂਆਂ ਨੇ ਗਿਣਵਾਈਆਂ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ, ਵਿਰੋਧੀ ਆਗੂਆਂ ਨੇ 'ਆਪ' ਸਰਕਾਰ ਦੀ ਕੀਤੀ ਨਿਖੇਧੀ

ਅੰਮ੍ਰਿਤਸਰ ਟਾਈਮਜ਼ ਬਿਊਰੋ

### ਮਾਘੀ ਮੇਲੇ ਮੌਕੇ ਹੋਈਆਂ ਸਿਆਸੀ ਕਾਨਫ਼ਰੰਸਾਂ ਦਾ ਲੇਖਾ ਜੋਖਾ

**ਮੇਲਾ ਮਾਘੀ ਮੌਕੇ ਆਮ ਆਦਮੀ ਪਾਰਟੀ, ਅਕਾਲੀ ਦਲ ਬਾਦਲ, ਭਾਜਪਾ, ਅਕਾਲੀ ਦਲ ਅੰਮ੍ਰਿਤਸਰ, ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਸਿਆਸੀ ਕਾਨਫਰੰਸਾਂ ਕੀਤੀਆਂ ਗਈਆਂ। ਇਸ ਮੌਕੇ ਕਾਂਗਰਸ ਪਾਰਟੀ ਵੱਲੋਂ ਕੋਈ ਸਿਆਸੀ ਕਾਨ.ਫਰੰਸ ਨਹੀਂ ਕੀਤੀ ਗਈ। ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਅਪੀਲ ਕੀਤੀ ਕਿ ਉਹ ਸ੍ਰੀ ਫਤਹਿਗੜ੍ਹ ਸਾਹਿਬ ਅਤੇ ਸ੍ਰੀ ਮੁਕਤਸਰ ਸਾਹਿਬ ਦੇ ਸ਼ਹੀਦੀ ਜੋੜ ਮੇਲਿਆਂ ਦੌਰਾਨ ਸਿਆਸੀ ਪਾਰਟੀਆਂ ਵੱਲੋਂ ਸਿਆਸੀ ਕਾਨਫਰੰਸਾਂ ਕਰਨ ਦੇ ਮਸਲੇ 'ਤੇ ਸਥਿਤੀ ਸਪਸ਼ਟ ਕਰਨ। ਰਾਜਾ ਵੜਿੰਗ ਨੇ ਕਿਹਾ ਕਿ ਦਸੰਬਰ 2017 ਵਿੱਚ ਤਤਕਾਲੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਸਿਆਸੀ ਪਾਰਟੀਆਂ ਨੂੰ ਅਜਿਹੇ ਪਾਵਨ ਧਾਰਮਿਕ ਮੌਕਿਆਂ ਉੱਪਰ ਸਿਆਸੀ ਕਾਨ.ਫਰੰਸਾਂ ਨਾ ਕਰਨ ਦੀ ਗੱਲ ਕਹੀ ਸੀ। ਕਾਂਗਰਸ ਨੇ 2017 ਤੋਂ ਬਾਅਦ ਸ੍ਰੀ ਫਤਹਿਗੜ੍ਹ ਸਾਹਿਬ ਅਤੇ ਸ੍ਰੀ ਮੁਕਤਸਰ ਸਾਹਿਬ ਦੇ ਸ਼ਹੀਦੀ ਜੋੜ ਮੇਲ ਦੌਰਾਨ ਕੋਈ ਸਿਆਸੀ ਕਾਨ.ਫਰੰਸ ਨਹੀਂ ਕੀਤੀ। ਰਾਜਾ ਵੜਿੰਗ ਨੇ ਕਿਹਾ ਕਿ ਫਿਰ ਦੂਜੀਆਂ ਸਿਆਸੀ ਪਾਰਟੀਆਂ ਇਹਨਾਂ ਪਵਿੱਤਰ ਜੋੜ ਮੇਲ ਦੌਰਾਨ ਸਿਆਸੀ ਕਾਨ.ਫਰੰਸਾਂ ਕਿਵੇਂ ਕਰ ਰਹੀਆਂ ਹਨ?**









ਮੁਕਤਸਰ ਦੇ ਪਵਿੱਤਰ ਮਾਘੀ ਮੇਲੇ ਦੌਰਾਨ ਲੱਖਾਂ ਸ਼ਰਧਾਲੂਆਂ ਵੱਲੋਂ ਵੱਖ- ਵੱਖ ਗੁਰਧਾਮਾਂ ਵਿੱਚ ਨਤਮਸਤਕ ਹੋ ਕੇ ਗੁਰਬਾਣੀ ਕੀਰਤਨ ਦਾ ਆਨੰਦ ਮਾਣਿਆ ਗਿਆ। ਉਥੇ ਇਸ ਮੌਕੇ ਵੱਖ-ਵੱਖ ਸਿਆਸੀ ਪਾਰਟੀਆਂ ਦੀਆਂ ਸਿਆਸੀ ਕਾਨ.ਫਰੰਸਾਂ ਦੇ ਪੰਡਾਲਾਂ ਵਿੱਚ ਵੀ ਵੱਡੀ ਗਿਣਤੀ ਸੰਗਤ ਆਪਣੇ ਲੀਡਰਾਂ ਦੇ ਵਿਚਾਰ ਸੁਣਨ ਪਹੁੰਚੀ। ਇਸ ਮੌਕੇ ਭਾਵੇਂ ਕੋਈ ਵੀ ਸਿਆਸੀ ਪਾਰਟੀ ਪੰਜਾਬੀਆਂ ਨੂੰ ਨਵਾਂ ਸੰਦੇਸ਼ ਦੇਣ ਵਿੱਚ ਕਾਮਯਾਬ ਨਾ ਹੋਈ ਅਤੇ ਸਾਰੀਆਂ ਸਿਆਸੀ ਕਾਨ.ਫਰੰਸਾਂ ਵਿੱਚ ਦੂਸ਼ਣਬਾਜੀ ਭਾਰੂ ਰਹੀ। ਇਸ ਮੌਕੇ ਆਮ ਆਦਮੀ ਪਾਰਟੀ, ਅਕਾਲੀ ਦਲ ਬਾਦਲ, ਭਾਜਪਾ, ਅਕਾਲੀ ਦਲ ਅੰਮ੍ਰਿਤਸਰ, ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਕੀਤੀਆਂ ਗਈਆਂ ਸਿਆਸੀ ਕਾਨ.ਫਰੰਸਾਂ 'ਚ ਸਾਲ 2027 ਦੌਰਾਨ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦਾ ਮੁੱਦਾ ਭਾਰੂ ਰਿਹਾ। ਕਾਂਗਰਸ ਪਾਰਟੀ ਵੱਲੋਂ ਇਸ ਵਾਰ ਵੀ ਮੇਲਾ ਮਾਘੀ ਮੌਕੇ ਸਿਆਸੀ ਕਾਨ.ਫਰੰਸ ਨਾ ਕੀਤੀ ਗਈ।

ਸਿਆਸੀ ਕਾਨ.ਫਰੰਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੀ ਸਰਕਾਰ ਦੀਆਂ ਹੁਣ ਤੱਕ ਦੀਆਂ ਪ੍ਰਾਪਤੀਆਂ ਗਿਣਵਾਈਆਂ। ਇਸ ਮੌਕੇ ਉਹਨਾਂ ਨੇ ਦਾਅਵਾ ਕੀਤਾ ਕਿ ਵਿਸ਼ੇਸ਼ ਜਾਂਚ ਟੀਮ ਨੇ ਗੁਰੂ ਗਰੰਥ ਸਾਹਿਬ ਦੇ ਲਾਪਤਾ 328 ਸਰੂਪਾਂ ਵਿੱਚੋਂ 169 ਸਰੂਪ ਲੱਭ ਲਏ ਹਨ। ਇਸ ਮੌਕੇ ਉਹਨਾਂ ਨੇ ਦਾਅਵਾ ਕੀਤਾ ਕਿ ਸੂਬੇ ਦੇ ਆਉਂਦੇ ਬਜਟ ਇਜਲਾਸ ਵਿੱਚ ਔਰਤਾਂ ਨੂੰ 1-1 ਹਜ਼ਾਰ ਰੁਪਏ ਦੇਣ ਦਾ ਵਾਅਦਾ ਪੂਰਾ ਕਰ ਦਿੱਤਾ ਜਾਵੇਗਾ। ਸਿਆਸੀ ਮਾਹਿਰ ਕਹਿ ਰਹੇ ਹਨ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿੱਚ ਪੇਸ਼ ਹੋਣ ਤੋਂ ਐਨ ਪਹਿਲਾਂ ਲਾਪਤਾ 328 ਸਰੂਪਾਂ ਵਿਚੋਂ 169 ਸਰੂਪ ਜਾਂਚ ਟੀਮ ਵੱਲੋਂ ਲੱਭ ਲਏ ਜਾਣ ਦਾ ਦਾਅਵਾ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿਆਸੀ ਹਲੂਣਾ ਦਿੱਤਾ ਹੈ। ਇਹ ਸਰੂਪ ਮਿਲਣ ਨਾਲ ਮੁੱਖ ਮੰਤਰੀ ਮਾਨ ਨੂੰ ਸਿਆਸੀ ਤੌਰ 'ਤੇ ਮਜ਼ਬੂਤੀ ਮਿਲੀ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸਿਆਸੀ ਕਾਨ.ਫਰੰਸ ਵਿੱਚ ਵੀ ਸੰਗਤਾਂ ਦਾ ਭਾਰੀ ਇਕੱਠ ਰਿਹਾ। ਇਸ ਮੌਕੇ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਪੰਜਾਬੀਆਂ ਨੂੰ ਅਕਾਲੀ ਦਲ ਬਾਦਲ ਨੂੰ ਇੱਕ ਮੌਕਾ ਦੇਣ ਅਤੇ ਪੰਜਾਬ ਵਿੱਚ ਅਕਾਲੀ ਦਲ ਬਾਦਲ ਦੀ ਸਰਕਾਰ ਬਣਾਉਣ ਦੀ ਅਪੀਲ ਕੀਤੀ। ਕਾਨ.ਫਰੰਸ ਵਿੱਚ ਲੋਕਾਂ ਦਾ ਭਾਰੀ ਇਕੱਠ ਵੇਖ ਕੇ ਉਤਸ਼ਾਹਿਤ ਹੋਏ ਸੁਖਬੀਰ ਬਾਦਲ ਨੇ ਦਾਅਵਾ ਕੀਤਾ ਕਿ ਪੰਜਾਬ ਵਿੱਚ ਅਗਲੀ ਸਰਕਾਰ ਅਕਾਲੀ ਦਲ ਦੀ ਹੋਵੇਗੀ। ਇਸ ਮੌਕੇ ਉਹਨਾਂ ਨੇ ਭਾਜਪਾ ਵਿਰੁੱਧ ਕੁਝ ਨਾ ਬੋਲਿਆ ਪਰ ਆਮ ਆਦਮੀ ਪਾਰਟੀ ਦੀ ਪੂਰੀ ਨਿਖੇਧੀ ਕੀਤੀ। ਸ. ਬਾਦਲ ਨੇ ਕਿਹਾ ਕਿ ਸਿਰਫ਼ ਅਕਾਲੀ ਦਲ ਹੀ ਪੰਜਾਬੀਆਂ ਦੀ ਮਾਂ ਪਾਰਟੀ ਹੈ ਅਤੇ ਪੰਜਾਬੀਆਂ ਨੂੰ ਇਨਸਾਫ਼ ਸਿਰਫ਼ ਅਕਾਲੀ ਦਲ ਦੀ ਸਰਕਾਰ ਦੇ ਸਕਦੀ ਹੈ। ਉਹਨਾਂ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਇੱਕ ਵਾਰ ਅਕਾਲੀ ਦਲ ਦੀ ਸਰਕਾਰ ਬਣਾ ਦਿਓ ਸਾਰੀਆਂ ਗਾਰੰਟੀਆਂ ਇੱਕ ਮਹੀਨੇ ਵਿੱਚ ਉਹ ਪੂਰੀਆਂ ਕਰ ਦੇਣਗੇ। ਇਸ ਕਾਨ.ਫਰੰਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਸੰਬੋਧਨ ਕੀਤਾ। ਜਥੇਦਾਰ ਧਾਮੀ ਨੇ ਕਿਹਾ ਕਿ ਸਿਆਸੀ ਪਾਰਟੀਆਂ ਖਾਸ ਕਰਕੇ ਰਾਜ ਕਰ ਰਹੀ ਸਿਆਸੀ ਪਾਰਟੀ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਸਾਲ 2027 ਆਉਣ ਵਾਲਾ ਹੈ ਅਤੇ ਪੰਜਾਬ ਦੇ ਲੋਕ ਇਸ ਸਾਲ ਚੋਣਾਂ ਦੌਰਾਨ ਆਪਣਾ ਫੈਸਲਾ ਸੁਣਾ ਦੇਣਗੇ। ਜਥੇਦਾਰ ਧਾਮੀ ਨੇ ਆਪਣੀ ਗੱਲ ਭਾਵੇਂ ਚਾਲੀ ਮੁਕਤਿਆਂ ਨੂੰ ਸ਼ਰਧਾਂਜਲੀ ਦੇਣ ਤੋਂ ਸ਼ੁਰੂ ਕੀਤੀ ਸੀ ਪਰ ਉਹਨਾਂ ਨੇ ਜਲਦੀ ਹੀ ਸਿਆਸੀ ਸੁਰ ਫੜ ਲਈ।

ਭਾਜਪਾ ਦੀ ਸਿਆਸੀ ਕਾਨਫਰੰਸ ਵਿੱਚ ਵੀ ਸੰਗਤਾਂ ਵੱਡੀ ਗਿਣਤੀ ਵਿੱਚ ਸ਼ਾਮਲ ਹੋਈਆਂ, ਜਿਸ ਤੋਂ ਭਾਜਪਾ ਆਗੂ ਕਾਫ਼ੀ ਉਤਸ਼ਾਹਿਤ ਹੋ ਗਏ। ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦਾ ਸਰਬਪੱਖੀ ਵਿਕਾਸ ਕਰਨ ਲਈ ਪੰਜਾਬ ਵਿੱਚ ਹਰਿਆਣਾ ਵਾਂਗ ਡਬਲ ਇੰਜਣ ਸਰਕਾਰ ਦਾ ਹੋਣਾ ਲਾਜ਼ਮੀ ਹੈ। ਇਸ ਕਾਨ.ਫਰੰਸ ਨੂੰ ਕੇਂਦਰ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ, ਸਾਬਕਾ ਸੰਸਦ ਮੈਂਬਰ ਸ੍ਰੀਮਤੀ ਪਰਨੀਤ ਕੌਰ ਅਤੇ ਹੋਰ ਆਗੂਆਂ ਨੇ ਵੀ ਸੰਬੋਧਨ ਕੀਤਾ। ਸਾਰੇ ਬੁਲਾਰਿਆਂ ਦਾ ਕਹਿਣਾ ਸੀ ਕਿ ਭਾਜਪਾ ਹੀ ਪੰਜਾਬ ਵਿੱਚ ਮਜ਼ਬੂਤ ਸਰਕਾਰ ਦੇ ਸਕਦੀ ਹੈ ਅਤੇ ਕੇਂਦਰ ਵਿੱਚ ਵੀ ਭਾਜਪਾ ਸਰਕਾਰ ਹੋਣ ਨਾਲ ਇਸ ਦਾ ਪੰਜਾਬ ਨੂੰ ਬਹੁਤ ਲਾਭ ਹੋਵੇਗਾ ਅਤੇ ਪੰਜਾਬ ਦਾ ਸਰਬਪੱਖੀ ਵਿਕਾਸ ਹੋਵੇਗਾ। ਸਿਆਸੀ ਮਾਹਿਰ ਕਹਿ ਰਹੇ ਹਨ ਕਿ ਜਿਸ ਤਰੀਕੇ ਨਾਲ ਭਾਜਪਾ ਦੀ ਕਾਨਫਰੰਸ ਵਿੱਚ ਵੱਡੀ ਗਿਣਤੀ ਲੋਕਾਂ ਨੇ ਹਾਜਰੀ ਭਰੀ, ਉਸ ਤੋਂ ਪਤਾ ਚਲਦਾ ਹੈ ਕਿ ਭਾਜਪਾ ਇਕੱਲਿਆਂ ਪੰਜਾਬ ਵਿੱਚ ਪੈਰ ਜਮਾਉਣ ਵਿੱਚ ਕਾਮਯਾਬ ਹੋ ਗਈ ਹੈ ਅਤੇ ਸ਼ਹਿਰਾਂ ਦੀ ਪਾਰਟੀ ਕਹਾਉਂਦੀ ਭਾਜਪਾ ਹੁਣ ਪਿੰਡਾਂ ਵਿੱਚ ਵੀ ਆਪਣਾ ਆਧਾਰ ਕਾਇਮ ਕਰ ਗਈ ਹੈ। ਜਿਸ ਨਾਲ ਆਉਣ ਵਾਲੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਸਿਆਸੀ ਸਮੀਕਰਨ ਬਦਲ ਸਕਦੇ ਹਨ।

(ਬਾਕੀ ਸਫ਼ਾ 27 'ਤੇ)

# ਪਾਵਨ ਸਰੂਪਾਂ ਬਾਰੇ 'ਸਿੱਟ' ਦੀ ਜਾਂਚ ਡੇਰਿਆਂ ਵੱਲੋਂ ਕਰਵਾਈਆਂ ਇਕੋਤਰੀਆਂ ਵੱਲ ਵੀ ਹੋਵੇ

## 328 ਪਾਵਨ ਸਰੂਪਾਂ ਤੋਂ ਬਿਨਾਂ ਵੀ ਸੈਂਕੜੇ ਸਰੂਪ ਡੇਰਿਆਂ ਵਿੱਚੋਂ ਮਿਲਣ ਦੀ ਸੰਭਾਵਨਾ

## ਕੀ ਇਹਨਾਂ ਸਰੂਪਾਂ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਈ ਹਿਸਾਬ ਕਿਤਾਬ ਰੱਖਦੀ ਹੈ?



ਕਰਮਜੀਤ ਸਿੰਘ ਚੰਡੀਗੜ੍ਹ
ਸੀਨੀਅਰ ਪੱਤਰਕਾਰ

ਬੰਗਾ ਨੇੜੇ ਮਿਲੇ 169 ਪਾਵਨ ਸਰੂਪਾਂ ਦੀ ਮੁੱਖ ਮੰਤਰੀ ਵੱਲੋਂ ਖ਼ਬਰ ਮਿਲਣ ਤੋਂ ਮਗਰੋਂ ਗੁੰਮ ਹੋਏ ਪਾਵਨ ਸਰੂਪਾਂ ਦੀ ਜਾਂਚ ਕਰਨ ਲਈ ਬਣੀ ਕਮੇਟੀ ਨੂੰ ਹੁਣ ਆਪਣੀ ਜਾਂਚ ਦੀ ਦਿਸ਼ਾ ਇਕੋਤਰੀਆਂ ਵੱਲ ਵੀ ਮੋੜਨ ਦਾ ਸਮਾਂ ਆ ਗਿਆ ਹੈ। ਇਕੋਤਰੀ ਅਖੰਡ ਪਾਠ ਕਰਾਉਣ ਦੀ ਇੱਕ ਪਰੰਪਰਾ ਹੈ ਜਿਸ ਵਿੱਚ ਵਿਸ਼ੇਸ਼ ਕਰਕੇ ਡੇਰੇ ਕਰਾਉਂਦੇ ਹਨ ਅਤੇ ਜਿਸ ਵਿੱਚ 101 ਅਖੰਡ ਪਾਠ ਲਗਾਤਾਰ 48 ਘੰਟੇ ਤੱਕ ਚਲਦੇ ਰਹਿੰਦੇ ਹਨ।

ਹੁਣ ਵੇਲਾ ਆ ਗਿਆ ਹੈ ਕਿ 2010 ਤੋਂ ਪਿੱਛੋਂ ਪੰਜਾਬ ਅਤੇ ਪੰਜਾਬ ਤੋਂ ਬਾਹਰ ਜਿੰਨੀਆਂ ਵੀ ਇਕੋਤਰੀਆਂ ਹੋਈਆਂ ਹਨ, ਉਹਨਾਂ ਦੀ ਗਿਣਤੀ ਕੀਤੀ ਜਾਵੇ ਅਤੇ ਇਹ ਪੜਤਾਲ ਵੀ ਕੀਤੀ ਜਾਵੇ ਕਿ ਇਹ ਇਕੋਤਰੀਆਂ ਕਿੱਥੇ ਕਿੱਥੇ ਹੋਈਆਂ? ਕਿਸ ਡੇਰੇ ਜਾਂ ਗੁਰਦੁਆਰੇ ਨੇ ਕਰਵਾਈਆਂ? ਉਹਨਾਂ ਵਿੱਚੋਂ ਕਿੰਨੇ ਗੁਰਦੁਆਰਾ ਸਾਹਿਬਾਨ ਸ਼੍ਰੋਮਣੀ ਕਮੇਟੀ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਹਨ? ਇਹ ਜਾਣਕਾਰੀ ਵੀ ਇਕੱਠੀ ਕੀਤੀ ਜਾਵੇ ਕਿ ਇਹਨਾਂ ਡੇਰਿਆਂ ਦੀ ਮਰਿਆਦਾ ਕੀ ਰਹਿਤ ਮਰਿਆਦਾ ਦੇ ਅਨੁਕੂਲ ਹੁੰਦੀ ਹੈ ਜਾਂ ਨਹੀਂ? ਕੀ ਸਰੂਪ ਦੇਣ ਵੇਲੇ ਇਸ ਗੱਲ ਦਾ ਧਿਆਨ ਰੱਖਿਆ ਜਾਂਦਾ ਹੈ ਜਾਂ ਇਸ ਨੂੰ ਅਣਗੌਲਿਆਂ ਹੀ ਕਰ ਦਿੱਤਾ ਜਾਂਦਾ ਹੈ?

ਇਸ ਸਮੇਂ ਸਵਾਲ 328 ਗੁੰਮ ਹੋਏ ਸਰੂਪਾ ਤੱਕ ਹੀ ਨਹੀਂ ਰਹਿ ਗਿਆ ਸਗੋਂ ਇਹ ਵੱਡਾ ਸਵਾਲ ਵੀ ਕੀਤਾ ਜਾ ਸਕਦਾ ਹੈ ਕਿ ਇਨੀ ਵੱਡੀ ਗਿਣਤੀ ਵਿੱਚ ਪਾਵਨ ਸਰੂਪ ਕੀ ਸ਼੍ਰੋਮਣੀ ਕਮੇਟੀ ਵੱਲੋਂ ਦਿੱਤੇ ਗਏ? ਕਿਸ ਦੀ ਸਿਫਾਰਿਸ਼ ਉੱਤੇ ਦਿੱਤੇ ਗਏ? ਕਦੋਂ ਦਿੱਤੇ ਗਏ? ਕੀ ਉਹਨਾਂ ਪਾਵਨ ਸਰੂਪਾਂ ਦੀ ਵਾਪਸੀ ਦਾ ਕੋਈ ਹਿਸਾਬ ਕਿਤਾਬ ਸ਼੍ਰੋਮਣੀ ਕਮੇਟੀ ਦੇ ਸਬੰਧਿਤ ਵਿਭਾਗ ਦੇ ਦਫ਼ਤਰ ਵਿੱਚ ਰੱਖਿਆ ਮਿਲਦਾ ਹੈ? ਇਨੇ ਵੱਡੇ ਗੰਭੀਰ ਮਸਲੇ ਉੱਤੇ ਪ੍ਰਬੰਧ ਵਿੱਚ ਉਹ ਕਿਹੜੀਆਂ ਪਰਤਾਂ ਹਨ ਜਿਨਾਂ ਨੂੰ ਕਿਸੇ ਵੀ ਬੇਨਿਯਮੀ ਉੱਤੇ ਜਵਾਬ ਦੇਹ ਬਣਾਇਆ ਜਾ ਸਕਦਾ ਹੈ? ਸਿੱਟ ਨੂੰ ਸ਼੍ਰੋਮਣੀ ਕਮੇਟੀ ਤੋਂ ਇਹ ਵੱਡੇ ਸਵਾਲ ਪੁੱਛਣੇ ਬਣਦੇ ਹਨ।

ਸਿੱਟ ਦਾ ਫਰਜ਼ ਬਣਦਾ ਹੈ ਕਿ ਉਹ ਸਬੰਧਿਤ ਡੇਰਿਆਂ ਦੀ ਪੜਤਾਲ ਕਰਕੇ ਆਪਣੀ ਵਿਸ਼ੇਸ਼ ਟੀਮ ਭੇਜੇ ਅਤੇ ਇਸ ਅਹਿਮ ਨੁਕਤੇ ਨੂੰ ਗੰਭੀਰਤਾ ਨਾਲ ਵੇਖੇ ਕਿ ਡੇਰਿਆਂ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਸੰਭਾਲ ਕਿਵੇਂ ਕੀਤੀ ਜਾਂਦੀ ਹੈ ਅਤੇ ਡੇਰਿਆਂ ਦੇ ਪ੍ਰਬੰਧਕ ਇਸ ਮਾਮਲੇ ਨੂੰ ਕਿੰਨੀ ਕੁ ਸ਼ਰਧਾ, ਸਤਿਕਾਰ ਤੇ ਗੰਭੀਰਤਾ ਨਾਲ ਵੇਖਦੇ ਹਨ ਲੋੜ ਪੈਣ ਉੱਤੇ ਸਿੱਟ ਵੀਡੀਓਗਰਾਫੀ ਵੀ ਕਰੇ।

ਜੇ ਇੱਕ ਅਨੁਮਾਨ ਮੁਤਾਬਕ ਹੁਣ ਤੱਕ 10 ਇਕੋਤਰੀਆਂ ਵੀ 2010 ਤੋਂ ਪਿੱਛੋਂ ਹੋ ਚੁੱਕੀਆਂ ਹਨ ਤਾਂ ਸਪਸ਼ਟ ਹੈ ਕਿ ਪਾਵਨ ਸਰੂਪਾਂ ਦੀ ਗਿਣਤੀ ਹਜ਼ਾਰ ਦੇ ਕਰੀਬ ਹੈ.ਕੀ ਉਹ ਸਰੂਪ ਇਕੋਤਰੀਆਂ ਤੋਂ ਪਿੱਛੋਂ ਸ਼੍ਰੋਮਣੀ ਕਮੇਟੀ ਕੋਲ ਪਹੁੰਚਦੇ ਹਨ ਜਾਂ ਨਹੀ? ਕੀ ਇਹ ਸੈਂਕੜੇ ਸਰੂਪ ਅਜੇ ਵੀ ਡੇਰਿਆਂ ਵਿੱਚ ਹੀ ਹਨ।

ਪਾਵਨ ਸਰੂਪਾਂ ਦੇ ਗੁੰਮ ਹੋਣ ਬਾਰੇ ਇੱਕ ਵੱਡਾ ਸੂਤਰ ਰੂਪ ਸਿੰਘ ਜੋ ਉਸ ਸਮੇਂ ਸਭ ਤੋਂ ਉੱਚੇ ਪਦ ਅਰਥਾਤ ਮੁੱਖ ਸਕੱਤਰ ਦੇ ਅਹੁਦੇ ਉੱਤੇ ਸੁਸ਼ੋਭਤ ਸੀ ਅਤੇ ਜਿਸ ਬਾਰੇ ਈਸ਼ਰ ਸਿੰਘ ਦੀ ਰਿਪੋਰਟ ਵਿੱਚ ਉਸਦੀ ਭੂਮਿਕਾ ਸ਼ੱਕ ਦੇ ਘੇਰੇ ਵਿੱਚ ਦੱਸੀ ਗਈ ਹੈ ਅਤੇ ਜਿਸ ਬਾਰੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਜਾਂ ਤਾਂ ਪੂਰੀ ਤਰ੍ਹਾਂ ਸਾਫ, ਸੁਹਿਰਦ ਤੇ ਸਪਸ਼ਟ ਨਹੀਂ ਅਤੇ ਜਾਂ ਫਿਰ ਉਸ ਨੂੰ ਕਿਸੇ ਵਿਸ਼ੇਸ਼ ਕਾਰਨ ਕਰਕੇ ਜਾਂਚ ਦੇ ਘੇਰੇ ਤੋਂ ਬਾਹਰ ਰੱਖਿਆ ਗਿਆ ਸੀ ਕੀ ਰੂਪ ਸਿੰਘ ਨੂੰ ਵਿਦੇਸ਼ ਤੋਂ ਇੱਥੇ ਮੰਗਵਾਉਣ ਲਈ ਸਿੱਟ ਵੱਲੋਂ ਕੋਈ ਠੋਸ ਕਦਮ ਚੁੱਕੇ ਗਏ ਹਨ?



# ਸ੍ਰੀ ਅਕਾਲ ਤਖਤ ਸਕੱਤਰੇਤ ਵਿਖੇ ਪੇਸ਼ ਹੋ ਕੇ ਮੁੱਖ ਮੰਤਰੀ ਮਾਨ ਨੇ ਜਥੇਦਾਰ ਸਾਹਿਬ ਨੂੰ ਸੌਂਪਿਆ ਸਪੱਸ਼ਟੀਕਰਨ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿੱਖ ਰਹਿਤ ਮਰਿਆਦਾ ਤੇ ਸਰਬਉੱਚਤਾ, ਗੁਰੂ ਕੀ ਗੋਲਕ ਵਿਰੁੱਧ ਇਤਰਾਜ਼ਯੋਗ ਟਿੱਪਣੀਆਂ ਕਰਨ, ਗੁਰੂ ਸਾਹਿਬਾਨ ਅਤੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਦੀਆਂ ਤਸਵੀਰਾਂ ਨਾਲ ਇਤਰਾਜ਼ਯੋਗ ਗਤੀਵਿਧੀ ਕਰਦਿਆਂ ਦੀ ਸਾਹਮਣੇ ਆਈ ਵੀਡੀਓ ਆਦਿ ਮਾਮਲਿਆਂ ਦੇ ਸਬੰਧ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਿਛਲੇ ਦਿਨੀਂ ਅਕਾਲ ਤਖ਼ਤ ਸਕੱਤਰੇਤ ’ਚ ਆਪਣਾ ਸਪੱਸ਼ਟੀਕਰਨ ਸੌਂਪਿਆ। ਇਸ ’ਤੇ ਹੁਣ ਪੰਜ ਸਿੰਘ ਸਾਹਿਬਾਨ ਦੀ ਹੋਣ ਵਾਲੀ ਇਕੱਤਰਤਾ ਵਿੱਚ ਵਿਚਾਰ ਕੀਤਾ ਜਾਵੇਗਾ। ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਦੱਸਿਆ ਕਿ ਮੁੱਖ ਮੰਤਰੀ ਨਾਲ ਬਹੁਤ ਹੀ ਚੰਗੇ ਮਾਹੌਲ ਵਿੱਚ ਗੱਲਬਾਤ ਹੋਈ ਹੈ ਅਤੇ ਉਹ ਆਪਣਾ ਪੱਖ ਰੱਖ ਕੇ ਗਏ ਹਨ। ਇਸ ਤੋਂ ਪਹਿਲਾਂ ਉਨ੍ਹਾਂ ਅਕਾਲ ਤਖ਼ਤ ਵਿਖੇ ਮੱਥਾ ਟੇਕਿਆ ਅਤੇ ਦੇਗ ਵੀ ਕਰਾਈ।



ਸਕੱਤਰੇਤ ’ਚ ਲਗਭਗ 40 ਮਿੰਟ ਚੱਲੀ ਗੱਲਬਾਤ ਦੌਰਾਨ ਮੁੱਖ ਮੰਤਰੀ ਪਾਸੋਂ ਉਨ੍ਹਾਂ ਵਿਰੁੱਧ ਪੁੱਜੀਆਂ ਸ਼ਿਕਾਇਤਾਂ ਵਿੱਚ ਲੱਗੇ ਵੱਖ-ਵੱਖ ਦੋਸ਼ਾਂ ਦਾ ਇੱਕ-ਇੱਕ ਕਰ ਕੇ ਸਪੱਸ਼ਟੀਕਰਨ ਲਿਆ ਗਿਆ। ਭਗਵੰਤ ਮਾਨ ਆਪਣੇ ਨਾਲ ਇੱਕ ਬੈਗ ਵੀ ਲੈ ਕੇ ਆਏ ਸਨ ਜਿਸ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਸ਼ਿਕਾਇਤਾਂ ਅਤੇ ਹੋਰ ਦਸਤਾਵੇਜ਼ ਸ਼ਾਮਲ ਸਨ, ਜੋ ਉਨ੍ਹਾਂ ਸਕੱਤਰੇਤ ’ਚ ਸੌਂਪਿਆ ਹੈ।

ਮੀਡੀਆ ਨਾਲ ਗੱਲਬਾਤ ਕਰਦਿਆਂ ਜਥੇਦਾਰ ਗੜਗੱਜ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਸਮਰਪਣ ਭਾਵ ਨਾਲ ਪ੍ਰਵਾਨ ਕਰਦਿਆਂ ਇਹ ਮਹਿਸੂਸ ਕੀਤਾ ਹੈ ਕਿ ਉਨ੍ਹਾਂ ਵੱਲੋਂ ਬੀਤੇ ਸਮੇਂ ’ਚ ਕੁਝ ਗਲਤ ਬਿਆਨੀਆਂ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਦੀ ਇਤਰਾਜ਼ਯੋਗ ਵੀਡੀਓ ਦੀ ਫੋਰੈਂਸਿਕ ਜਾਂਚ ਕਰਵਾਈ ਜਾਵੇਗੀ।

ਜਥੇਦਾਰ ਨੇ ਕਿਹਾ ਕਿ ਮੁੱਖ ਮੰਤਰੀ ਸੂਬੇ ਅੰਦਰ ਮੌਜੂਦ ਹਰ ਧਰਮ ਦਾ ਤਰਜਮਾਨ ਹੁੰਦਾ ਹੈ ਅਤੇ ਉਨ੍ਹਾਂ ਵੱਲੋਂ ਸਿੱਖ ਧਰਮ ਬਾਰੇ ਕੀਤੀਆਂ ਗਈਆਂ ਟਿੱਪਣੀਆਂ ਠੀਕ ਨਹੀਂ ਹਨ। ਮੁੱਖ ਮੰਤਰੀ ਨੂੰ ਇਸ ਗੱਲ ਤੋਂ ਵਰਜਿਆ ਗਿਆ ਹੈ ਕਿ ਉਹ ਅਗਾਂਹ ਤੋਂ ਸਿੱਖਾਂ ਦੇ ਮਾਮਲਿਆਂ ਬਾਰੇ ਗ਼ਲਤ ਸ਼ਬਦਾਵਲੀ ਨਾ ਵਰਤਣ। ਜਥੇਦਾਰ ਨੇ ਮੁੱਖ ਮੰਤਰੀ ਨੂੰ ਅਕਾਲ ਤਖ਼ਤ ਸਾਹਿਬ ਦੀ ਪੰਥ ਪ੍ਰਵਾਨਤ ਸਿੱਖ ਰਹਿਤ ਮਰਿਆਦਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਮਦਨ ਅਤੇ ਖ਼ਰਚਿਆਂ ਨਾਲ ਸਬੰਧਤ ਚਿੱਠੀਆਂ ਦਾ ਰਿਕਾਰਡ ਪ੍ਰਕਾਸ਼ਿਤ ਕਰਨ ਵਾਲੇ ਮਾਸਿਕ ਗੁਰਦੁਆਰਾ ਗਜ਼ਟ ਰਸਾਲੇ ਦੀ ਕਾਪੀ ਵੀ ਵਿਸ਼ੇਸ਼ ਤੌਰ ਉੱਤੇ ਦਿੰਦਿਆਂ (ਬਾਕੀ ਸਫ਼ਾ 26 ’ਤੇ)

## ਅਕਾਲ ਤਖ਼ਤ ਦੀ ਸਰਬਉੱਚਤਾ ’ਚ ਪੂਰਾ ਵਿਸ਼ਵਾਸ: ਭਗਵੰਤ ਮਾਨ

ਅੰਮ੍ਰਿਤਸਰ/ਏ.ਟੀ.ਨਿਊਜ਼: ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਨਿਮਾਣੇ ਸਿੱਖ ਵਜੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਵਿੱਚ ਪੂਰਨ ਵਿਸ਼ਵਾਸ ਰੱਖਦੇ ਹਨ ਅਤੇ ਉਥੋਂ ਦਾ ਹਰ ਫੈਸਲਾ ਸਿਰ-ਮੱਥੇ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਚੁਣੌਤੀ ਦੇਣ ਜਾਂ ਕਮਜ਼ੋਰ ਕਰਨ ਬਾਰੇ ਉਹ ਕਦੇ ਵੀ ਨਹੀਂ ਸੋਚ ਸਕਦੇ ਹਨ। ਅਕਾਲ ਤਖ਼ਤ ਸਾਹਿਬ ਸਕੱਤਰੇਤ ’ਚ ਸਪੱਸ਼ਟੀਕਰਨ ਦੇਣ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਜਥੇਦਾਰ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਪੇਸ਼ ਹੋਏ ਹਨ ਅਤੇ ਉਹ ਜਥੇਦਾਰ ਦੇ ਹਰ ਫ਼ੈਸਲੇ ਦੀ ਪਾਲਣਾ ਕਰਨਗੇ। ਉਨ੍ਹਾਂ ਅਕਾਲ ਤਖ਼ਤ ਸਾਹਿਬ ਅਤੇ ਪੰਜਾਬ ਸਰਕਾਰ ਦਰਮਿਆਨ ਕਿਸੇ ਵੀ ਤਰ੍ਹਾਂ ਦੇ ਟਕਰਾਅ ਬਾਰੇ ਘੜੇ ਜਾ ਰਹੇ ਬਿਰਤਾਂਤ ਨੂੰ ਮੁੱਢੋਂ ਨਕਾਰ ਦਿੱਤਾ। ‘ਆਪ’ ਸਰਕਾਰ ਸਿਰਫ਼ ਪੰਜਾਬ ਦੀ ਤਰੱਕੀ ਅਤੇ ਲੋਕਾਂ ਦੀ ਭਲਾਈ ’ਤੇ ਕੇਂਦਰਿਤ ਹੈ। ਉਨ੍ਹਾਂ ਦੱਸਿਆ ਕਿ ਜਥੇਦਾਰ ਨੂੰ 25 ਤੋਂ 30,000 ਪੰਨਿਆਂ ਦੀਆਂ ਸ਼ਿਕਾਇਤਾਂ ਸੌਂਪੀਆਂ ਹਨ। ਗੁਰੂ ਗ੍ਰੰਥ ਸਾਹਿਬ ਦੇ ਲਾਪਤਾ ਸਰੂਪਾਂ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਦੇ ਗਠਨ ਬਾਰੇ ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਇਸ ਪਿੱਛੇ ਕੋਈ ਸਿਆਸੀ ਮਨਸ਼ਾ ਨਹੀਂ ਹੈ। ਉਨ੍ਹਾਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਅਪੀਲ ਕੀਤੀ ਕਿ ਉਹ ਸ਼੍ਰੋਮਣੀ ਕਮੇਟੀ ਨੂੰ ਲਾਪਤਾ ਹੋਏ ਸਰੂਪਾਂ ਦਾ ਪਤਾ ਲਾਉਣ ਲਈ ਉਨ੍ਹਾਂ ਵੱਲੋਂ ਪ੍ਰਕਾਸ਼ਿਤ ਗੁਰੂ ਗ੍ਰੰਥ ਸਾਹਿਬ ਦੇ ਹਰੇਕ ਸਰੂਪ ਨੂੰ ਦਿੱਤਾ ਗਿਆ ਵਿਲੱਖਣ ਕੋਡ ਮੁਹੱਈਆ ਕਰਾਉਣ ਲਈ ਆਦੇਸ਼ ਜਾਰੀ ਕਰਨ। ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ, ‘ਆਪ’ ਆਗੂ ਬਲਤੇਜ ਸਿੰਘ ਪੰਨੂ ਤੇ ਹੋਰ ਵੀ ਸਨ।

# ਆਤਿਸ਼ੀ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰੇਗੀ ਸ਼੍ਰੋਮਣੀ ਕਮੇਟੀ

## ਐਸ.ਜੀ.ਪੀ.ਸੀ. ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਕੀਤਾ ਗਿਆ ਫ਼ੈਸਲਾ

ਅੰਮ੍ਰਿਤਸਰ/ਏ.ਟੀ.ਨਿਊਜ਼: ਗੁਰੂ ਸਾਹਿਬਾਨ ਬਾਰੇ ਕਥਿਤ ਇਤਰਾਜ਼ਯੋਗ ਟਿੱਪਣੀ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਅਤੇ ‘ਆਪ’ ਆਗੂ ਆਤਿਸ਼ੀ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰੇਗੀ। ਇਹ ਫ਼ੈਸਲਾ ਪਿਛਲੇ ਦਿਨੀਂ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਮੀਟਿੰਗ ਦੌਰਾਨ ਆਤਿਸ਼ੀ ਖ਼ਿਲਾਫ਼ ਨਿੰਦਾ ਮਤਾ ਵੀ ਪਾਸ ਕੀਤਾ ਗਿਆ। ਸ੍ਰੀ ਧਾਮੀ ਦੀ ਅਗਵਾਈ ’ਚ ਪਿਛਲੇ ਦਿਨੀਂ ਇੱਥੇ ਸ਼੍ਰੋਮਣੀ ਕਮੇਟੀ ਦਫ਼ਤਰ ਵਿੱਚ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਹੋਈ ਹੈ। ਮੀਟਿੰਗ ਵਿੱਚ ਬੀਤੇ ਦਿਨੀਂ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਅਤੇ ‘ਆਪ’ ਆਗੂ ਆਤਿਸ਼ੀ ਵੱਲੋਂ ਸਿੱਖ ਗੁਰੂ ਸਾਹਿਬਾਨ ਖ਼ਿਲਾਫ਼ ਕੀਤੀ ਕਥਿਤ ਅਪਮਾਨਜਨਕ ਟਿੱਪਣੀ ਬਾਰੇ ਨਿੰਦਾ ਮਤਾ ਪਾਸ ਕਰਦਿਆਂ ਉਸ ਖ਼ਿਲਾਫ਼ ਸਖ਼ਤ ਕਾਰਵਾਈ ਦਾ ਫ਼ੈਸਲਾ ਕੀਤਾ ਗਿਆ। ਦਿੱਲੀ ਵਿਧਾਨ ਸਭਾ ਦੇ ਸੈਸ਼ਨ ਵਿੱਚ ਲੋਕਾਂ ਵੱਲੋਂ ਚੁਣੇ ਨੁਮਾਇੰਦੇ ਨੇ ਗੁਰੂ ਸਾਹਿਬਾਨ ਬਾਰੇ ਕਥਿਤ ਅਪਮਾਨਜਨਕ ਸ਼ਬਦਾਵਲੀ ਵਰਤ ਕੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਜਿਹਾ ਕਰ ਕੇ ‘ਆਪ’ ਆਗੂ ਨੇ ਆਪਣੀ ਘਟੀਆ ਮਾਨਸਿਕਤਾ ਦਾ ਪ੍ਰਗਟਾਵਾ ਕੀਤਾ ਹੈ, ਜਿਸ ਕਾਰਨ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



ਇਸੇ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸੱਚਖੰਡ ਹਰਿਮੰਦਰ ਸਾਹਿਬ ਦੇ ਪਾਵਨ ਸਰੋਵਰ ਵਿੱਚ ਨੌਜਵਾਨ ਵੱਲੋਂ ਮਰਿਆਦਾ ਦੇ ਉਲਟ ਜਾ ਕੇ ਕੀਤੀ ਹਰਕਤ ਦੀ ਵੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਮਰਿਆਦਾ ਵਿਰੁੱਧ ਕਿਸੇ ਵੀ ਹਰਕਤ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਹਰ ਧਰਮ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਸਮੇਂ ਇੱਥੋਂ ਦੀ ਪਾਵਨ ਮਰਿਆਦਾ ਦਾ ਸਨਮਾਨ ਕੀਤਾ ਜਾਵੇ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਵਿਦਿਆਰਥੀਆਂ ਨੂੰ ਮੁਕਾਬਲਾ ਪ੍ਰੀਖਿਆਵਾਂ ਦੀ ਤਿਆਰੀ ਕਰਵਾਉਣ ਲਈ ਨਿਸ਼ਚੈ ਪ੍ਰਸ਼ਾਸਕੀ ਸੇਵਾਵਾਂ ਸਿਖਲਾਈ ਕੇਂਦਰ ਦੇ ਛੇ ਵਿਦਿਆਰਥੀਆਂ ਵੱਲੋਂ ਪੀ ਸੀ ਐੱਸ ਦੀ ਮੁੱਢਲੀ ਪ੍ਰੀਖਿਆ ਪਾਸ ਕਰਨ ਅਤੇ ਨਿਸ਼ਚੈ ਅਕੈਡਮੀ ਆਫ ਜੁਡੀਸ਼ਲ ਸਰਵਿਸਿਜ਼ ਬਹਾਦਰਗੜ੍ਹ ਪਟਿਆਲਾ ਦੀ ਵਿਦਿਆਰਥਣ ਵੱਲੋਂ ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ ਵੱਲੋਂ ਲਾਅ ਅਫ਼ਸਰ ਦੀ ਪ੍ਰੀਖਿਆ ਪਾਸ ਕਰਨ ਦੀ ਵੀ ਸ਼ਲਾਘਾ ਕੀਤੀ। ਸ੍ਰੀ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਯਤਨ ਹੈ ਕਿ ਸਿੱਖ ਵਿਦਿਆਰਥੀ ਮੁਕਾਬਲਾ ਪ੍ਰੀਖਿਆਵਾਂ ਨੂੰ ਪਾਸ ਕਰ ਕੇ ਉੱਚ ਅਹੁਦਿਆਂ ’ਤੇ ਪਹੁੰਚਣ। ਅੰਤ੍ਰਿੰਗ ਕਮੇਟੀ ਵੱਲੋਂ ਅੱਜ ਦੀ ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਮਾਮਲਿਆਂ ਅਤੇ ਗੁਰਦੁਆਰਾ ਸਾਹਿਬਾਨ, ਟਰੱਸਟ ਵਿਭਾਗ ਸਣੇ ਵੱਖ-ਵੱਖ ਵਿਭਾਗਾਂ ਦੇ ਮਾਮਲੇ ਵਿਚਾਰੇ ਗਏ। ਇਕੱਤਰਤਾ ਦੌਰਾਨ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ, ਮੁੱਖ ਸਕੱਤਰ ਕੁਲਵੰਤ ਸਿੰਘ ਅਤੇ ਅੰਤ੍ਰਿੰਗ ਮੈਂਬਰਾਂ ਸਣੇ ਓ ਐੱਸ ਡੀ ਸਤਬੀਰ ਸਿੰਘ ਧਾਮੀ, ਸਕੱਤਰ ਪ੍ਰਤਾਪ ਸਿੰਘ, ਸੁਖਮਿੰਦਰ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ ਤੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਮੌਜੂਦ ਸਨ।

# ਪਾਵਨ ਸਰੂਪ ਮਾਮਲੇ ’ਤੇ ਰਾਜਨੀਤੀ ਕਰ ਰਹੇ ਹਨ ਸੁਖਬੀਰ ਬਾਦਲ: ਸਿੱਖ ਜਥੇਬੰਦੀਆਂ

## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੋਂ ਨਿਰਪੱਖ ਪੜਤਾਲੀਆ ਕਮੇਟੀ ਬਣਾਉਣ ਦੀ ਮੰਗ

ਅੰਮ੍ਰਿਤਸਰ/ਏ.ਟੀ.ਨਿਊਜ਼: 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਮੁੱਖ ਸ਼ਿਕਾਇਤਕਰਤਾ ਸਿੱਖ ਸਦਭਾਵਨਾ ਦਲ ਦੇ ਭਾਈ ਬਲਦੇਵ ਸਿੰਘ ਵਡਾਲਾ, ਕਿਸਾਨ ਆਗੂ ਬਲਦੇਵ ਸਿੰਘ ਸਿਰਸਾ ਅਤੇ ਸਤਿਕਾਰ ਕਮੇਟੀ ਦੇ ਸੁਖਜੀਤ ਸਿੰਘ ਖੋਸਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਹੋਰ ਸਿਆਸੀ ਆਗੂਆਂ ’ਤੇ ਇਸ ਸੰਵੇਦਨਸ਼ੀਲ ਮਸਲੇ ਨੂੰ ਰਾਜਸੀ ਰੰਗਤ ਦੇਣ ਅਤੇ ਸੱਚਾਈ ਨੂੰ ਦਬਾਉਣ ਦੇ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਪਾਵਨ ਸਰੂਪਾਂ ਸਬੰਧੀ ਪਿਛਲੇ ਪੰਜ ਸਾਲਾਂ ਦੇ ਸੰਘਰਸ਼ ਅਤੇ ਹਾਈ ਕੋਰਟ ਦੇ ਹੁਕਮਾਂ ਤੋਂ ਬਾਅਦ ਬਣੀ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਜਦੋਂ ਜਾਂਚ ਤੇਜ਼ ਕੀਤੀ ਤਾਂ ਬੰਗੇ ਨੇੜਿਓਂ ਇੱਕ ਸਥਾਨ ਤੋਂ 169 ਪਾਵਨ ਸਰੂਪ ਮਿਲੇ ਹਨ। ਉਨ੍ਹਾਂ ਸਵਾਲ ਕੀਤਾ ਕਿ ਇਹ ਪਾਵਨ ਸਰੂਪ ਉੱਥੇ ਕਿਸ ਦੇ ਕਹਿਣ ’ਤੇ ਭੇਜੇ ਗਏ ਅਤੇ ਰਿਕਾਰਡ ਵਿੱਚ ਦਰਜ ਕਿਉਂ ਨਹੀਂ ਕੀਤੇ ਗਏ? ਭਾਈ ਸੁਖਜੀਤ ਸਿੰਘ ਖੋਸਾ ਨੇ ਦਾਅਵਾ ਕੀਤਾ ਕਿ ਜਿਸ ਸਥਾਨ ਨੂੰ ਗੁਰਦੁਆਰਾ ਸਾਹਿਬ ਦੱਸ ਕੇ



ਰਾਜਨੀਤੀ ਕੀਤੀ ਜਾ ਰਹੀ ਹੈ, ਉੱਥੇ ਸਿੱਖ ਰਹਿਤ ਮਰਿਆਦਾ ਦੀ ਉਲੰਘਣਾ ਹੋ ਰਹੀ ਹੈ। ਭਾਈ ਵਡਾਲਾ ਨੇ ਦੋਸ਼ ਲਾਇਆ ਕਿ ਜਦੋਂ ‘ਸਿਟ’ ਜਾਂਚ ਕਰ ਰਹੀ ਹੈ, ਤਾਂ ਸੁਖਬੀਰ ਬਾਦਲ ਅਤੇ ਹੋਰ ਲੀਡਰ ਕਥਿਤ ਲੋਕਾਂ ਨੂੰ ਭੜਕਾ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਅਤੇ ਸੁਖਬੀਰ ਬਾਦਲ ਸਿਰਫ਼ ਆਪਣੇ ਅਫ਼ਸਰਾਂ ਤੇ ਲੀਡਰਾਂ ਨੂੰ ਬਚਾਉਣ ਲਈ ਇਸ ਮਸਲੇ ਨੂੰ ਖੁਰਦ-ਬੁਰਦ ਕਰਨਾ ਚਾਹੁੰਦੇ ਹਨ।

ਸਿੱਖ ਜਥੇਬੰਦੀਆਂ ਨੇ ਪਿਛਲੇ ਦਿਨੀਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਪੱਤਰ ਸੌਂਪ ਕੇ ਮੰਗ ਕੀਤੀ ਕਿ ਜਥੇਦਾਰ ਤੁਰੰਤ ਨਿਰਪੱਖ ਪੜਤਾਲੀਆ ਕਮੇਟੀ ਬਣਾਉਣ, ਜੋ ਉਸ ਸਥਾਨ ਦੀ ਮਰਿਆਦਾ ਦੀ ਜਾਂਚ ਕਰੇ; ਪੰਜਾਬ ਸਰਕਾਰ ਸਰਬ-ਪਾਰਟੀ ਮੀਟਿੰਗ ਸੱਦੇ ਤਾਂ ਜੋ ਪਤਾ ਲੱਗ ਸਕੇ ਕਿ ਕਿਹੜੀ ਪਾਰਟੀ ਗੁਰੂ ਗ੍ਰੰਥ ਸਾਹਿਬ ਦੇ ਨਾਲ ਹੈ ਅਤੇ ਕਿਹੜੀ ਮੁਲਜ਼ਮਾਂ ਦੇ ਨਾਲ।

# ਸੁਖਬੀਰ ਵੱਲੋਂ ਮੁੱਖ ਮੰਤਰੀ ਮਾਨ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਦਖ਼ਲ ਨਾ ਦੇਣ ਦੀ ਚਿਤਾਵਨੀ

ਚੰਡੀਗੜ੍ਹ/ਏ.ਟੀ.ਨਿਊਜ਼: ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਿਛਲੇ ਦਿਨੀਂ ਰਸੋਖਾਨਾ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਜਾਂਚ ਦੌਰਾਨ ਪੰਜਾਬ ਪੁਲਿਸ ਵੱਲੋਂ ਕੀਤੇ ਕਥਿਤ ਅਪਮਾਨ ਦੀ ਨਿਖੇਧੀ ਕੀਤੀ ਹੈ।

ਬੰਗਾ ਨੇੜੇ ਸਥਿਤ ਇਸ ਸਥਾਨ ਦਾ ਦੌਰਾ ਕਰਨ ਮਗਰੋਂ ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਦਖ਼ਲ ਨਾ ਦੇਣ ਦੀ ਚਿਤਾਵਨੀ ਦਿੱਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਗੁਰਦੁਆਰੇ ਵਿੱਚ ਆਈ ਪੁਲਿਸ ਟੀਮ ਮੁੱਖ ਮੰਤਰੀ ਨੂੰ ਰਿਪੋਰਟ ਕਰ ਰਹੀ ਸੀ, ਕਮੇਟੀ ਮੈਂਬਰਾਂ ਮੁਤਾਬਕ ਛਾਪੇ ਦੌਰਾਨ ਮਰਿਆਦਾ ਦਾ ਖਿਆਲ ਨਹੀਂ ਰੱਖਿਆ ਗਿਆ। ਉਨ੍ਹਾਂ ਪੁਲਿਸ



ਨੂੰ ਵੀ ਅਪੀਲ ਕੀਤੀ ਕਿ ਉਹ ਆਪਣੀ ਜ਼ਿੰਮੇਵਾਰੀ ਸਮਝੇ ਅਤੇ ਕਿਸੇ ਦੇ ਕਹਿਣ ’ਤੇ ਬੇਅਦਬੀ ਵਰਗੀਆਂ ਕਾਰਵਾਈਆਂ ਦਾ ਹਿੱਸਾ ਨਾ ਬਣੇ। ਇਸੇ ਦੌਰਾਨ ਉਨ੍ਹਾਂ ਪ੍ਰਬੰਧਕ ਕਮੇਟੀ ਨੂੰ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ। ਇਸ ਮੌਕੇ ਉਨ੍ਹਾਂ ਨਾਲ ਸੀਨੀਅਰ ਆਗੂ ਹੀਰਾ ਸਿੰਘ ਗਾਬੜੀਆ, ਬਲਦੇਵ ਖਹਿਰਾ, ਤੇਜਿੰਦਰ ਸਿੰਘ ਮਿੱਡੂਖੇੜਾ, ਕਮਲ ਚੇਤਲੀ ਅਤੇ ਸੁਖਦੀਪ ਸਿੰਘ ਸੁਕਾਰ ਵੀ ਸਨ। ਜ਼ਿਕਰਯੋਗ ਹੈ ਕਿ ਰਸੋਖਾਨਾ ਕਮੇਟੀ ਦੇ ਆਗੂ ਪਹਿਲਾਂ ਹੀ ਸਰੂਪਾਂ ਬਾਰੇ ਮੁੱਖ ਮੰਤਰੀ ਵੱਲੋਂ ਕੀਤੇ ਗਏ ਦਾਅਵੇ ਨਕਾਰਦਿਆਂ ਸਥਿਤੀ ਸਪੱਸ਼ਟ ਕਰ ਚੁੱਕੇ ਹਨ। ਹਲਕਾ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਨੇ ਵੀ ਕਮੇਟੀ ਦੇ ਪੱਖ ਦੀ ਹਮਾਇਤ ਕੀਤੀ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਹਵਾ ਅਤੇ ਜਲ ਪ੍ਰਦੂਸ਼ਣ

ਵਿਗਿਆਨਕ ਸੋਚ ਵਾਲੇ ਮਹਾਨ ਰਹਿਬਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਦੀਆਂ ਪਹਿਲਾਂ ਹਵਾ ਦੀ ਤੁਲਨਾ ਗੁਰੂ, ਪਾਣੀ ਦੀ ਤੁਲਨਾ ਪਿਤਾ ਤੇ ਧਰਤੀ ਦੀ ਤੁਲਨਾ ਮਾਤਾ ਨਾਲ ਕੀਤੀ ਸੀ। ਇਸ ਉਪਦੇਸ਼ ਰਾਹੀਂ ਗੁਰੂ ਸਾਹਿਬ ਨੇ ਹਵਾ, ਪਾਣੀ ਤੇ ਧਰਤੀ ਨੂੰ ਬਚਾਉਣ ਦੇ ਨਾਲ ਹੀ ਗੁਰੂ, ਪਿਤਾ ਤੇ ਮਾਤਾ ਦਾ ਆਦਰ-ਸਤਿਕਾਰ ਕਰਨ ਤੇ ਉਨ੍ਹਾਂ ਦੀ ਸੇਵਾ-ਸੰਭਾਲ ਕਰਨ ਦਾ ਸੰਦੇਸ਼ ਵੀ ਦਿੱਤਾ ਸੀ। ਮੌਜੂਦਾ ਸਮੇਂ 'ਚ ਹਾਲਾਤ ਇਹ ਹਨ ਕਿ ਬਹੁਤੇ ਲੋਕ ਜ਼ਿੰਦਗੀ ਦੀ ਅੰਨ੍ਹੀ ਦੌੜ 'ਚ ਏਨੇ ਜ਼ਿਆਦਾ ਰੁੱਝੇ ਹੋਏ ਹਨ ਕਿ ਉਹ ਨਾ ਤਾਂ ਗੁਰੂ, ਪਿਤਾ ਤੇ ਮਾਤਾ ਨੂੰ ਸਤਿਕਾਰ ਦਿੰਦੇ ਹਨ ਤੇ ਨਾ ਹੀ ਉਨ੍ਹਾਂ ਦੀ ਸੇਵਾ-ਸੰਭਾਲ ਵੱਲ ਧਿਆਨ ਦੇ ਰਹੇ ਹਨ।

ਇਸ ਸਮੇਂ ਪੰਜਾਬ ਸਮੇਤ ਪੂਰੇ ਉੱਤਰੀ ਭਾਰਤ ਵਿੱਚ ਹਵਾ ਅਤੇ ਜਲ ਪ੍ਰਦੂਸ਼ਣ ਵੱਡੀ ਚਿੰਤਾ ਅਤੇ ਸਮੱਸਿਆ ਬਣੇ ਹੋਏ ਹਨ। ਅੱਜ ਦੇ ਮਨੁੱਖ ਨੇ ਹਵਾ ਨੂੰ ਇਸ ਕਦਰ ਪ੍ਰਦੂਸ਼ਿਤ ਕਰ ਦਿੱਤਾ ਕਿ ਅੱਜ ਮਨੁੱਖ ਦਾ ਆਪਣਾ ਤਾਂ ਕੀ, ਜੀਵ ਜੰਤੂਆਂ ਦਾ ਸਾਹ ਲੈਣਾ ਔਖਾ ਹੋ ਰਿਹਾ ਹੈ। ਹਵਾ ਵਿੱਚ ਨਾਈਟਰੋਜਨ ਆਕਸਾਈਡ, ਸਲਫਰ ਡਾਈਆਕਸਾਈਡ, ਕਾਰਬਨ ਡਾਈਆਕਸਾਈਡ ਅਤੇ ਕਲੋਰੋ ਫਲੋਰੋ ਕਾਰਬਨ ਵਰਗੀਆਂ ਜ਼ਹਿਰੀਲੀਆਂ ਗੈਸਾਂ ਦੀ ਵਧਦੀ ਮਾਤਰਾ ਕਾਰਨ ਮਨੁੱਖ ਨਜ਼ਲਾ, ਜ਼ੁਕਾਮ, ਖਾਂਸੀ, ਦਮਾ ਅਤੇ ਅੱਖਾਂ ਦੇ ਅਨੇਕ ਰੋਗਾਂ ਤੋਂ ਪੀੜਤ ਹੈ। ਸਿਹਤ ਨਾਲ ਸਬੰਧਿਤ ਖੋਜਾਂ ਅਨੁਸਾਰ ਭਾਰਤ ਵਿੱਚ ਬੱਚਿਆਂ ਅੰਦਰ ਸਾਹ ਅਤੇ ਦਮੇ ਦੇ ਬਿਮਾਰੀਆਂ ਦੇ ਮਰੀਜ਼ ਲਗਾਤਾਰ ਵਧ ਰਹੇ ਹਨ।

ਹਵਾ ਪ੍ਰਦੂਸ਼ਣ ਉਦੋਂ ਹੁੰਦਾ ਹੈ ਜਦੋਂ ਧਰਤੀ ਦੇ ਵਾਯੂ-ਮੰਡਲ ਵਿੱਚ ਗੈਸਾਂ, ਧਾਤੂਆਂ ਅਤੇ ਜੈਵਕ ਅਣੂਆਂ ਸਮੇਤ ਪਦਾਰਥਾਂ ਦੇ ਨੁਕਸਾਨਦੇਹ ਅੰਸ਼ ਜਾਂ ਜ਼ਿਆਦਾ ਮਾਤਰਾਵਾਂ ਹੁੰਦੀਆਂ ਹਨ। ਇਸ ਨਾਲ ਰੋਗ, ਅਲਰਜੀ ਅਤੇ ਮਨੁੱਖਾਂ ਦੀ ਮੌਤ ਵੀ ਹੋ ਸਕਦੀ ਹੈ। ਇਸ ਨਾਲ ਜਾਨਵਰਾਂ ਅਤੇ ਖਾਣੇ ਦੀ ਫਸਲ ਵਰਗੇ ਹੋਰ ਜੀਵਤ ਪ੍ਰਾਣੀਆਂ ਨੂੰ ਵੀ ਨੁਕਸਾਨ ਹੋ ਸਕਦਾ ਹੈ ਅਤੇ ਕੁਦਰਤੀ ਮਾਹੌਲ ਨੂੰ ਨੁਕਸਾਨ ਪਹੁੰਚ ਸਕਦਾ ਹੈ। ਮਨੁੱਖੀ ਗਤੀਵਿਧੀ ਅਤੇ ਕੁਦਰਤੀ ਪ੍ਰਕਿਰਿਆ ਦੋਵੇਂ ਹਵਾ ਪ੍ਰਦੂਸ਼ਣ ਪੈਦਾ ਕਰ ਸਕਦੇ ਹਨ ਪਰ ਆਮ ਤੌਰ 'ਤੇ ਮਨੁੱਖ ਨੂੰ ਹਵਾ ਪ੍ਰਦੂਸ਼ਣ ਲਈ ਜ਼ਿੰਮੇਵਾਰ ਸਮਝਿਆ ਜਾਂਦਾ ਹੈ।

'ਵਰਲਡ ਹੈਲਥ ਆਰਗੇਨਾਈਜੇਸ਼ਨ' ਦੀ ਰਿਪੋਰਟ ਦੇ ਅਨੁਸਾਰ 2012 ਵਿੱਚ ਹਵਾ ਦੇ ਪ੍ਰਦੂਸ਼ਣ ਕਾਰਨ ਦੁਨੀਆ ਭਰ ਵਿੱਚ ਤਕਰੀਬਨ 7 ਮਿਲੀਅਨ ਲੋਕਾਂ ਦੀ ਮੌਤ ਹੋਈ। ਇੱਸ ਰਿਪੋਰਟ ਅਨੁਸਾਰ ਹਵਾ ਪ੍ਰਦੂਸ਼ਣ ਹਰ ਸਾਲ ਅੰਦਾਜ਼ਨ 7 ਜਾਂ 8 ਮਿਲੀਅਨ ਲੋਕਾਂ ਦੀ ਜਾਨ ਲੈਂਦਾ ਹੈ। ਇਹ ਕਈ ਬਿਮਾਰੀਆਂ ਲਈ ਇੱਕ ਮਹੱਤਵਪੂਰਨ ਜੋਖਮ ਕਾਰਕ ਹੈ, ਜਿਸ ਵਿੱਚ ਸਟਰੋਕ, ਦਿਲ ਦੀ ਬਿਮਾਰੀ, ਪੁਰਾਣੀ ਰੁਕਾਵਟ ਪਲਮਨਰੀ ਬਿਮਾਰੀ (ਸੀ ਓ ਪੀ ਡੀ), ਦਮਾ ਅਤੇ ਫੇਫੜਿਆਂ ਦਾ ਕੈਂਸਰ ਸ਼ਾਮਲ ਹਨ।

ਦੂਜੇ ਪਾਸੇ ਪੰਜਾਬ ਸਮੇਤ ਉੱਤਰੀ ਭਾਰਤ ਵਿੱਚ ਜਲ ਪ੍ਰਦੂਸ਼ਣ ਵੀ ਬਹੁਤ ਫੈਲ ਗਿਆ ਹੈ। ਇਸ ਤੋਂ ਇਲਾਵਾ ਪੰਜਾਬ ਦੇ ਧਰਤੀ ਹੇਠਲੇ ਪਾਣੀ ਵਿੱਚ ਯੂਰੇਨੀਅਮ ਦੀ ਮਾਤਰਾ ਕਾਫ਼ੀ ਵੱਧ ਗਈ ਹੈ, ਜਿਸ ਕਾਰਨ ਇਹ ਪਾਣੀ ਪੀਣਾ ਸਿਹਤ ਲਈ ਠੀਕ ਨਹੀਂ ਸਮਝਿਆ ਜਾਂਦਾ। ਕੁਝ ਸਮਾਂ ਪਹਿਲਾਂ ਜਲ ਸ਼ਕਤੀ ਮੰਤਰਾਲੇ ਅਧੀਨ ਕੇਂਦਰੀ ਭੂਮੀਗਤ ਪਾਣੀ ਬੋਰਡ (ਸੀ.ਜੀ.ਡਬਲਿਊ.ਬੀ.) ਨੇ ਆਪਣੀ ਸਾਲਾਨਾ ਭੂ-ਜਲ ਗੁਣਵੱਤਾ ਰਿਪੋਰਟ 2025 ਜਾਰੀ ਕੀਤੀ ਸੀ। ਇਸ ਰਿਪੋਰਟ ਵਿੱਚ ਖੁਲਾਸਾ ਹੋਇਆ ਸੀ ਕਿ ਪੰਜਾਬ ਵਿੱਚ 62.50 ਫ਼ੀਸਦੀ ਭੂ-ਜਲ ਨਮੂਨਿਆਂ ਵਿੱਚ ਯੂਰੇਨੀਅਮ ਦਾ ਪੱਧਰ ਸੁਰੱਖਿਅਤ ਹੱਦ 30 ਪੀ.ਪੀ.ਬੀ. (ਪਾਰਟਸ ਪਰ ਬਿਲੀਅਨ) ਤੋਂ ਵੱਧ ਹੈ। ਇਹ ਅੰਕੜਾ ਮਾਨਸੂਨ ਤੋਂ ਬਾਅਦ ਦਾ ਹੈ, ਜੋ ਮਾਨਸੂਨ ਤੋਂ ਪਹਿਲਾਂ ਦੇ 53.04 ਫ਼ੀਸਦੀ ਨਾਲ ਵੀ ਜ਼ਿਆਦਾ ਸੀ। ਸੀ.ਜੀ.ਡਬਲਿਊ.ਬੀ. ਨੇ 2024 ਦੇ ਪੂਰਬ ਅਤੇ ਉੱਤਰ-ਮਾਨਸੂਨ ਸਮੇਂ ਪੂਰੇ ਭਾਰਤ ਵਿੱਚ 3,754 ਭੂ-ਜਲ ਨਮੂਨੇ ਟੈਸਟ ਕੀਤੇ। ਇਨ੍ਹਾਂ ਵਿੱਚੋਂ 7.91 ਫ਼ੀਸਦੀ ਨਮੂਨਿਆਂ ਵਿੱਚ ਯੂਰੇਨੀਅਮ ਦਾ ਪੱਧਰ ਖ਼ਤਰਨਾਕ ਸੀਮਾ ਤੋਂ ਉੱਪਰ ਸੀ। ਪਰ ਪੰਜਾਬ ਵਿੱਚ ਇਹ ਅੰਕੜਾ ਬਹੁਤ ਜ਼ਿਆਦਾ ਹੈ। ਹਰਿਆਣਾ ਵਿੱਚ ਵੀ 23.75 ਫ਼ੀਸਦੀ ਨਮੂਨੇ ਪ੍ਰਭਾਵਿਤ ਹਨ, ਜਦਕਿ ਦਿੱਲੀ, ਕਰਨਾਟਕ ਅਤੇ ਉੱਤਰ ਪ੍ਰਦੇਸ਼ ਵਿੱਚ ਵੀ ਖ਼ਤਰਾ ਹੈ। ਰਿਪੋਰਟ ਕਹਿੰਦੀ ਹੈ ਕਿ ਉੱਤਰੀ ਭਾਰਤ, ਖ਼ਾਸ ਕਰਕੇ ਪੰਜਾਬ-ਹਰਿਆਣਾ ਖੇਤਰ, ਯੂਰੇਨੀਅਮ ਦੇ ਮੁੱਖ ਕੇਂਦਰ ਬਣ ਗਏ ਹਨ। ਜੇਕਰ ਤੁਰੰਤ ਕਦਮ ਨਾ ਚੁੱਕੇ ਗਏ ਤਾਂ ਪੀਣ ਵਾਲੇ ਪਾਣੀ ਦਾ ਗੰਭੀਰ ਸੰਕਟ ਖੜ੍ਹਾ ਹੋ ਜਾਵੇਗਾ। ਜਿਥੇ ਧਰਤੀ ਹੇਠਲੇ ਪਾਣੀ ਵਿੱਚ ਯੂਰੇਨੀਅਮ ਦਾ ਵਧੇਰੇ ਮਾਤਰਾ ਵਿੱਚ ਹੋਣਾ ਸਿਹਤ ਮਾਹਿਰਾਂ ਵੱਲੋਂ ਨੁਕਸਾਨਦੇਹ ਮੰਨਿਆ ਜਾ ਰਿਹਾ ਹੈ, ਉਥੇ ਕੁਦਰਤੀ ਜਲ ਸੋਮਿਆਂ ਵਿੱਚ ਵੀ ਅਤੇ ਮਨੁੱਖ ਵੱਲੋਂ ਬਣਾਈਆਂ ਨਹਿਰਾਂ, ਰਜਬਾਹਿਆਂ ਦੇ ਪਾਣੀ ਵਿੱਚ ਵੀ ਮਨੁੱਖ ਵੱਲੋਂ ਖੁਦ ਪ੍ਰਦੂਸ਼ਣ ਫੈਲਾਇਆ ਜਾ ਰਿਹਾ ਹੈ।

ਮਾਹਿਰ ਕਹਿੰਦੇ ਹਨ ਕਿ ਪੰਜਾਬ ਵਿੱਚ ਖੇਤੀ ਦੌਰਾਨ ਰਸਾਇਣਿਕ ਖਾਦਾਂ ਅਤੇ ਕੀਟ ਨਾਸ਼ਕਾਂ ਦੀ ਬਹੁਤ ਵਰਤੋਂ ਕੀਤੀ ਜਾਂਦੀ ਹੈ। ਇਹ ਕੀਟ ਨਾਸ਼ਕ ਮਿੱਟੀ ਅਤੇ ਪਾਣੀ ਨਾਲ ਮਿਲ ਕੇ ਧਰਤੀ ਹੇਠਲੇ ਪਾਣੀ ਨਾਲ ਜਾ ਮਿਲਦੇ ਹਨ, ਜਿਸ ਕਾਰਨ ਧਰਤੀ ਹੇਠਲਾ ਪਾਣੀ ਪ੍ਰਦੂਸ਼ਿਤ ਹੋ ਜਾਂਦਾ ਹੈ ਅਤੇ ਉਸ ਵਿੱਚ ਯੂਰੇਨੀਅਮ ਅਤੇ ਹੋਰ ਧਾਤਾਂ ਦੀ ਮਾਤਰਾ ਵੱਧ ਜਾਂਦੀ ਹੈ।

ਧਰਤੀ ਹੇਠਲੇ ਤੇ ਧਰਤੀ ਉਪਰਲੇ ਪਾਣੀ ਅਤੇ ਹਵਾ ਪ੍ਰਦੂਸ਼ਣ ਲਈ ਪੂਰੀ ਤਰ੍ਹਾਂ ਮਨੁੱਖ ਜ਼ਿੰਮੇਵਾਰ ਹੈ। ਮਨੁੱਖ ਵੱਲੋਂ ਆਪਣੀ ਖ਼ੁਦਗਰਜ਼ੀ ਲਈ ਅਜਿਹੇ ਕੰਮ ਕੀਤੇ ਜਾ ਰਹੇ ਹਨ, ਜਿਸ ਨਾਲ ਜਲ ਅਤੇ ਹਵਾ ਪ੍ਰਦੂਸ਼ਣ ਵਿੱਚ ਵਾਧਾ ਹੁੰਦਾ ਹੈ। ਸਾਨੂੰ ਖ਼ੁਦ, ਭਵਿੱਖੀ ਪੀੜ੍ਹੀਆਂ ਤੇ ਮਨੁੱਖਤਾ ਨੂੰ ਬਚਾਉਣ ਵਾਸਤੇ ਗੁਰੂ ਸਾਹਿਬ ਦੇ ਸੰਦੇਸ਼ 'ਤੇ ਚੱਲਦੇ ਹੋਏ ਹਵਾ ਅਤੇ ਜਲ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਲਹਿਰ ਚਲਾਉਣ ਦੀ ਲੋੜ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਜਲ ਅਤੇ ਹਵਾ ਪ੍ਰਦੂਸ਼ਣ ਨੂੰ ਘੱਟ ਕਰਨ ਲਈ ਵੱਡੇ ਪੱਧਰ 'ਤੇ ਯੋਗ ਉਪਰਾਲੇ ਕਰੇ। ਆਮ ਲੋਕਾਂ ਨੂੰ ਵੀ ਚਾਹੀਦਾ ਹੈ ਕਿ ਉਹ ਜਲ ਅਤੇ ਹਵਾ ਪ੍ਰਦੂਸ਼ਣ ਨੂੰ ਰੋਕਣ ਲਈ ਸਰਕਾਰ ਨੂੰ ਸਹਿਯੋਗ ਦੇਣ।

# ਭਾਰਤੀ ਅਰਥਚਾਰੇ ਵਿੱਚ ਵੱਡੀਆਂ ਤਬਦੀਲੀਆਂ ਦੀ ਲੋੜ

## ਕਿਉਂ ਭੁੱਖਮਰੀ, ਗ਼ਰੀਬੀ ਦੇ ਖ਼ਾਤਮੇ ਤੇ ਕਾਣੀ ਵੰਡ ਵੱਲ ਧਿਆਨ ਨਹੀਂ ?



ਡਾ. ਕੇਸਰ ਸਿੰਘ ਭੰਗੂ



ਨਵੇਂ ਸਾਲ ਦੇ ਸ਼ੁਭ ਮੌਕੇ ਭਾਰਤ ਦੀ ਅਰਥਵਿਵਸਥਾ ਦੀ ਕੁੱਲ ਘਰੇਲੂ ਉਤਪਾਦ ਦੇ ਮਾਮਲੇ ਵਿੱਚ ਦੁਨੀਆਂ ਵਿੱਚ ਚੰਗੀ ਹੋ ਰਹੀ ਦਰਜਾਬੰਦੀ ਇੱਕ ਸ਼ੁਭ ਸੰਕੇਤ ਹੈ ਕਿਉਂਕਿ ਦਸੰਬਰ 2025 ਵਿੱਚ ਜਾਰੀ ਸਰਕਾਰੀ ਅੰਕੜਿਆਂ ਮੁਤਾਬਿਕ ਦੇਸ਼ ਨੇ ਹੁਣੇ ਹੀ ਜਪਾਨ ਨੂੰ ਪਿੱਛੇ ਛੱਡਦੇ ਹੋਏ ਵਿਸ਼ਵ ਦੀ ਚੌਥੀ ਵੱਡੀ ਅਰਥਵਿਵਸਥਾ ਬਣਨ ਦਾ ਮਾਣ ਹਾਸਲ ਕੀਤਾ ਹੈ। ਪਰ ਇਸ ਮਾਣ ਦੇ ਲਾਭ ਆਮ ਭਾਰਤੀ ਤਕ ਪੁੱਜਦੇ ਕਰਨ ਹਿਤ ਦੇਸ਼ ਵਿੱਚ ਬਹੁਤ ਵੱਡੇ ਪੱਧਰ 'ਤੇ ਵੱਡੀਆਂ ਤਬਦੀਲੀਆਂ ਕਰਨ ਦੀ ਬਹੁਤ ਸਖ਼ਤ ਜ਼ਰੂਰਤ ਹੈ। ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ 4 ਟ੍ਰਿਲੀਅਨ ਡਾਲਰ ਤੋਂ ਵਧੇਰੇ ਹੋ ਗਈ ਹੈ, ਭਾਵੇਂ ਇਸਦੀ ਪੁਸ਼ਟੀ ਅੰਤਰਰਾਸ਼ਟਰੀ ਮੁਦਰਾ ਕੋਸ਼ ਅਧਿਕਾਰਤ ਤੌਰ 'ਤੇ ਬਾਅਦ ਵਿੱਚ ਕਰੇਗਾ। ਪਰ ਪ੍ਰਧਾਨ ਮੰਤਰੀ ਅਤੇ ਭਾਜਪਾ ਨੇ ਇਸ ਉਪਲਬਧੀ ਨੂੰ ਪਹਿਲਾਂ ਹੀ ਸਾਰੀਆਂ ਚੋਣਾਂ ਵਿੱਚ ਆਪਣੀ ਪਾਰਟੀ ਲਈ ਵਰਤਿਆ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਵਰਤਣਗੇ। ਅੰਤਰਰਾਸ਼ਟਰੀ ਮੁਦਰਾ ਕੋਸ਼ ਨੇ ਵੀ ਅੰਦਾਜ਼ਾ ਲਾਇਆ ਹੈ ਕਿ ਭਾਰਤ 2030 ਤਕ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਜਰਮਨੀ ਨੂੰ ਪਛਾੜ ਕੇ ਦੁਨੀਆਂ ਦੀ ਅਮਰੀਕਾ ਅਤੇ ਚੀਨ ਤੋਂ ਬਾਅਦ ਸਭ ਤੋਂ ਵੱਡੀ ਤੀਜੀ ਅਰਥਵਿਵਸਥਾ ਬਣ ਜਾਵੇਗੀ। ਪਹਿਲਾਂ ਭਾਰਤ ਇਸ ਦਰਜਾਬੰਦੀ ਵਿੱਚ 7ਵੇਂ ਸਥਾਨ 'ਤੇ ਸੀ ਪਰ ਅੱਜ ਕੱਲ੍ਹ ਅਮਰੀਕਾ, ਚੀਨ ਅਤੇ ਜਰਮਨੀ ਤੋਂ ਬਾਅਦ ਚੌਥੇ ਸਥਾਨ 'ਤੇ ਹੈ।

ਅੰਤਰਰਾਸ਼ਟਰੀ ਮੁਦਰਾ ਕੋਸ਼ ਦੇ ਇੱਕ ਹੋਰ ਤਰੀਕੇ ਦੇ ਅੰਦਾਜ਼ੇ ਮੁਤਾਬਿਕ, ਭਾਵ ਖ਼ਰੀਦ ਸ਼ਕਤੀ ਬਰਾਬਰਤਾ ਦੇ ਹਿਸਾਬ ਨਾਲ, ਭਾਰਤ ਅੱਜ ਹੀ, ਭਾਵ 2023 ਤੋਂ ਹੀ, ਚੀਨ ਅਤੇ ਅਮਰੀਕਾ ਤੋਂ ਬਾਅਦ ਦੁਨੀਆਂ ਦੀ ਤੀਜੀ ਵੱਡੀ ਅਰਥਵਿਵਸਥਾ ਬਣ ਗਿਆ ਸੀ। ਇਸ ਹਿਸਾਬ ਨਾਲ ਚੀਨ ਦਾ ਕੁੱਲ ਘਰੇਲੂ ਪੈਦਾਵਾਰ 37.01 ਟ੍ਰਿਲੀਅਨ ਡਾਲਰ, ਅਮਰੀਕਾ ਦਾ 29.02 ਟ੍ਰਿਲੀਅਨ ਡਾਲਰ ਅਤੇ ਭਾਰਤ ਦਾ 16.0 ਟ੍ਰਿਲੀਅਨ ਡਾਲਰ ਸੀ। ਅੱਜ ਕੱਲ੍ਹ ਚੱਲ ਰਹੀ ਮੁਦਰਾ ਵਟਾਂਦਰਾ ਦਰ ਮੁਤਾਬਿਕ 1 ਅਮਰੀਕੀ ਡਾਲਰ ਭਾਰਤ ਦੇ 90 ਤੋਂ ਵੱਧ ਰੁਪਇਆ ਦੇ ਬਰਾਬਰ ਹੈ ਪਰ ਜਦੋਂ ਖ਼ਰੀਦ ਸ਼ਕਤੀ ਬਰਾਬਰਤਾ ਦੇ ਹਿਸਾਬ ਨਾਲ ਦੇਖਦੇ ਹਾਂ ਤਾਂ ਅਸਲੀਅਤ ਦਾ ਪਤਾ ਲਗਦਾ ਹੈ। ਉਦਾਹਰਣ ਦੇ ਤੌਰ 'ਤੇ ਵੇਖੀਏ ਤਾਂ ਇਸ ਹਿਸਾਬ ਨਾਲ ਜੇਕਰ ਅਮਰੀਕਾ ਵਿੱਚ 25 ਕਿਲੋਮੀਟਰ ਸਫਰ ਕਰਨ ਤੇ 1 ਡਾਲਰ ਖ਼ਰਚ ਆਉਂਦਾ ਹੈ ਅਤੇ ਭਾਰਤ ਵਿੱਚ 25 ਕਿਲੋਮੀਟਰ ਸਫਰ ਕਰਨ ਤੇ 25 ਰੁਪਏ ਖਰਚ ਆਉਂਦੇ ਹਨ ਤਾਂ 1 ਅਮਰੀਕੀ ਡਾਲਰ ਭਾਰਤ ਦੇ 25 ਰੁਪਏ ਦੇ ਬਰਾਬਰ ਹੋਵੇਗਾ।

ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦਰਜਾਬੰਦੀ ਉੱਚੀ ਹੁੰਦੀ ਸੁਣ ਕੇ ਬਹੁਤ ਫਖ਼ਰ ਮਹਿਸੂਸ ਹੁੰਦਾ ਹੈ ਅਤੇ ਲਗਦਾ ਹੈ ਦੇਸ਼ ਜਲਦੀ ਹੀ 'ਵਿਸ਼ਵਗੁਰੂ' ਬਣ ਜਾਵੇਗਾ। ਪਰ ਇਸਦੇ ਆਰਥਿਕ ਨਾਲੋਂ ਸਿਆਸੀ ਮਾਅਨੇ ਜ਼ਿਆਦਾ ਹਨ ਕਿਉਂਕਿ ਇਹ ਹਕੂਮਤ ਕਰ ਰਹੀ ਸਿਆਸੀ ਪਾਰਟੀ ਅਤੇ ਮੌਜੂਦਾ ਸਰਕਾਰ ਨੂੰ ਸਿਆਸੀ ਤੌਰ 'ਤੇ ਤਸੱਲੀ ਅਤੇ ਹੌਸਲਾ ਜ਼ਰੂਰ ਪ੍ਰਦਾਨ ਕਰਦਾ ਹੈ। ਪਰ ਦੇਖਣ ਵਾਲੀ ਗੱਲ ਇਹ ਹੈ ਕਿ ਕੀ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਦੀ ਸੁਧਰ ਰਹੀ ਦਰਜਾਬੰਦੀ ਦੇ ਨਾਲ ਨਾਲ ਪ੍ਰਤੀ ਵਿਅਕਤੀ ਆਮਦਨ, ਰੁਜ਼ਗਾਰ ਦੀ ਦਰ, ਮਨੁੱਖੀ ਵਿਕਾਸ ਸੂਚਕ ਅੰਕ, ਭੁੱਖਮਰੀ ਸੂਚਕ ਅੰਕ, ਵੱਡੇ ਪੱਧਰ ਦੀਆਂ ਆਰਥਿਕ ਅਸਮਾਨਤਾਵਾਂ ਅਤੇ ਨਾਬਰਾਬਰੀਆਂ, ਅਸਮਾਨ ਛੂਹਦੀ ਮਹਿੰਗਾਈ ਅਤੇ ਹੋਰ ਆਰਥਿਕ ਇੰਡੀਕੇਟਰਾਂ ਵਿੱਚ ਵੀ ਸੁਧਾਰ ਹੋ ਰਿਹਾ ਹੈ ਜਾਂ ਨਹੀਂ ?

ਸਭ ਤੋਂ ਪਹਿਲਾਂ ਜੇ ਗੱਲ ਕਰੀਏ ਕੀ ਭਾਰਤ ਦੀ ਅਰਥਵਿਵਸਥਾ ਦੀ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਉੱਪਰ ਆ ਰਹੀ ਦਰਜਾਬੰਦੀ ਦਾ ਦੇਸ਼ ਦੇ ਆਮ ਲੋਕਾਂ ਨੂੰ ਕੋਈ ਲਾਭ ਵੀ ਮਿਲ ਰਿਹਾ ਹੈ ਜਾਂ ਨਹੀਂ ? ਭਾਵ ਉਹਨਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਹੋ ਰਿਹਾ ਹੈ ਜਾਂ ਨਹੀਂ ? ਆਮ ਤੌਰ 'ਤੇ ਆਰਥਿਕ ਮਾਹਰ ਅਤੇ ਸੰਸਥਾਵਾਂ ਕੁੱਲ ਘਰੇਲੂ ਪੈਦਾਵਾਰ ਦੇ ਪੱਧਰ ਨਾਲੋਂ ਪ੍ਰਤੀ ਵਿਅਕਤੀ ਸਲਾਨਾ ਆਮਦਨ ਨੂੰ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਜ਼ਿਆਦਾ ਕਾਰਗਰ ਸੂਚਕ ਮੰਨਦੇ ਹਨ। ਅੰਤਰਰਾਸ਼ਟਰੀ ਸੰਸਥਾਵਾਂ ਆਮ ਤੌਰ 'ਤੇ ਪ੍ਰਤੀ ਵਿਅਕਤੀ ਸਲਾਨਾ ਆਮਦਨ ਦੇ ਪੱਧਰ ਮੁਤਾਬਿਕ ਦੁਨੀਆਂ ਦੇ ਦੇਸ਼ਾਂ ਨੂੰ ਤਿੰਨ ਭਾਗਾਂ ਵਿੱਚ ਵੰਡਦੀਆਂ ਹਨ। ਪਹਿਲਾਂ ਉੱਚੀ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ, ਦੂਜਾ ਮੱਧਿਅਮ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ ਅਤੇ ਤੀਜਾ ਨੀਵੀਂ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ। ਇਸ ਵੰਡ ਮੁਤਾਬਿਕ ਭਾਰਤ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਨੀਵੀਂ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿੱਚ ਸ਼ਾਮਲ ਹੈ ਕਿਉਂਕਿ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਬਹੁਤ ਹੀ ਘੱਟ ਹੈ। ਜਦੋਂ ਭਾਰਤ 2013-14 ਵਿੱਚ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆਂ ਵਿੱਚ ਨੌਂਵੇਂ ਸਥਾਨ 'ਤੇ ਸੀ ਪਰ ਉਸੇ ਸਮੇਂ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਦੇਸ਼ ਦੁਨੀਆਂ ਵਿੱਚ 147ਵੇਂ ਸਥਾਨ 'ਤੇ ਸੀ ਭਾਵ ਦੇਸ਼ ਕੁਝ ਟਾਪੂ ਨੁਮਾ ਅਤੇ ਘੋਰ ਗਰੀਬ ਦੇਸ਼ਾਂ ਤੋਂ ਹੀ ਉੱਪਰ ਸੀ। ਵਰਨਣਯੋਗ ਹੈ ਕਿ ਭਾਰਤ ਦਾ ਗਰੀਬ ਗੁਆਂਢੀ ਬੰਗਲਾਦੇਸ਼ ਵੀ ਪ੍ਰਤੀ ਵਿਅਕਤੀ ਆਮਦਨ ਵਿੱਚ ਭਾਰਤ ਤੋਂ ਅੱਗੇ ਹੈ। ਫੇਰ ਜਦੋਂ ਦੇਸ਼ ਕੁੱਲ ਘਰੇਲੂ ਪੈਦਾਵਾਰ ਮੁਤਾਬਿਕ 7ਵੇਂ ਸਥਾਨ 'ਤੇ ਆਇਆ ਤਾਂ ਪ੍ਰਤੀ ਵਿਅਕਤੀ ਆਮਦਨ ਵਿੱਚ ਬਹੁਤ ਘੱਟ ਵਾਧੇ ਨਾਲ ਦੇਸ਼ 141ਵੇਂ ਅਤੇ ਹੁਣ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਚੌਥੇ ਸਥਾਨ 'ਤੇ ਹੈ ਪਰ ਪ੍ਰਤੀ ਵਿਅਕਤੀ ਆਮਦਨ ਵਿੱਚ ਮਾਮੂਲੀ ਵਾਧੇ ਨਾਲ 136ਵੇਂ ਸਥਾਨ 'ਤੇ ਹੈ। ਸਪਸ਼ਟ ਹੈ ਕਿ ਪ੍ਰਤੀ ਵਿਅਕਤੀ ਸਲਾਨਾ ਆਮਦਨ ਦੇ ਮਾਮਲੇ ਵਿੱਚ ਦੇਸ਼ ਬਹੁਤ ਪਿੱਛੇ ਹੈ ਅਤੇ ਵਧੀਆ ਕਾਰਗੁਜ਼ਾਰੀ ਨਹੀਂ ਦਿਖਾ ਸਕਿਆ।

ਹੁਣ ਗੱਲ ਕਰਦੇ ਹਾਂ ਭਾਰਤ ਦੇ ਮੁਕਾਬਲੇ ਉਹਨਾਂ ਦੇਸ਼ਾਂ ਦੀ, ਜਿਨ੍ਹਾਂ ਨੂੰ ਭਾਰਤ ਨੇ ਕੁੱਲ ਘਰੇਲੂ ਪੈਦਾਵਾਰ ਵਿੱਚ ਪਛਾੜਿਆ ਹੈ ਜਾਂ ਭਵਿੱਖ ਵਿੱਚ ਤੀਜੇ ਦਰਜੇ 'ਤੇ ਆ ਕੇ ਪਛਾੜ ਦੇਵੇਗਾ। ਜਿਨ੍ਹਾਂ ਦੇਸ਼ਾਂ ਨੂੰ ਪਛਾੜਿਆ ਹੈ ਉਹਨਾਂ ਵਿੱਚ ਮੁੱਖ ਤੌਰ 'ਤੇ ਬ੍ਰਾਜ਼ੀਲ, ਫਰਾਂਸ, ਇਟਲੀ, ਜਪਾਨ ਅਤੇ ਬਰਤਾਨੀਆ ਸ਼ਾਮਲ ਹਨ ਅਤੇ ਜਰਮਨੀ ਨੂੰ 2030 ਤੱਕ ਪਛਾੜ ਦੇਵੇਗਾ। ਸਾਲ 2013 ਵਿੱਚ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਮਹਿਜ਼ 1438 ਅਮਰੀਕੀ ਡਾਲਰ ਸੀ ਜਦੋਂ ਕਿ ਉਸੇ ਸਾਲ ਬਰਤਾਨੀਆ ਦੀ ਪ੍ਰਤੀ ਵਿਅਕਤੀ ਆਮਦਨ 43449 ਡਾਲਰ, ਫਰਾਂਸ 42603 ਡਾਲਰ, ਇਟਲੀ 35560 ਡਾਲਰ ਅਤੇ ਬ੍ਰਾਜ਼ੀਲ 12259, ਭਾਵ ਜਿਨ੍ਹਾਂ ਦੇਸ਼ਾਂ ਨੂੰ ਪਿੱਛੇ ਛੱਡਿਆ ਸੀ ਭਾਰਤ ਦਾ ਪ੍ਰਤੀ ਵਿਅਕਤੀ ਆਮਦਨ ਵਿੱਚ ਉਹਨਾਂ ਨਾਲ ਕੋਈ ਮੁਕਾਬਲਾ ਹੀ ਨਹੀਂ ਹੈ ਕਿਉਂਕਿ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਬਹੁਤ ਹੀ ਨੀਵੇਂ ਪੱਧਰ 'ਤੇ ਹੈ। ਭਾਰਤ ਦੀ ਪ੍ਰਤੀ ਵਿਅਕਤੀ ਆਮਦਨ 2013-14 ਵਿੱਚ 1438 ਅਮਰੀਕੀ ਡਾਲਰ ਤੋਂ ਵਧ ਕੇ 2022-23 ਵਿੱਚ 2389 ਡਾਲਰ ਹੋ ਗਈ ਸੀ ਜਿਹੜੀ ਕਿ ਅੱਜ ਕੱਲ੍ਹ 2878 ਡਾਲਰ ਦੇ ਨੇੜੇ ਹੈ ਜਿਹੜੀ ਕਿ ਜਾਪਾਨ ਦੀ 32,487 ਡਾਲਰ ਦਾ ਤਕਰੀਬਨ 12ਵਾਂ ਹਿੱਸਾ ਹੈ ਅਤੇ ਜਰਮਨੀ ਦੀ 56,103 ਡਾਲਰ ਦਾ 20ਵਾਂ ਹਿੱਸਾ ਹੈ।

ਇਨ੍ਹਾਂ ਦੇਸ਼ਾਂ ਦੇ ਬਾਕੀ ਆਰਥਿਕ ਸੂਚਕ ਅੰਕ ਜਿਵੇਂ ਕਿ ਰੁਜ਼ਗਾਰ ਦੀ ਦਰ, ਮਨੁੱਖੀ ਵਿਕਾਸ ਸੂਚਕ ਅੰਕ, ਭੁੱਖਮਰੀ ਸੂਚਕ ਅੰਕ, ਵੱਡੇ ਪੱਧਰ ਦੀਆਂ ਆਰਥਿਕ ਅਸਮਾਨਤਾਵਾਂ ਅਤੇ ਨਾਬਰਾਬਰੀਆ ਵੀ ਭਾਰਤ ਨਾਲੋਂ ਕਿਤੇ ਬੇਹਤਰੀਨ ਹਨ। ਉਦਾਹਰਣ ਦੇ ਤੌਰ 'ਤੇ ਦੇਸ਼ ਦੇ 1 ਪ੍ਰਤੀਸ਼ਤ ਅਮੀਰਾਂ ਕੋਲ 40 ਪ੍ਰਤੀਸ਼ਤ ਤੋਂ ਜ਼ਿਆਦਾ ਸੰਪਤੀ ਅਤੇ 23 ਪ੍ਰਤੀਸ਼ਤ ਰਾਸ਼ਟਰੀ ਆਮਦਨ ਹੈ। ਹੇਠਲੇ 50 ਪ੍ਰਤੀਸ਼ਤ ਲੋਕਾਂ ਕੋਲ 15 ਪ੍ਰਤੀਸ਼ਤ ਆਮਦਨ ਅਤੇ 6 ਪ੍ਰਤੀਸ਼ਤ ਦੇ ਨੇੜੇ ਸੰਪਤੀ ਹੈ। ਜਦੋਂ ਕਿ ਮੁਕਾਬਲੇ ਵਾਲੇ ਦੇਸ਼ਾਂ ਵਿੱਚ ਆਮਦਨ ਅਤੇ ਸੰਪਤੀ ਦੀਆਂ ਅਸਮਾਨਤਾਵਾਂ ਅਤੇ ਨਾਬਰਾਬਰੀਆ ਬਹੁਤ ਘੱਟ ਹਨ। ਅੱਗੇ ਦੇਸ਼ ਦੀ ਵਸੋਂ ਦਾ ਬਹੁਤ ਵੱਡੇ ਹਿੱਸੇ (ਲਗਭਗ 90 ਪ੍ਰਤੀਸ਼ਤ ਤੋਂ ਵੱਧ) ਨੂੰ ਗੈਰ ਸੰਗਠਿਤ ਖੇਤਰ ਵਿੱਚ ਰੁਜ਼ਗਾਰ ਪ੍ਰਾਪਤ ਹੈ, ਜਿੱਥੇ ਕਿਸੇ ਕਿਸਮ ਦੀ ਰੁਜ਼ਗਾਰ ਦੀ ਗਰੰਟੀ, ਪੈਨਸ਼ਨ, ਸਮਾਜਿਕ ਸੁਰੱਖਿਆ, ਰੁਜ਼ਗਾਰ ਦੇ ਲਿਖਤੀ ਸਮਝੌਤਾ ਆਦਿ ਨਹੀਂ ਹਨ। ਰਿਪੋਰਟਾਂ ਇਹ ਵੀ ਦੱਸਦੀਆਂ ਹਨ ਕਿ ਦੇਸ਼ ਵਿੱਚ ਵੱਡੇ ਪੱਧਰ 'ਤੇ ਬੇਰੁਜ਼ਗਾਰੀ ਪਾਈ ਜਾ ਰਹੀ ਹੈ, ਖ਼ਾਸ ਕਰਕੇ ਨੌਜਵਾਨਾਂ ਅਤੇ ਪੜ੍ਹਿਆ ਲਿਖਿਆਂ ਵਿੱਚ। ਇਸ ਤੋਂ ਸਾਫ ਹੋ ਜਾਂਦਾ ਹੈ ਕਿ ਭਾਰਤ ਉਦੋਂ ਹੀ ਖ਼ੁਸ਼ਹਾਲ ਦੇਸ਼ ਬਣ ਸਕਦਾ ਹੈ ਜਦੋਂ ਪ੍ਰਤੀ ਵਿਅਕਤੀ ਆਮਦਨ ਦੁਨੀਆਂ ਵਿੱਚ ਉੱਚੀ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿੱਚ ਸ਼ਾਮਲ ਹੋ ਜਾਵੇਗਾ ਅਤੇ ਦੇਸ਼ ਵਿੱਚੋਂ ਗਰੀਬੀ, ਬੇਰੁਜ਼ਗਾਰੀ, ਭੁੱਖਮਰੀ ਅਤੇ ਆਰਥਿਕ ਨਾਬਰਾਬਰੀਆਂ ਖ਼ਤਮ ਹੋ ਜਾਣਗੀਆਂ, ਨਾ ਕਿ ਉਦੋਂ ਜਦੋਂ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਤੀਜੇ ਜਾਂ ਪਹਿਲੇ ਸਥਾਨ 'ਤੇ ਆ ਜਾਵੇਗਾ।

ਅਜਿਹਾ ਕਰਨ ਲਈ ਦੇਸ਼ ਵਿੱਚ ਮੌਜੂਦਾ ਕੇਂਦਰੀ ਸਰਕਾਰ ਦੁਆਰਾ ਚਲਾਈਆਂ ਜਾ ਰਹੀ ਆਰਥਿਕ ਨੀਤੀਆਂ, ਜਿਹੜੀਆਂ ਕਿ ਸਰਮਾਏਦਾਰਾਂ, ਪੂੰਜੀਪਤੀਆਂ, ਅਮੀਰਾਂ ਅਤੇ ਕਾਰਪੋਰੇਟਾਂ ਦਾ ਪੱਖ ਪੂਰ ਰਹੀਆਂ ਹਨ, ਨੂੰ ਆਮ ਲੋਕਾਂ ਦੇ ਹਿਤਾਂ ਵਿੱਚ ਬਦਲਣਾ ਪਵੇਗਾ। ਕੇਂਦਰੀ ਸਰਕਾਰ ਕੇਵਲ ਨੀਤੀਆਂ ਹੀ ਅਮੀਰਾਂ ਲਈ ਨਹੀਂ ਬਣਾ ਰਹੀ ਸਗੋਂ ਉਹ ਤਾਂ ਨਵੇਂ ਕਾਨੂੰਨ ਅਤੇ ਮੌਜੂਦਾ ਕਾਨੂੰਨਾਂ ਵਿੱਚ ਤਰਮੀਮਾਂ ਵੀ ਕਾਰਪੋਰੇਟਾਂ ਅਤੇ ਪੂੰਜੀਪਤੀਆਂ ਦੇ ਹਿਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਨੂੰ ਲਾਭ ਪਹੁੰਚਾਉਣ ਲਈ ਕਰ ਰਹੀ ਹੈ। ਉਦਾਹਰਨ ਦੇ ਤੌਰ 'ਤੇ ਦੇਸ਼ ਦੀ ਬਹੁਤ ਨਿਗੂਣੀ ਕਰਾਂ (ਸਾਰੇ ਕਿਸਮਾਂ ਦੇ) ਅਤੇ ਕੁੱਲ ਘਰੇਲੂ ਪੈਦਾਵਾਰ ਦੀ 11-12% ਅਨੁਪਾਤ ਨੂੰ ਮੁਕਾਬਲੇ ਵਾਲੇ ਦੇਸ਼ਾਂ ਦੇ ਬਰਾਬਰ, ਲਗਭਗ 30 ਪ੍ਰਤੀਸ਼ਤ ਤੋਂ ਵੱਧ ਕਰਨਾ ਪਵੇਗਾ। ਅਜਿਹਾ ਸਰਮਾਏਦਾਰਾਂ, ਪੂੰਜੀਪਤੀਆਂ, ਕਾਰਪੋਰੇਟਾਂ ਅਤੇ ਹੋਰ ਅਮੀਰ ਲੋਕਾਂ 'ਤੇ ਕਰਾਂ ਦੀਆਂ ਦਰਾਂ ਨੂੰ ਵਧਾ ਕੇ ਕੀਤਾ ਜਾ ਸਕਦਾ ਹੈ। ਜੇਕਰ ਵਧਦੇ ਕੁੱਲ ਘਰੇਲੂ ਪੈਦਾਵਾਰ ਦਾ ਲਾਭ ਦੇਸ਼ ਦੇ ਆਮ ਲੋਕਾਂ ਤਕ ਪਹੁੰਚਾਉਣਾ ਹੈ ਤਾਂ ਕੇਵਲ ਢੰਢੋਰਾ ਪਿੱਟਣ ਨਾਲ ਸਿਆਸੀ ਲਾਹਾ ਤਾਂ ਖੱਟਿਆ ਜਾ ਸਕਦਾ ਹੈ ਪਰ ਜ਼ਮੀਨੀ ਪੱਧਰ 'ਤੇ ਆਮ ਲੋਕਾਂ ਲਈ ਕੁਝ ਵੀ ਨਹੀਂ ਬਦਲੇਗਾ। ਇਸ ਲਈ ਸਭ ਤੋਂ ਪਹਿਲਾਂ ਆਉਣ ਵਾਲੇ ਸਮੇਂ ਵਿੱਚ ਬਰਾਬਰੀ ਦੀ ਵੰਡ ਦੇ ਆਧਾਰ 'ਤੇ ਉੱਚੀ ਆਰਥਿਕ ਤਰੱਕੀ ਦੀ ਦਰ ਹਾਸਲ ਕਰਨੀ ਪਵੇਗੀ। ਭਾਵ ਆਰਥਿਕ ਤਰੱਕੀ ਨਾਲ ਵਧਿਆ ਕੁੱਲ ਘਰੇਲੂ ਪੈਦਾਵਾਰ ਕੁਝ ਅਮੀਰਾਂ ਦੇ ਹੱਥਾਂ ਵਿੱਚ ਹੀ ਨਾ ਰਹਿ ਜਾਵੇ ਸਗੋਂ ਵਧੀ ਹੋਈ ਪੈਦਾਵਾਰ ਦਾ ਬਰਾਬਰ ਲਾਭ ਦੇਸ਼ ਦੇ ਆਮ ਲੋਕਾਂ ਤਕ ਵੀ ਪਹੁੰਚਣਾ ਚਾਹੀਦਾ ਹੈ। ਇਸਦੇ ਨਾਲ ਹੀ ਦੇਸ਼ ਵਿੱਚ ਬਹੁਤ ਵੱਡੇ ਪੱਧਰ 'ਤੇ ਲਾਭਕਾਰੀ ਰੁਜ਼ਗਾਰ ਵੀ ਆਮ ਲੋਕਾਂ ਲਈ ਪੈਦਾ ਕਰਨਾ ਪਵੇਗਾ ਕਿਉਂਕਿ ਭਾਰਤ ਵਿੱਚ ਬਹੁਤ ਵੱਡੇ ਪੱਧਰ 'ਤੇ ਆਮ ਬੇਰੁਜ਼ਗਾਰੀ ਹੈ। ਇਹ ਵੀ ਦੇਖਣ ਵਿੱਚ ਆਇਆ ਹੈ ਕਿ ਦੇਸ਼ ਵਿੱਚ ਸਿਹਤ ਅਤੇ ਸਿੱਖਿਆ ਦੀਆਂ ਸਹੂਲਤਾਂ ਦੀ ਬਹੁਤ ਘਾਟ ਹੈ ਅਤੇ ਉਹ ਸਮੇਂ ਦੇ ਹਾਣਦੀਆਂ ਨਹੀਂ ਹਨ, ਜਿਸ ਕਾਰਨ ਦੇਸ਼ ਦੇ ਸਿਹਤ ਅਤੇ ਸਿੱਖਿਆ ਨਾਲ ਸਬੰਧਿਤ ਸੂਚਕ ਅੰਕ ਵੀ ਦੁਨੀਆਂ ਦੇ ਉੱਪਰਲੇ ਦੇਸ਼ਾਂ ਮੁਕਾਬਲੇ ਵਿੱਚ ਬਹੁਤ ਪਛੜੇ ਹੋਏ ਹਨ। ਅਜਿਹਾ ਕਰਨ ਲਈ ਦੇਸ਼ ਵਿੱਚ ਸਰਕਾਰ ਨੂੰ ਅਸਲ ਨਿਵੇਸ਼ ਨੂੰ ਵਧਾਉਣਾ ਪਵੇਗਾ, ਖ਼ਾਸ ਕਰਕੇ ਰੁਜ਼ਗਾਰ ਪੈਦਾ ਕਰਨ ਦੇ ਮੌਕਿਆਂ ਵਿੱਚ, ਸਿਹਤ ਅਤੇ ਸਿੱਖਿਆ ਖੇਤਰ ਵਿੱਚ ਅਤੇ ਖੇਤੀਬਾੜੀ ਖ਼ੇਤਰ ਵਿੱਚ।

(ਬਾਕੀ ਸਫ਼ਾ 27 'ਤੇ)

# ਘੁਸਪੈਠੀਆਂ ਦੇ ਮੁੱਦੇ ’ਤੇ ਕੂੜ ਸਿਆਸਤ ਕਿਉਂ ਖੇਡ ਰਹੀ ਹੈ ਭਾਜਪਾ ?





ਪ੍ਰੋ. ਪਰਮਜੀਤ ਸਿੰਘ
ਨਿੱਕੇ ਘੁੰਮਣ

ਕੋਈ ਵੇਲਾ ਸੀ ਜਦੋਂ ਭਾਰਤੀ ਜਨਤਾ ਪਾਰਟੀ ਅਯੁੱਧਿਆ ਵਿੱਚ ਰਾਮ ਮੰਦਰ ਬਣਾਉਣ ਦੇ ਨਾਂਅ ’ਤੇ ਬਹੁਗਿਣਤੀਆਂ ਨੂੰ ਭਰਮਾ ਕੇ ਵੋਟ ਬਟੋਰ ਲਿਆ ਕਰਦੀ ਸੀ ਤੇ ਵੱਖ-ਵੱਖ ਸੂਬਿਆਂ ਦੇ ਨਾਲ-ਨਾਲ ਕੇਂਦਰ ਵਿੱਚ ਸਰਕਾਰ ਬਣਾਉਣ ਵਿੱਚ ਕਾਮਯਾਬ ਹੋ ਜਾਇਆ ਕਰਦੀ ਸੀ। ਮਾਣਯੋਗ ਸੁਪਰੀਮ ਕੋਰਟ ਵੱਲੋਂ ਕੀਤੇ ਗਏ ਵੱਡੇ ਅਤੇ ਮਹੱਤਵਪੂਰਨ ਫੈਸਲੇ ਅਨੁਸਾਰ ਜਦੋਂ ਅਯੁੱਧਿਆ ਵਿਖੇ ਵਿਵਾਦਿਤ ਸਥਲ ’ਤੇ ਹੀ ਰਾਮ ਮੰਦਰ ਬਣਾਉਣ ਦੀ ਇਜਾਜ਼ਤ ਮਿਲ ਗਈ ਅਤੇ ਰਾਮ ਮੰਦਰ ਬਣ ਕੇ ਤਿਆਰ ਹੋ ਗਿਆ ਤਾਂ ਭਾਜਪਾ ਦੇ ਸਨਮੁਖ ਸਵਾਲ ਖੜ੍ਹਾ ਹੋ ਗਿਆ ਕਿ ਹੁਣ ਕਿਸ ਮੁੱਦੇ ’ਤੇ ‘ਉਲਾਰ’ ਪੈਦਾ ਕਰਕੇ ਵੋਟਾਂ ਬਟੋਰੀਆਂ ਜਾਣ ? ਉਸ ਤੋਂ ਬਾਅਦ ਭਾਜਪਾ ਨੇ ਘੱਟ ਗਿਣਤੀਆਂ ਖ਼ਿਲਾਫ਼ ਅਤੇ ਖ਼ਾਸ ਕਰਕੇ ਇੱਕ ਧਰਮ ਵਿਸ਼ੇਸ਼ ਖ਼ਿਲਾਫ਼ ਬਿਰਤਾਂਤ ਸਿਰਜਦਿਆਂ ਹੋਇਆਂ ‘ਟ੍ਰਿੱਪਲ ਤਲਾਕ’, ਹਿਜਾਬ’, ਮਦਰੱਸੇ’, ਲਵ ਜਿਹਾਦ’ ਅਤੇ ‘ਗਊ ਮਾਸ ਦਾ ਵਪਾਰ’ ਆਦਿ ਦੇ ਨਾਂਅ ਹੇਠ ਸਮਾਜਿਕ ਅਤੇ ਸਿਆਸੀ ਉਲਾਰ ਪੈਦਾ ਕੀਤਾ ਅਤੇ ਮੁੜ ਤੋਂ ਆਪਣੀਆਂ ਸਰਕਾਰਾਂ ਬਣਾਉਣ ਵਿੱਚ ਸਫਲ ਹੋ ਗਈ। ਹੁਣ ਪਿਛਲੇ ਕੁਝ ਸਮੇਂ ਤੋਂ ਦੇਸ਼ ਦੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਰੱਖਿਆ ਮੰਤਰੀ ਸਮੇਤ ਭਾਜਪਾ ਦੇ ਪਹਿਲੀ ਕਤਾਰ ਦੇ ਸਮੂਹ ਆਗੂ ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ‘ਘੁਸਪੈਠੀਆਂ’ ਦੇ ਮੌਜੂਦ ਹੋਣ ਅਤੇ ਉਨ੍ਹਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਮੁਲਕ ਵਿੱਚੋਂ ਬਾਹਰ ਕੱਢਣ ਸਬੰਧੀ ਲਗਾਤਾਰ ਬਿਆਨਬਾਜ਼ੀ ਕਰ ਰਹੇ ਹਨ। ਇਸ ਮੁੱਦੇ ਦੀ ਅਸਲੀਅਤ ਕੀ ਹੈ ? ਆਉ ਇਸ ਬਾਰੇ ਜਾਣੀਏ।

‘ਘੁਸਪੈਠੀਆ’ ਸ਼ਬਦ ਦੇ ਭਾਰਤੀ ਕਾਨੂੰਨ ਜਾਂ ਭਾਰਤੀ ਨਾਗਰਿਕਤਾ ਐਕਟ ਅਨੁਸਾਰ ਜੋ ਅਰਥ ਹਨ, ਉਹ ਦੱਸਦੇ ਹਨ ਕਿ ਕਿਸੇ ਵੀ ਵਿਦੇਸ਼ੀ ਮੁਲਕ ਦਾ ਅਜਿਹਾ ਕੋਈ ਵੀ ਸ਼ਖਸ ਜੋ ਭਾਰਤ ਅੰਦਰ ਬਿਨਾਂ ਕਿਸੇ ਯੋਗ ਦਸਤਾਵੇਜ਼ ਦੇ ਜਾਂ ਚੋਰੀ ਨਾਲ ਦਾਖਲ ਹੁੰਦਾ ਹੈ ਤਾਂ ਉਸਨੂੰ ਘੁਸਪੈਠੀਆ ਕਿਹਾ ਜਾਵੇਗਾ। ਇਸਦੇ ਨਾਲ ਹੀ ਉਹ ਸ਼ਖਸ ਵੀ ਘੁਸਪੈਠੀਆ ਹੀ ਕਹਾਵੇਗਾ ਜੋ ਭਾਰਤ ਅੰਦਰ ਦਾਖਲ ਤਾਂ ਯੋਗ ਦਸਤਾਵੇਜ਼ਾਂ ਸਹਿਤ ਹੋਇਆ ਸੀ ਪਰ ਆਪਣੇ ਵੀਜ਼ੇ ਦੀ ਮਿਆਦ ਪੁੱਗਣ ਤੋਂ ਬਾਅਦ ਵਾਪਸ ਆਪਣੇ ਮੁਲਕ ਨਹੀਂ ਪਰਤਿਆ ਅਤੇ ਗ਼ੈਰਕਾਨੂੰਨੀ ਢੰਗ ਨਾਲ ਇੱਥੇ ਹੀ ਵਸ ਗਿਆ। ਸੰਨ 2015 ਵਿੱਚ ਭਾਜਪਾ ਦੀ ਅਗਵਾਈ ਵਾਲੀ ਐੱਨ.ਡੀ.ਏ. ਦੀ ਸਰਕਾਰ ਨੇ ਉਕਤ ਵਿਵਸਥਾ ਵਿੱਚ ਸੋਧ ਕਰਦਿਆਂ ਇਹ ਦਰਜ ਕਰ ਦਿੱਤਾ ਸੀ ਕਿ ਬੰਗਲਾਦੇਸ਼, ਪਾਕਿਸਤਾਨ ਅਤੇ ਅਫਗਾਨਿਸਤਾਨ ਅੰਦਰ ਵਸਦੇ ਘੱਟ ਗਿਣਤੀ ਫਿਰਕਿਆਂ ਦੇ ਲੋਕ ਜੇਕਰ ਮਜ਼ਹਬੀ ਨਫਰਤ ਜਾਂ ਹਿੰਸਾ ਕਰਕੇ ਆਪਣੀਆਂ ਜਾਨਾਂ ਬਚਾਉਣ ਹਿਤ ਭਾਰਤ ਵਿੱਚ ਸ਼ਰਣ ਲੈਂਦੇ ਹਨ, ਉਨ੍ਹਾਂ ਨੂੰ ‘ਘੁਸਪੈਠੀਏ’ ਨਹੀਂ ਕਿਹਾ ਜਾਵੇਗਾ।


ਹੁਣ ਘੁਸਪੈਠੀਆਂ ਦੇ ਮੁੱਦੇ ’ਤੇ ਭਾਜਪਾ ਦੀ ਝੂਠ ਅਤੇ ਨਫਰਤ ਭਰੀ ਸੋਚ ਦੇ ਕਈ ਪ੍ਰਮਾਣ ਸਾਹਮਣੇ ਆਏ ਹਨ ਤੇ ਹੋਰ ਸਾਹਮਣੇ ਆ ਰਹੇ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਸਾਹਿਬ ਜਦੋਂ ਦੇਸ਼ ਦੇ ਕੁਝ ਮੁਸਲਿਮ ਬਹੁਗਿਣਤੀ ਵਾਲੇ ਸੂਬਿਆਂ ਵਿੱਚ ਚੋਣਾਂ ਸਮੇਂ ‘ਰਾਗ ਘੁਸਪੈਠੀਆ’ ਗਾਉਣਾ ਸ਼ੁਰੂ ਕਰਦੇ ਹਨ ਤਾਂ ਇਹ ਭੁੱਲ ਜਾਂਦੇ ਹਨ ਕਿ ਬੀਤੇ 12 ਵਰ੍ਹਿਆਂ ਤੋਂ ਦੇਸ਼ ਵਿੱਚ ਉਨ੍ਹਾਂ ਦੀ ਹੀ ਸਰਕਾਰ ਚੱਲ ਰਹੀ ਹੈ ਤੇ ਇਸ ਦੌਰਾਨ ਜੇਕਰ ਘੁਸਪੈਠੀਏ ਦੇਸ਼ ਦੀਆਂ ਸਰਹੱਦਾਂ ਲੰਘ ਕੇ ਦੇਸ਼ ਦੇ ਅੰਦਰ ਆ ਗਏ ਤੇ ਇੱਥੇ ਆ ਕੇ ਉਨ੍ਹਾਂ ਨੇ ਆਧਾਰ ਕਾਰਡ ਸਮੇਤ ਹੋਰ ਦਸਤਾਵੇਜ਼ ਵੀ ਬਣਾ ਲਏ ਤਾਂ ਫਿਰ ਨਾਕਾਮੀ ਅਤੇ ਨਮੋਸ਼ੀ ਕਿਸਨੂੰ ਮਹਿਸੂਸ ਕਰਨ ਦੀ ਲੋੜ ਹੈ ? ਦੂਜੀ ਗੱਲ ਇਹ ਕਿ ਭਾਜਪਾ ਵੱਲੋਂ ਸੋਧੇ ਗਏ ਭਾਰਤੀ ਨਾਗਰਿਕਤਾ ਕਾਨੂੰਨ ਅਨੁਸਾਰ ਹੁਣ ਗੁਆਂਢੀ ਮੁਲਕਾਂ ਤੋਂ ਜੇਕਰ ਕੋਈ ਹਿੰਦੂ, ਸਿੱਖ ਜਾਂ ਇਸਾਈ ਪੀੜਿਤ ਹੋ ਕੇ ਭਾਰਤ ਅੰਦਰ ਸ਼ਰਣ ਲੈਂਦਾ ਹੈ ਤਾਂ ਉਹ ਘੁਸਪੈਠੀਆ ਨਹੀਂ ਕਹਾਵੇਗਾ ਪਰ ਅਜਿਹੀ ਸੁਵਿਧਾ ਕਿਸੇ ਮੁਸਲਿਮ ਸ਼ਖਸ ਨੂੰ ਪ੍ਰਦਾਨ ਨਹੀਂ ਕੀਤੀ ਜਾ ਸਕਦੀ। ਭਾਜਪਾ ਭੁੱਲ ਜਾਂਦੀ ਹੈ ਕਿ ਭਾਰਤ ‘ਧਰਮ ਪ੍ਰਧਾਨ’ ਦੇਸ਼ ਨਹੀਂ ਸਗੋਂ ‘ਧਰਮ ਨਿਰਪੱਖ’ ਦੇਸ਼ ਹੈ, ਜਿੱਥੇ ਧਰਮ ਦੇ ਆਧਾਰ ’ਤੇ ਕਿਸੇ ਦੀ ਨਾਗਰਿਕਤਾ ਸਬੰਧੀ ਫੈਸਲਾ ਕਰਨਾ ਬਿਲਕੁਲ ਨਹੀਂ ਬਣਦਾ ਹੈ।

ਭਾਰਤ ਦੇ ਗ੍ਰਹਿ ਮੰਤਰੀ ਸਾਹਿਬ ਤਾਂ ਹਰੇਕ ਸਰਹੱਦੀ ਸੂਬੇ ਦੀਆਂ ਚੋਣਾਂ ਸਮੇਂ ਘੁਸਪੈਠੀਆਂ ਸਬੰਧੀ ਰਾਗ ਅਲਾਪਣ ਲੱਗ ਜਾਂਦੇ ਹਨ ਪਰ ਘੁਸਪੈਠੀਆਂ ਨੂੰ ਪਛਾਣਨ ਅਤੇ ਗ੍ਰਿਫਤਾਰ ਕਰਕੇ ਜੇਲ੍ਹਾਂ ਵਿੱਚ ਸੁੱਟਣ ਦੀ ਥਾਂ ਚੋਣਾਂ ਖਤਮ ਹੋਣ ਪਿੱਛੋਂ ਇਹ ਬਿਆਨ ਦੇਣ ਲੱਗ ਜਾਂਦੇ ਹਨ ਕਿ ਘੁਸਪੈਠ ਰੋਕੀ ਹੀ ਨਹੀਂ ਜਾ ਸਕਦੀ ਹੈ ? ਹੁਣ ਪ੍ਰਸ਼ਨ ਇਹ ਹੈ ਕਿ ਜੇਕਰ ਘੁਸਪੈਠ ਰੋਕੀ ਹੀ ਨਹੀਂ ਜਾ ਸਕਦੀ ਹੈ ਜਾਂ ਦੇਸ਼ ਅੰਦਰ ਵਸ ਚੁੱਕੇ ਘੁਸਪੈਠੀਏ ਪਛਾਣ ਕੇ ਦੇਸ਼ ਤੋਂ ਬਾਹਰ ਕੀਤੇ ਹੀ ਨਹੀਂ ਜਾ ਸਕਦੇ ਹਨ ਤਾਂ ਫਿਰ ਭਾਜਪਾ ਦੇ ਵੱਡੇ ਆਗੂ ਘੁਸਪੈਠੀਆਂ ਨੂੰ ਲੈ ਕੇ ਬਿਆਨਬਾਜ਼ੀ ਕਰਦੇ ਹੀ ਕਿਉਂ ਹਨ ? ਬੀਤੇ ਕੁਝ ਮਹੀਨਿਆਂ ਤੋਂ ਦੇਸ਼ ਦੀਆਂ ਸਮੂਹ ਸਰਕਾਰ ਵਿਰੋਧੀ ਪਾਰਟੀਆਂ ਕੁਝ ਸੂਬਿਆਂ ਅੰਦਰ ਚੱਲ ਰਹੀ ‘ਐੱਸ.ਆਈ.ਆਰ.’ ਦੀ ਪ੍ਰਕਿਰਿਆ ’ਤੇ ਸਵਾਲ ਖੜ੍ਹੇ ਕਰਦੇ ਹੋਏ ਰੋਸ ਪ੍ਰਦਰਸ਼ਨ ਕਰ ਰਹੀਆਂ ਹਨ ਪਰ ਭਾਜਪਾਈ ਆਗੂ ਇਹੋ ਰਟ ਲਾਈ ਜਾ ਰਹੇ ਹਨ ਕਿ ਇਹ ਕਵਾਇਦ ਘੁਸਪੈਠੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਮੁਲਕ ਵਿੱਚੋਂ ਬਾਹਰ ਕਰਨ ਵਿੱਚ ਮਦਦ ਕਰੇਗੀ ਪਰ ਜਿਨ੍ਹਾਂ ਰਾਜਾਂ ਵਿੱਚ ਇਹ ਪ੍ਰਕਿਰਿਆ ਖਤਮ ਵੀ ਹੋ ਗਈ ਹੈ, ਉਨ੍ਹਾਂ ਰਾਜਾਂ ਵਿੱਚ ਇਸ ਪ੍ਰਕਿਰਿਆ ਰਾਹੀਂ ਪਛਾਣੇ ਗਏ ਜਾਂ ਪਛਾਣ ਕੇ ਗ੍ਰਿਫਤਾਰ ਕੀਤੇ ਗਏ ਅਤੇ ਦੇਸ਼ ਵਿੱਚੋਂ ਬਾਹਰ ਕੱਢ ਦਿੱਤੇ ਗਏ ਇੱਕ ਵੀ ਵਿਅਕਤੀ ਦਾ ਨਾਂ ਭਾਜਪਾ ਦੱਸ ਨਹੀਂ ਸਕੀ ਹੈ। ਇਹ ਤੱਥ ਸਾਬਤ ਕਰਦਾ ਹੈ ਕਿ ਘੁਸਪੈਠੀਆਂ ਸਬੰਧੀ ਭਾਜਪਾ ਦੁਆਰਾ ਪਾਇਆ ਜਾਂਦਾ ਰਾਮ-ਰੌਲ਼ਾ ਬਿਲਕੁਲ ਝੂਠ ਹੈ ਤੇ ਇੱਕ ਧਰਮ ਵਿਸ਼ੇਸ਼ ਨਾਲ ਜੁੜੇ ਲੋਕਾਂ ਦੀਆਂ ਵੋਟਾਂ ਕੱਟਣ ਦਾ ਡਰਾਵਾ ਸਿਰਜਣ ਦਾ ਬਿਰਤਾਂਤ ਮਾਤਰ ਹੈ।

ਦੇਸ਼ ਦੇ ਗ੍ਰਹਿ ਮੰਤਰਾਲੇ ਜਾਂ ਦੇਸ਼ ਦੀ ਕਿਸੇ ਵੀ ਸਰਕਾਰੀ ਏਜੰਸੀ ਕੋਲ ਦੇਸ਼ ਅੰਦਰ ਮੌਜੂਦ ਘੁਸਪੈਠੀਆਂ ਦੀ ਕੁੱਲ ਗਿਣਤੀ ਸਬੰਧੀ ਕੋਈ ਵੀ ਅੰਕੜਾ ਮੌਜੂਦ ਨਹੀਂ ਹੈ ਜਦੋਂ ਕਿ ਕੁਝ ਇੱਕ ਗ਼ੈਰ-ਸਰਕਾਰੀ ਏਜੰਸੀਆਂ ਨੇ ਇਹ ਗਿਣਤੀ 1 ਕਰੋੜ ਤੋਂ ਲੈ ਕੇ 2 ਕਰੋੜ ਤਕ ਦੱਸੀ ਹੈ। ਇੱਕ ਅੰਦਾਜ਼ੇ ਅਨੁਸਾਰ ਬੰਗਲਾਦੇਸ਼ ਅਤੇ ਮਿਆਂਮਾਰ ਤੋਂ ਵੱਡੀ ਸੰਖਿਆ ਵਿੱਚ ਆਏ ਰੋਹਿੰਗਿਆ ਮੁਸਲਮਾਨ ਆਸਾਮ, ਪੱਛਮੀ ਬੰਗਾਲ, ਜੰਮੂ-ਕਸ਼ਮੀਰ, ਦਿੱਲੀ ਅਤੇ ਤੇਲੰਗਾਨਾ ਆਦਿ ਵਿਖੇ ਰਹਿ ਰਹੇ ਹਨ ਤੇ ਉਨ੍ਹਾਂ ਨੇ ਆਧਾਰ ਕਾਰਡ, ਰਾਸ਼ਨ ਕਾਰਡ, ਵੋਟਰ ਕਾਰਡ ਅਤੇ ਪੈਨ ਕਾਰਡ ਸਮੇਤ ਕਈ ਹੋਰ ਯੋਗ ਦਸਤਾਵੇਜ਼ ਵੀ ਬਣਾ ਰੱਖੇ ਹਨ। ‘ਨੈਸ਼ਨਲ ਰਜਿਸਟਰ ਆਫ ਸਿਟੀਜ਼ਨਜ਼’ ਭਾਵ ਐੱਨ.ਆਰ.ਸੀ. ਦੀ ਰਚਨਾ ਭਾਰਤ ਵਿੱਚ ਅਤੇ ਖ਼ਾਸ ਕਰਕੇ ਉਕਤ ਪੰਜ ਰਾਜਾਂ ਅੰਦਰ ਵਸਦੇ ਘੁਸਪੈਠੀਆਂ ਨੂੰ ਪਛਾਣਨ ਹਿਤ ਕੀਤੀ ਗਈ ਸੀ ਪਰ ਸ਼ੁਰੂਆਤ ਵਿੱਚ ਸੋਚੇ ਗਏ ਅੰਕੜਿਆਂ ਦੇ ਨਾਲ ਤਾਂ ਇਸ ਰਜਿਸਟਰ ਦੀ ਰਚਨਾ ਦੇ ਅਖ਼ੀਰ ਵਿੱਚ ਹਾਸਲ ਹੋਏ ਅੰਕੜੇ ਬਿਲਕੁਲ ਵੀ ਮੇਲ ਨਹੀਂ ਖਾਂਦੇ ਸਨ। ਸਾਲ 2001 ਵਿੱਚ ਕੀਤੀ ਗਈ ਜਨਗਣਨਾ ਅਨੁਸਾਰ ਬੰਗਲਾਦੇਸ਼ ਅਤੇ ਪਾਕਿਸਤਾਨ ਤੋਂ ਚੱਲ ਕੇ ਵੱਡੀ ਸੰਖਿਆ ਵਿੱਚ ਲੋਕ ਭਾਰਤ ਅੰਦਰ ਆਣ ਵਸੇ ਸਨ ਪਰ ਉਨ੍ਹਾਂ ਵੱਲੋਂ ਬੀਤੇ ਸਮੇਂ ਵਿੱਚ ਲੋੜੀਂਦੇ ਦਸਤਾਵੇਜ਼ ਬਣਵਾ ਲਏ ਜਾਣ ਕਰਕੇ ਉਨ੍ਹਾਂ ਨੂੰ ਘੁਸਪੈਠੀਏ ਨਹੀਂ ਗਰਦਾਨਿਆ ਜਾ ਸਕਦਾ।

ਦਿਨ-ਰਾਤ ਘੁਸਪੈਠੀਆਂ ਦੀਆਂ ਗੱਲਾਂ ਕਰਨ ਵਾਲੀ ਭਾਜਪਾ ਸਰਕਾਰ ਦੇਸ਼ ਨੂੰ ਇਹ ਹਰਿਗ਼ਜ਼ ਨਹੀਂ ਦੱਸਦੀ ਹੈ ਕਿ ਆਪਣੇ ਕਾਰਜਕਾਲ ਦੌਰਾਨ ਇਸਨੇ ਕਿੰਨੇ ਘੁਸਪੈਠੀਏ ਪਛਾਣ ਕੇ ਆਪਣੇ ਮੁਲਕਾਂ ਨੂੰ ਵਾਪਸ ਭੇਜੇ ਹਨ। ਸਾਲ 2013 ਵਿੱਚ ਸ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂ.ਪੀ.ਏ. ਦੀ ਸਰਕਾਰ ਵੱਲੋਂ 5234 ਘੁਸਪੈਠੀਏ ਵਾਪਸ ਭੇਜੇ ਗਏ ਸਨ ਜਦੋਂ ਕਿ ਕਥਿਤ ਤੌਰ ’ਤੇ ਆਪਣੇ ਆਪ ਨੂੰ ਰਾਸ਼ਟਰਵਾਦੀ ਆਖਣ ਵਾਲੀ ਭਾਜਪਾ ਸਰਕਾਰ ਨੇ ਕੇਂਦਰ ਵਿੱਚ ਸੱਤਾ ਸੰਭਾਲਣ ਮਗਰੋਂ ਸੰਨ 2015 ਵਿੱਚ ਕੇਵਲ 474 ਅਤੇ ਸਾਲ 2016 ਵਿੱਚ ਕੇਵਲ 308 ਘੁਸਪੈਠੀਏ ਹੀ ਮੁਲਕ ਵਿੱਚੋਂ ਬਾਹਰ ਕੀਤੇ ਸਨ ਜਦੋਂ ਕਿ ਸਾਲ 2024 ਵਿੱਚ ਭਾਰਤ ਸਰਕਾਰ ਨੇ ਬਿਨਾਂ ਯੋਗ ਦਸਤਾਵੇਜ਼ਾਂ ਤੋਂ ਭਾਰਤ ਅੰਦਰ ਰਹਿ ਰਹੇ 1049 ਵਿਅਕਤੀਆਂ ਨੂੰ ਦੇਸ਼ ਵਿੱਚੋਂ ਬਾਹਰ ਕੀਤਾ ਸੀ। ਉਕਤ ਅੰਕੜੇ ਇਹ ਸਾਫ-ਸਾਫ ਦੱਸਦੇ ਹਨ ਕਿ ਘੁਸਪੈਠੀਆਂ ਸਬੰਧੀ ਸ਼ੋਰ ਨਾ ਮਚਾਉਣ ਵਾਲੀ ਸ੍ਰ. ਮਨਮੋਹਨ ਸਿੰਘ ਦੀ ਸਰਕਾਰ ਵੱਲੋਂ ਮੁਲਕ ਵਿੱਚੋਂ ਬਾਹਰ ਕੱਢੇ ਗਏ ਘੁਸਪੈਠੀਆਂ ਦੇ ਮੁਕਾਬਲੇ ਭਾਜਪਾ ਦੀ ਵਰਤਮਾਨ ਸਰਕਾਰ ਵੱਲੋਂ ਦੇਸ਼ ਵਿੱਚੋਂ ਬਾਹਰ ਕੀਤੇ ਗਏ ਘੁਸਪੈਠੀਆਂ ਦੀ ਗਿਣਤੀ ਕਿੰਨੀ ਥੋੜ੍ਹੀ ਅਤੇ ਨਿਗੂਣੀ ਹੈ।


# ਮਨਰੇਗਾ ਨੂੰ ਲੈ ਕੇ ਕਾਂਗਰਸ ਦੀ ਕੀ ਹੈ ਸਿਆਸਤ?



ਅਭੈ ਕੁਮਾਰ ਦੂਬੇ

ਰਾਹੁਲ ਗਾਂਧੀ ਨੇ ਮਨਰੇਗਾ ਨੂੰ ਲੈ ਕੇ ਆਪਣਾ ਵੱਡਾ ਪੱਤਾ ਖੇਡ ਦਿੱਤਾ ਹੈ, ਜੇਕਰ ਇਹ ਦਾਅ ਚੱਲ ਗਿਆ ਤਾਂ ਰਾਹੁਲ ਤੇ ਕਾਂਗਰਸ ਇਕੋ ਸਮੇਂ ਦੋ ਬਾਜ਼ੀਆਂ ਜਿੱਤ ਸਕਦੇ ਹਨ। ਪਹਿਲੀ ਬਾਜ਼ੀ ਮਹਾਤਮਾ ਗਾਂਧੀ ਦੇ ਨਾਮ ’ਤੇ ਰੱਖੇ ਗਏ ਪੇਂਡੂ ਰੁਜ਼ਗਾਰ ਗਰੰਟੀ ਪ੍ਰੋਗਰਾਮ ਨੂੰ ਮੁੜ ਵਾਪਸ ਲਿਆਉਣ ਦੀ ਹੈ ਤੇ ਦੂਜੀ ਦਲਿਤਾਂ ਦੇ ਸਮਰਥਨ ਦੇ ਆਲ਼ੇ-ਦੁਆਲ਼ੇ ਇੱਕ ਵਾਰ ਫਿਰ ਗੈਰ-ਭਾਜਪਾ ਵਿਰੋਧੀ ਏਕਤਾ ਕਾਇਮ ਕਰਨ ਦੀ ਹੈ। ਹਾਲ ਹੀ ਵਿੱਚ ਹੋਈ ਕਾਂਗਰਸ ਵਰਕਿੰਗ ਕਮੇਟੀ ਦੀ ਬੈਠਕ ’ਚ ‘ਮਨਰੇਗਾ’ ਨੂੰ ਮੁੜ ਤੋਂ ਲਿਆਉਣ ਲਈ ਇੱਕ ਰਾਸ਼ਟਰੀ ਮੋਰਚਾ ਬਣਾਉਣ ਦਾ ਪ੍ਰਣ ਲਿਆ ਗਿਆ ਸੀ। ਇਨ੍ਹਾਂ ਮਤਿਆਂ ਨੂੰ ਪੜ੍ਹ ਕੇ ਕੋਈ ਵੀ ਸਮਝ ਸਕਦਾ ਹੈ ਕਿ ਇਹ ਲੜਾਈ ਸਿਰਫ਼ ਕਾਂਗਰਸ ਪਾਰਟੀ ਲਈ ਨਹੀਂ ਹੋਣ ਵਾਲੀ ਹੈ। ਇਸ ਦਾ ਉਦੇਸ਼ ਚੋਣਾਂ ਲੜਨ ਵਾਲੀਆਂ ਪਾਰਟੀਆਂ ਨੂੰ ਕਾਂਗਰਸ ਨਾਲ ਇੱਕ ਪਲੇਟਫਾਰਮ ’ਤੇ ਲਿਆਉਣਾ ਹੈ ਅਤੇ ਜੋ ‘ਇੰਡੀਆ’ ਗੱਠਜੋੜ ਦਾ ਹਿੱਸਾ ਹਨ ਜਾਂ ਰਹਿ ਚੁੱਕੀਆਂ ਹਨ। ਇਸ ਦਾ ਉਦੇਸ਼ ਦੇਸ਼ ਭਰ ਵਿੱਚ ਉਨ੍ਹਾਂ ਸੰਗਠਨਾਂ ਨੂੰ ਵੀ ਇਕੱਠਾ ਕਰਨਾ ਹੈ ਜੋ ਦਲਿਤਾਂ ਲਈ ਕੰਮ ਕਰਦੇ ਹਨ ਅਤੇ ਪੇਂਡੂ ਖੇਤਰਾਂ ’ਚ ਦੇਸ਼ ਦੇ ਸਭ ਤੋਂ ਕਮਜ਼ੋਰ ਵਰਗਾਂ ਲਈ ਲੜਦੇ ਹਨ। ਇਹ ਸੰਗਠਨ ਆਪਣੇ ਬੈਨਰ ਹੇਠ ਚੋਣਾਂ ਨਹੀਂ ਲੜਦੇ, ਪਰ ਉਨ੍ਹਾਂ ਦੇ ਕੁਝ ਆਗੂ ਤੇ ਵਰਕਰ ਮੌਕਾ ਮਿਲਣ ’ਤੇ ਦੂਜੀਆਂ ਪਾਰਟੀਆਂ ’ਚ ਸ਼ਾਮਿਲ ਹੋ ਕੇ ਚੋਣਾਂ ਵਿਚ ਆਪਣੀ ਕਿਸਮਤ ਅਜ਼ਮਾਉਂਦੇ ਹਨ।

ਕਾਂਗਰਸ ਨੇ ਮਨਰੇਗਾ ਸੰਬੰਧੀ ਸਾਰੇ ਰਾਜਾਂ ਵਿੱਚ ਇੱਕ ਅੰਦੋਲਨ ਦੀ ਯੋਜਨਾ ਬਣਾਈ ਹੈ। ਜੋ ਨਵੇਂ ਕਾਨੂੰਨ ਤੋਂ ਪ੍ਰਭਾਵਿਤ ਗਰੀਬਾਂ ਨੂੰ ਦੱਸੇਗਾ ਕਿ ਇਹ ਮਨਰੇਗਾ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਹੈ ਅਤੇ ਜੀ ਰਾਮ ਜੀ ਤਹਿਤ ਸਭ ਕੁਝ ਦਿੱਲੀ (ਕੇਂਦਰ) ਤੈਅ ਕਰੇਗੀ। ਪਹਿਲਾਂ ਮਨਰੇਗਾ ਮੰਗ-ਅਧਾਰਿਤ ਪਹਿਲ ਸੀ, ਜੋ ਹੁਣ ਫੰਡਿੰਗ ਖਤਮ ਹੋਣ ਨਾਲ ਕੋਈ ਕੰਮ ਉਪਲੱਬਧ ਨਹੀਂ ਹੋਵੇਗਾ। ਇਸ ਯੋਜਨਾ ਤੋਂ ਮਹਾਤਮਾ ਗਾਂਧੀ ਦਾ ਨਾਮ ਹਟਾਉਣਾ ਸਭ ਤੋਂ ਮੰਦਭਾਗਾ ਹੈ। ਕਾਂਗਰਸ ਦਾ ਕਹਿਣਾ ਹੈ ਕਿ ਉਹ ਕਿਸਾਨਾਂ, ਪਛੜੇ ਵਰਗਾਂ ਤੇ ਦਲਿਤਾਂ ਦੇ ਕੰਮ ਕਰਨ ਦੇ ਅਧਿਕਾਰ ਦੀ ਰੱਖਿਆ ਤੇ ਸਨਮਾਨ ਦੀ ਰੱਖਿਆ ਲਈ ‘ਮਨਰੇਗਾ ਬਚਾਓ’ ਅੰਦੋਲਨ ਸ਼ੁਰੂ ਕਰਨ ਜਾ ਰਹੀ ਹੈ। ਰਾਹੁਲ ਗਾਂਧੀ, ਮਲਿਕਅਰੁਜਨ ਖੜਗੇ ਤੇ ਕਾਂਗਰਸ ਸਮੇਤ ਹੋਰ ਸਭ ਪਾਰਟੀਆਂ ਵੀ ਜਾਣਦੀਆਂ ਹਨ ਕਿ ਮਨਰੇਗਾ ਅਸਲ ਵਿੱਚ ਇੱਕ ਅਜਿਹਾ ਪ੍ਰੋਗਰਾਮ ਸੀ, ਜਿਸ ਨੇ ਪੇਂਡੂ ਦਲਿਤਾਂ ਨੂੰ ਸਭ ਤੋਂ ਵੱਧ ਲਾਭ ਪਹੁੰਚਾਇਆ ਸੀ। ਮਨਰੇਗਾ ਨੇ ਭਾਰਤ ਦੇ ਉਨ੍ਹਾਂ ਲੋਕਾਂ ਨੂੰ ਰੁਜ਼ਗਾਰ ਪ੍ਰਦਾਨ ਕੀਤਾ। ਜੇਕਰ ਕਾਂਗਰਸ ਦਾ ਇਹ ਅੰਦੋਲਨ ਮੋਦੀ ਸਰਕਾਰ ਨੂੰ ਮਨਰੇਗਾ ਨੂੰ ਮੁੜ ਬਹਾਲ ਕਰਨ ਲਈ ਮਜਬੂਰ ਕਰਨ ਦਾ ਉਦੇਸ਼ ਪ੍ਰਾਪਤ ਕਰ ਸਕਿਆ ਤਾਂ ਪੇਂਡੂ ਦਲਿਤ ਆਬਾਦੀ ਭਾਜਪਾ ਦੇ ਪ੍ਰਭਾਵ ’ਚੋਂ ਨਿਕਲ ਕੇ ਉਸ ਦਾ ਸਾਥ ਛੱਡ ਕੇ ਕਾਂਗਰਸ ਜਾਂ ਹੋਰ ਵਿਰੋਧੀ ਪਾਰਟੀਆਂ ਨਾਲ ਆ ਸਕਦੀ ਹੈ। ਇਹ ਸੰਘਰਸ਼ ਇੱਕ ਵਾਰ ਫਿਰ ‘ਇੰਡੀਆ’ ਗੱਠਜੋੜ ਨੂੰ ਹੁਲਾਰਾ ਦੇ ਸਕਦਾ ਹੈ ਜੋ 2024 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਦੱਬ ਕੇ ਰਹਿ ਗਿਆ ਸੀ।




ਕਾਂਗਰਸ ਨੇ ਕੰਮ ਦੇ ਅਧਿਕਾਰ ਦੀ ਰੱਖਿਆ ਕਰਨ ਲਈ ਦੇਸ਼ ਵਿਆਪੀ ‘ਮਨਰੇਗਾ ਬਚਾਓ ਸੰਗਰਾਮ’ ਦੀ ਸ਼ੁਰੂਆਤ ਕਰ ਦਿੱਤੀ ਹੈ, 10 ਜਨਵਰੀ ਨੂੰ ਸ਼ੁਰੂ ਹੋਈ ਇਹ ਮੁਹਿੰਮ 25 ਫਰਵਰੀ ਤੱਕ ਜਾਰੀ ਰਹੇਗੀ। ਇਸ ਐਲਾਨੇ ਗਏ ਪ੍ਰੋਗਰਾਮ ’ਤੇ ਇੱਕ ਝਾਤ ਮਾਰਨ ਨਾਲ ਇਸ ਉਦੇਸ਼ ਪ੍ਰਤੀ ਕਾਂਗਰਸ ਦੀ ਵਚਨਬੱਧਤਾ ਦੀ ਗੰਭੀਰਤਾ ਦਾ ਪਤਾ ਲਗਦਾ ਹੈ। ਇਸ ਅੰਦੋਲਨ ਰਾਹੀਂ ਕਾਂਗਰਸ ਨੇ ਤਿੰਨ ਸਪੱਸ਼ਟ ਮੰਗਾਂ ਰੱਖੀਆਂ ਹਨ: ਨਵੇਂ ‘ਜੀ ਰਾਮ ਜੀ’ ਕਾਨੂੰਨ ਰੱਦ ਕੀਤਾ ਜਾਵੇ, ਮਨਰੇਗਾ ਨੂੰ ਅਧਿਕਾਰ-ਅਧਾਰਿਤ ਕਾਨੂੰਨ ਵਜੋਂ ਬਹਾਲ ਕੀਤਾ ਜਾਵੇ ਅਤੇ ਕੰਮ ਕਰਨ ਦੇ ਅਧਿਕਾਰ ਅਤੇ ਪੰਚਾਇਤਾਂ ਦੇ ਅਧਿਕਾਰ ਦੀ ਬਹਾਲੀ ਕੀਤੀ ਜਾਵੇ। ਕਾਂਗਰਸ ਅਨੁਸਾਰ ‘ਮਨਰੇਗਾ’ ਕੋਈ ਦਾਨ ਨਹੀਂ ਹੈ; ਸਗੋਂ ਇੱਕ ਕਾਨੂੰਨੀ ਗਰੰਟੀ ਸੀ। ਜਿਸਨੇ ਲੱਖਾਂ ਗਰੀਬਾਂ ਨੂੰ ਉਨ੍ਹਾਂ ਦੇ ਆਪਣੇ ਪਿੰਡਾਂ ਵਿੱਚ ਕੰਮ ਪ੍ਰਦਾਨ ਕਰਕੇ ਭੁੱਖਮਰੀ ਤੇ ਮਜ਼ਦੂਰੀ ਲਈ ਪ੍ਰਵਾਸ ਨੂੰ ਘਟਾਇਆ ਅਤੇ ਔਰਤਾਂ ਦੇ ਆਰਥਿਕ ਸਨਮਾਨ ਨੂੰ ਮਜ਼ਬੂਤ ਕੀਤਾ। ਜਦਕਿ ਜੀ ਰਾਮ ਜੀ ਕਾਨੂੰਨ ਇਸ ਅਧਿਕਾਰ ਨੂੰ ਖਤਮ ਕਰਨ ਲਈ ਤਿਆਰ ਕੀਤਾ ਗਿਆ ਹੈ, ਕਿਉਂਕਿ ਕੰਮ ਹੁਣ ਇੱਕ ਗਾਰੰਟੀਸ਼ੁਦਾ ਅਧਿਕਾਰ ਨਹੀਂ ਰਹੇਗਾ। ਫੰਡਾਂ ਤੇ ਕੰਮ ਦਾ ਫ਼ੈਸਲਾ ਦਿੱਲੀ ਕਰੇਗੀ, ਜੋ ਗ੍ਰਾਮ ਸਭਾਵਾਂ ਤੇ ਪੰਚਾਇਤਾਂ ਨੂੰ ਬੇਕਾਰ ਕਰ ਦੇਵੇਗੀ। ਰਾਜਾਂ ਨੂੰ 40 ਫ਼ੀਸਦੀ ਫੰਡ ਪ੍ਰਦਾਨ ਕਰਨ ਲਈ ਮਜਬੂਰ ਕੀਤਾ ਜਾਵੇਗਾ, ਜੋ ਸੰਘਵਾਦ ਨੂੰ ਕਮਜ਼ੋਰ ਕਰਕੇ ਗਰੀਬ ਰਾਜਾਂ ਨੂੰ ਨੁਕਸਾਨ ਪਹੁੰਚਾਏਗਾ। ਪਿੰਡ ਦੀਆਂ ਜਾਇਦਾਦਾਂ ਨੂੰ ਠੇਕੇਦਾਰ-ਸ਼ੈਲੀ ਦੇ ਪ੍ਰੋਜੈਕਟਾਂ ਦੁਆਰਾ ਬਦਲ ਦਿੱਤਾ ਜਾਵੇਗਾ। ਕਾਂਗਰਸ ਪਿੰਡ ਦੀ ਪੰਚਾਇਤ ਤੋਂ ਲੈ ਕੇ ਸੰਸਦ ਤੱਕ ਸ਼ਾਂਤੀਪੂਰਵਕ ਤੇ ਜ਼ੋਰਦਾਰ ਢੰਗ ਨਾਲ ਇਸਦਾ ਵਿਰੋਧ ਕਰੇਗੀ।

ਇਸ ਮੰਤਵ ਲਈ ਕਾਂਗਰਸ ਵੱਲੋਂ 8 ਜਨਵਰੀ ਨੂੰ ਸੂਬਾ ਕਮੇਟੀ ਪੱਧਰ ’ਤੇ ਅੰਦੋਲਨ ਲਈ ਤਿਆਰੀ ਮੀਟਿੰਗਾਂ ਸੂਬੇ ਦੇ ਮੁੱਖ ਦਫ਼ਤਰਾਂ ’ਤੇ ਆਯੋਜਿਤ ਕੀਤੀਆਂ ਗਈਆਂ। ਇਨ੍ਹਾਂ ਮੀਟਿੰਗਾਂ ਦੌਰਾਨ ਵਰਕਰਾਂ ਤੇ ਆਗੂਆਂ ਨੂੰ ਮਨਰੇਗਾ ਦੀ ਥਾਂ ਲੈਣ ਵਾਲੇ ਨਵੇਂ ਬਿੱਲ ਦੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਸੰਬੰਧੀ ਜ਼ਿਲ੍ਹਾ-ਵਾਰ ਜ਼ਿੰਮੇਵਾਰੀਆਂ ਨੂੰ ਅੰਤਿਮ ਰੂਪ ਦਿੰਦਿਆਂ ਯਕੀਨੀ ਬਣਾਇਆ ਗਿਆ ਹੈ ਕਿ ਸਾਰੇ ਰਾਜਾਂ ਵਿੱਚ ਤਾਲਮੇਲ ਵਾਲੀ ਲਾਮਬੰਦੀ ਹੋਵੇ ਅਤੇ ਸੁਨੇਹਾ ਪੂਰੇ ਸਮੇਂ ਵਿੱਚ ਇਕਸਾਰ ਰਹੇ। 10 ਜਨਵਰੀ ਨੂੰ ਜ਼ਿਲ੍ਹਾ ਪੱਧਰੀ ਪ੍ਰੈਸ ਕਾਨਫਰੰਸਾਂ ਦੌਰਾਨ ਮੀਡੀਆ ਨੂੰ ਪੇਂਡੂ ਰੁਜ਼ਗਾਰ ਤੇ ਰੋਜ਼ੀ-ਰੋਟੀ ’ਤੇ ਪ੍ਰਸਤਾਵਿਤ ਕਾਨੂੰਨ ਦੇ ਮਾੜੇ ਪ੍ਰਭਾਵਾਂ ਬਾਰੇ ਦੱਸਿਆ ਗਿਆ। 11 ਜਨਵਰੀ ਨੂੰ ਜ਼ਿਲ੍ਹਾ ਪੱਧਰ ’ਤੇ ਇੱਕ ਦਿਨ ਦਾ ਵਰਤ ਤੇ ਪ੍ਰਤੀਕਾਤਮਕ ਵਿਰੋਧ ਪ੍ਰਦਰਸ਼ਨ ਕੀਤਾ ਗਿਆ। ਜ਼ਿਲ੍ਹਾ ਹੈੱਡਕੁਆਰਟਰ ਜਾਂ ਮਹਾਤਮਾ ਗਾਂਧੀ ਜਾਂ ਡਾ. ਬੀ.ਆਰ. ਅੰਬੇਡਕਰ ਦੀਆਂ ਮੂਰਤੀਆਂ ਵਰਗੇ ਪ੍ਰਮੁੱਖ ਜਨਤਕ ਸਥਾਨਾਂ ਦੇ ਨੇੜੇ ਇੱਕ ਦਿਨ ਦਾ ਵਰਤ ਰੱਖਿਆ ਗਿਆ, ਜਿਸ ਵਿੱਚ ਪਾਰਟੀ ਨੇਤਾਵਾਂ, ਚੁਣੇ ਹੋਏ ਪ੍ਰਤੀਨਿਧੀਆਂ ਤੇ ਮਨਰੇਗਾ ਵਰਕਰ ਸ਼ਾਮਿਲ ਸਨ। 30 ਜਨਵਰੀ ਨੂੰ ਵਾਰਡ ਤੇ ਬਲਾਕ ਵਿਕਾਸ ਪੱਧਰ ’ਤੇ ਸ਼ਾਂਤੀਪੂਰਨ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ ਅਤੇ 31 ਜਨਵਰੀ ਤੋਂ 6 ਫਰਵਰੀ ਤੱਕ ਜ਼ਿਲ੍ਹਾ ਪੱਧਰੀ ‘ਮਨਰੇਗਾ ਬਚਾਓ’ ਧਰਨੇ ਦਿੱਤੇ ਜਾਣਗੇ। ਜ਼ਿਲ੍ਹਾ ਮੈਜਿਸਟ੍ਰੇਟਾਂ ਦੇ ਦਫ਼ਤਰਾਂ ਵਿੱਚ ਵਿਰੋਧ ਪ੍ਰਦਰਸ਼ਨ ਦੌਰਾਨ ਕਾਨੂੰਨ ਨੂੰ ਵਾਪਸ ਲੈਣ ਤੇ ਮਨਰੇਗਾ ਨੂੰ ਇਸ ਦੇ ਪੁਰਾਣੇ ਅਸਲ ਰੂਪ ਵਿੱਚ ਬਹਾਲ ਕਰਨ ਦੀ ਮੰਗ ਕਰਦਿਆਂ ਮੰਗ ਪੱਤਰ ਸੌਂਪੇ ਜਾਣਗੇ। (ਬਾਕੀ ਸਫ਼ਾ 27 ’ਤੇ)

# ਕੀ ਮੋਦੀ-ਸ਼ਾਹ ਫਾਰਮੂਲਾ ਗ਼ੈਰ-ਹਿੰਦੀ ਖੇਤਰਾਂ ਵਿੱਚ ਸਫ਼ਲ ਹੋਵੇਗਾ ?



ਆਰ. ਸੂਰਿਆਮੂਰਤੀ

ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਭਾਰਤੀ ਚੋਣਾਂ ਇੱਕ ਧੋਖੇ ਨਾਲ ਭਰੇ ਸੌਖੇ ਫਾਰਮੂਲੇ ਦੇ ਆਲੇ-ਦੁਆਲੇ ਘੁੰਮ ਰਹੀਆਂ ਹਨ: ਨਰਿੰਦਰ ਮੋਦੀ ਵੱਡੇ ਪੱਧਰ 'ਤੇ ਜਨਤਾ ਸਾਹਮਣੇ ਪੇਸ਼ ਹੁੰਦੇ ਹਨ ਤਾਂ ਅਮਿਤ ਸ਼ਾਹ ਪਾਰਟੀ ਦੇ ਚੋਣ ਗਣਿਤ ਨੂੰ ਦਰੁਸਤ ਰੱਖਦੇ ਹਨ। ਇੱਕ ਬਿਰਤਾਂਤ 'ਤੇ ਹਾਵੀ ਰਹਿੰਦਾ ਹੈ, ਦੂਜਾ ਮਸ਼ੀਨ ਨੂੰ ਨਿਯੰਤਰਿਤ ਕਰਦਾ ਹੈ। ਇਨ੍ਹਾਂ ਦੋਹਾਂ ਨੇ ਇਕੱਠੇ ਹੋ ਕੇ ਭਾਜਪਾ ਨੂੰ ਸਭ ਤੋਂ ਜ਼ਿਆਦਾ ਕੇਂਦਰੀਕ੍ਰਿਤ, ਅਨੁਸ਼ਾਸਿਤ ਤੇ ਚੋਣਾਂਵੀ ਤੌਰ 'ਤੇ ਸਭ ਤੋਂ ਕੁਸ਼ਲ ਰਾਜਨੀਤਿਕ ਸੰਗਠਨ ਵਿੱਚ ਬਦਲ ਦਿੱਤਾ ਹੈ, ਜਿਸ ਤਰ੍ਹਾਂ ਕਦੇ ਕਾਂਗਰਸ ਨੇ ਆਪਣੇ ਸਿਖਰਲੇ ਸਮੇਂ ਦੌਰਾਨ ਕੀਤਾ ਸੀ। ਜੇਕਰ ਭਾਜਪਾ ਦਾ ਰਾਸ਼ਟਰੀ ਦਬਦਬਾ ਆਪਣੇ-ਆਪ ਨੂੰ ਖੇਤਰੀ ਸ਼ਕਤੀ ਵਜੋਂ ਤਬਦੀਲ ਕਰਨ 'ਚ ਨਾਕਾਮ ਰਹਿੰਦਾ ਹੈ, ਤਾਂ ਉਨ੍ਹਾਂ ਨੂੰ 2026 'ਚ ਸਭ ਤੋਂ ਅਸੁਵਿਧਾਜਨਕ ਸੱਚਾਈ ਦਾ ਸਾਹਮਣਾ ਕਰਨਾ ਪੈ ਸਕਦਾ ਹੈ । ਭਾਵੇਂ ਪੱਛਮੀ ਬੰਗਾਲ, ਤਾਮਿਲਨਾਡੂ, ਕੇਰਲਾ, ਅਸਾਮ ਤੇ ਪੁਡੂਚੇਰੀ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਕੇਂਦਰ 'ਚ ਨਰਿੰਦਰ ਮੋਦੀ ਸਰਕਾਰ ਨੂੰ ਅਸਥਿਰ ਜਾਂ ਪਾਰਟੀ 'ਤੇ ਅਮਿਤ ਸ਼ਾਹ ਦੀ ਪਕੜ ਨੂੰ ਢਿੱਲਾ ਨਹੀਂ ਕਰਨਗੀਆਂ, ਪਰ ਇਹ ਵਿਧਾਨ ਸਭਾ ਚੋਣਾਂ ਉਸ ਮਿੱਥ ਨੂੰ ਤੋੜ ਸਕਦੀਆਂ ਹਨ, ਜਿਸ ਨੂੰ ਭਾਜਪਾ ਨੇ ਇਕ ਦਹਾਕੇ ਤੋਂ ਅੱਗੇ ਵਧਾਇਆ ਹੈ ਅਤੇ ਬ੍ਰਾਂਡ ਮੋਦੀ ਹਰ ਜਗ੍ਹਾ, ਸੱਭਿਆਚਾਰਾਂ, ਭਾਸ਼ਾਵਾਂ, ਜਾਤੀ ਢਾਂਚਿਆਂ ਤੇ ਰਾਜਨੀਤਿਕ ਪਰੰਪਰਾਵਾਂ ਨੂੰ ਲੈ ਕੇ ਚੋਣ ਪ੍ਰਚਾਰ 'ਚ ਅਜੇਤੂ ਹੈ। ਹੁਣ ਮੋਦੀ-ਸ਼ਾਹ ਨੂੰ ਕੇਂਦਰ 'ਚ ਨਹੀਂ, ਸਭ ਤੋਂ ਸਖ਼ਤ ਖੇਤਰੀ ਚੁਣੌਤੀ ਦਾ ਸਾਹਮਣਾ ਕਰਨਾ ਪਵੇਗਾ।

ਭਾਜਪਾ ਦੇ ਪਸੰਦੀਦਾ ਮਾਪਦੰਡਾਂ ਅਨੁਸਾਰ ਪਾਰਟੀ ਅਜੇਤੂ ਦਿਖਾਈ ਦਿੰਦੀ ਹੈ। 2024 ਦੀਆਂ ਲੋਕ ਸਭਾ ਚੋਣਾਂ 'ਚ ਇਸ ਦਾ ਵੋਟ ਸ਼ੇਅਰ ਲਗਭਗ 36.5 ਫ਼ੀਸਦੀ ਸੀ, ਜਿਸ ਦੇ ਚੱਲਦਿਆਂ ਉਹ ਭਾਰਤ ਵਿੱਚ ਸਭ ਤੋਂ ਵੱਡੀ ਰਾਜਨੀਤਿਕ ਸ਼ਕਤੀ ਬਣ ਗਈ। ਅਰਥਵਿਵਸਥਾ ਵੀ 6.7 ਤੋਂ 7 ਫ਼ੀਸਦੀ ਦੀ ਦਰ ਨਾਲ ਵਧ ਰਹੀ ਹੈ, ਮਹਿੰਗਾਈ ਘਟੀ ਹੈ ਤੇ ਰਾਸ਼ਟਰੀ ਲੋਕਤੰਤਰੀ ਗੱਠਜੋੜ (ਐਨ.ਡੀ.ਏ.) 18 ਸੂਬਿਆਂ 'ਤੇ ਸ਼ਾਸਨ ਕਰ ਰਿਹਾ ਹੈ। ਪਰ ਵਿਧਾਨ ਸਭਾ ਚੋਣਾਂ ਰਾਸ਼ਟਰੀ ਪੱਧਰ 'ਤੇ ਨਹੀਂ, ਸਗੋਂ ਵਿਸ਼ੇਸ਼ ਸਮਾਜਿਕ ਗੱਠਜੋੜਾਂ, ਇਤਿਹਾਸਕ ਯਾਦਾਂ ਤੇ ਸਥਾਨਕ ਸ਼ਕਤੀ ਢਾਂਚਿਆਂ ਅੰਦਰ ਲੜੀਆਂ ਜਾਂਦੀਆਂ ਹਨ। 2026 'ਚ ਜਿਨ੍ਹਾਂ 5 ਰਾਜਾਂ 'ਚ ਵੋਟਾਂ ਪੈਣੀਆਂ ਹਨ, ਉਨ੍ਹਾਂ 'ਚੋਂ ਭਾਜਪਾ ਦੀ ਸਿਰਫ਼ ਅਸਾਮ 'ਚ ਸਰਕਾਰ ਹੈ ਤੇ ਉੱਥੇ ਵੀ ਮੋਦੀ ਨਹੀਂ, ਸਗੋਂ ਮੁੱਖ ਮੰਤਰੀ ਹਿਮੰਤ ਬਿਸਵਾ ਸ਼ਰਮਾ ਵਧੇਰੇ ਖਿੱਚ ਦਾ ਕੇਂਦਰ ਹਨ। ਇਨ੍ਹਾਂ ਚੋਣਾਂ ਵਾਲੇ ਸੂਬਿਆਂ 'ਚ ਮੋਦੀ-ਸ਼ਾਹ ਬ੍ਰਾਂਡ ਨੂੰ ਪਹਿਲਾਂ ਸੱਭਿਆਚਾਰਕ, ਜਾਤੀ ਤੇ ਭਾਸ਼ਾਈ ਰੁਕਾਵਟਾਂ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਕੇਂਦਰ 'ਚ 12 ਸਾਲਾਂ ਦੀ ਨਿਰਵਿਘਨ ਸੱਤਾ ਵੀ ਇਸ ਨੂੰ ਖ਼ਤਮ ਕਰਨ 'ਚ ਅਸਫਲ ਰਹੀ ਹੈ। ਹਾਲਾਂਕਿ ਪੱਛਮੀ ਬੰਗਾਲ 'ਚ ਭਾਜਪਾ ਦਾ 2011 ਤੋਂ 2021 ਦੇ ਵਿਚਕਾਰ ਪਾਰਟੀ ਦਾ ਵੋਟ ਸ਼ੇਅਰ 10 ਫ਼ੀਸਦੀ ਤੋਂ ਵੱਧ ਕੇ ਲਗਭਗ 38 ਫ਼ੀਸਦੀ ਤੱਕ ਹੋ ਗਿਆ ਹੈ। ਫਿਰ ਵੀ 2021 ਦੀਆਂ ਚੋਣਾਂ 'ਚ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਨੇ 48 ਫ਼ੀਸਦੀ ਵੋਟਾਂ ਤੇ 294 ਵਿਧਾਨ ਸਭਾ ਸੀਟਾਂ 'ਚੋਂ 213 ਸੀਟਾਂ ਜਿੱਤ ਕੇ ਭਾਜਪਾ ਨੂੰ ਚੁਣੌਤੀ ਦਿੱਤੀ ਹੋਈ ਹੈ।



ਭਾਜਪਾ ਨੇ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਹਮਲਾਵਰ ਢੰਗ ਨਾਲ ਧਰੁਵੀਕਰਨ ਕਰਦਿਆਂ ਵੱਡੇ ਪੱਧਰ 'ਤੇ ਲੋਕਾਂ ਨੂੰ ਲਾਮਬੰਦ ਕੀਤਾ ਹੈ, ਪਰ ਬੰਗਾਲ ਦੀ ਰਾਜਨੀਤੀ ਉਸ ਵਿਚਾਰਧਾਰਾ ਦੇ ਜ਼ੋਰ 'ਤੇ ਤੈਅ ਹੁੰਦੀ ਹੈ, ਜੋ ਕਲਿਆਣਕਾਰੀ ਯੋਜਨਾਵਾਂ, ਸਥਾਨਕ ਸਰਪ੍ਰਸਤੀ ਨੈੱਟਵਰਕ ਤੇ ਬੰਗਾਲੀ ਉਪ-ਰਾਸ਼ਟਰਵਾਦ ਦੀ ਡੂੰਘੀ ਜੜ੍ਹਾਂ ਵਾਲੀ ਭਾਵਨਾ ਨਾਲ ਆਕਾਰ ਪ੍ਰਾਪਤ ਕਰਦੀ ਹੈ। ਬੰਗਾਲ 'ਚ 27-28 ਫ਼ੀਸਦੀ ਮੁਸਲਮਾਨ ਆਬਾਦੀ 'ਚੋਂ ਜ਼ਿਆਦਾਤਰ ਸੱਤਾਧਾਰੀ ਤ੍ਰਿਣਮੂਲ ਕਾਂਗਰਸ ਦੀ ਸਮਰਥਕ ਹੈ। ਇਨ੍ਹਾਂ ਦੇ ਨਾਲ ਹੀ ਮਹਿਲਾ ਵੋਟਰਾਂ ਦੇ ਸਮਰਥਨ ਨੂੰ ਸ਼ਾਮਿਲ ਕਰ ਲਿਆ ਜਾਵੇ ਤਾਂ ਟੀ.ਐਮ.ਸੀ. ਵੋਟਰਾਂ ਦੀ ਗਿਣਤੀ 49 ਫ਼ੀਸਦੀ ਤੋਂ ਵੀ ਵਧ ਜਾਂਦੀ ਹੈ। ਭਾਵੇਂ ਬ੍ਰਾਂਡ ਮੋਦੀ ਰੈਲੀਆਂ ਨਾਲ ਲੋਕਾਂ 'ਚ ਜੋਸ਼ ਤਾਂ ਭਰ ਸਕਦਾ ਹੈ, ਪਰ ਬੰਗਾਲ ਵਿੱਚ ਚੋਣਾਂ ਸਟੇਜੀ ਭਾਸ਼ਨਾਂ ਨਾਲ ਨਹੀਂ ਜਿੱਤੀਆਂ ਜਾਂਦੀਆਂ। ਉਹ ਨਗਰ ਨਿਗਮ ਦਫ਼ਤਰਾਂ, ਰਾਸ਼ਨ ਦੀਆਂ ਦੁਕਾਨਾਂ ਤੇ ਮੁਹੱਲਾ ਕਮੇਟੀਆਂ ਦੀ ਬਿਹਤਰ ਕਾਰਗੁਜ਼ਾਰੀ ਨਾਲ ਜਿੱਤੀਆਂ ਜਾਂਦੀਆਂ ਹਨ। ਇਨ੍ਹਾਂ ਥਾਵਾਂ 'ਤੇ ਭਾਜਪਾ ਇੱਕ ਬਦਲ ਦੀ ਬਜਾਏ ਬਾਹਰੀ ਪਾਰਟੀ ਵਾਂਗ ਜ਼ਿਆਦਾ ਦਿਖਾਈ ਦਿੰਦੀ ਹੈ। ਜੇਕਰ ਬੰਗਾਲ ਭਾਜਪਾ ਦੀਆਂ ਸੀਮਾਵਾਂ ਨੂੰ ਬੇਨਕਾਬ ਕਰਦਾ ਹੈ ਤਾਂ ਤਾਮਿਲਨਾਡੂ ਉਸ ਦੀਆਂ ਧਾਰਨਾਵਾਂ ਨੂੰ ਅਪਮਾਨਿਤ ਕਰਦਾ ਹੈ। ਐਨ.ਡੀ.ਏ. ਗੱਠਜੋੜ ਲਗਾਤਾਰ ਕੇਂਦਰੀ ਮੁਹਿੰਮਾਂ ਤੇ ਰਾਸ਼ਟਰੀ ਪਛਾਣ ਦੇ ਬਾਵਜੂਦ, ਤਾਮਿਲਨਾਡੂ 'ਚ ਭਾਜਪਾ ਦਾ ਵੋਟ ਹਿੱਸਾ 3 ਤੋਂ 6 ਫ਼ੀਸਦੀ ਤੱਕ ਸੀਮਿਤ ਹੈ। ਭਾਜਪਾ ਨੂੰ ਰਾਸ਼ਟਰੀ ਪੱਧਰ 'ਤੇ ਜ਼ਿਆਦਾਤਰ ਉੱਚ ਜਾਤੀਆਂ ਦਾ ਸਮਰਥਨ ਮਿਲਦਾ ਹੈ, ਜਿਨ੍ਹਾਂ ਦੀ ਗਿਣਤੀ ਤਾਮਿਲਨਾਡੂ 'ਚ ਸਿਰਫ਼ 3-4 ਫ਼ੀਸਦੀ ਹੈ। ਇੱਥੇ ਦ੍ਰਾਵਿੜ ਰਾਜਨੀਤੀ ਵਿਚਾਰਧਾਰਕ ਦਿਖਾਵਾ ਨਹੀਂ ਹੈ; ਸਗੋਂ ਰਾਜਨੀਤਿਕ ਆਮ ਸਮਝ ਤੇ ਸਮਾਜਿਕ ਪਛਾਣ ਨਾਲ ਜੁੜਿਆ ਹੋਇਆ ਹੈ।


ਤਾਮਿਲਨਾਡੂ ਭਾਰਤ ਦੀ ਜੀ.ਡੀ.ਪੀ. ਵਿੱਚ ਲਗਭਗ 9 ਫ਼ੀਸਦੀ ਦਾ ਯੋਗਦਾਨ ਪਾਉਂਦਾਹੈ, ਜਿੱਥੇ ਪ੍ਰਤੀ ਵਿਅਕਤੀ ਆਮਦਨ ਸਾਲਾਨਾ 2.8 ਲੱਖ ਰੁਪਏ ਤੋਂ ਵੱਧ ਹੈ। ਸੂਬੇ 'ਚ ਲੰਬੇ ਸਮੇਂ ਤੋਂ ਦ੍ਰਾਵਿੜ ਢਾਂਚੇ ਦੁਆਰਾ ਸ਼ੁਰੂ ਕੀਤੀਆਂ ਭਲਾਈ ਸਕੀਮਾਂ ਮੋਦੀ ਰਾਜ ਤੋਂ ਦਹਾਕਿਆਂ ਪਹਿਲਾਂ ਦੀਆਂ ਹਨ। ਇੱਥੋਂ ਦਾ ਵੋਟਰ ਰਾਸ਼ਟਰੀ ਸੱਤਾ 'ਚ ਬਦਲਾਅ ਕਰਨ ਦੀ ਬਜਾਏ ਆਪਣੇ ਸਮਾਜਿਕ ਸਨਮਾਨ ਨੂੰ ਪਹਿਲ ਦਿੰਦਾ ਹੈ। ਇੱਥੇ 'ਮੋਦੀ ਜਾਦੂ' ਵਾਲੀ ਕੋਈ ਗੱਲ ਨਹੀਂ ਹੈ ਅਤੇ 2026 ਵਿਚ ਵੀ ਕੋਈ ਬਦਲਾਅ ਹੋਣ ਦੀ ਸੰਭਾਵਨਾ ਨਹੀਂ ਹੈ। ਅਕਸਰ ਭਾਜਪਾ ਦੇ ਰਣਨੀਤੀਕਾਰਾਂ ਦੁਆਰਾ ਕੇਰਲ ਨੂੰ ਪਾਰਟੀ ਦੀ 'ਅਗਲੀ ਸਰਹੱਦ' ਦੱਸਿਆ ਜਾਂਦਾ ਹੈ। ਪਰ ਅੰਕੜੇ ਕੁਝ ਹੋਰ ਹੀ ਬਿਆਨ ਕਰਦੇ ਹਨ, ਸਥਾਨਕ ਸੰਸਥਾਵਾਂ ਦੀਆਂ ਚੋਣਾਂ ਵਿੱਚ ਭਾਜਪਾ 2015 ਤੋਂ ਲੈ ਕੇ 2025 ਤੱਕ ਪਿਛਲੇ 11 ਸਾਲਾਂ ਦੌਰਾਨ ਆਪਣਾ ਵੋਟ ਸ਼ੇਅਰ 14-15 ਫ਼ੀਸਦੀ ਤੋਂ ਨਹੀਂ ਵਧਾ ਸਕੀ। ਕੇਰਲ ਵਿਚ 27 ਫ਼ੀਸਦੀ ਮੁਸਲਿਮ ਤੇ 18 ਫ਼ੀਸਦੀ ਇਸਾਈ ਆਬਾਦੀ ਹੈ ਅਤੇ ਦੋਵੇਂ ਘੱਟ-ਗਿਣਤੀ ਭਾਈਚਾਰੇ ਭਾਜਪਾ ਦੀ ਰਾਸ਼ਟਰੀ ਵਿਚਾਰਧਾਰਾ 'ਤੇ ਭਰੋਸਾ ਨਹੀਂ ਕਰਦੇ। ਕੇਰਲਾ 'ਚ 2024 ਦੌਰਾਨ ਬਹੁਚਰਚਿਤ ਲੋਕ ਸਭਾ ਸੀਟ ਜਿੱਤਣ ਦੇ ਬਾਵਜੂਦ ਭਾਜਪਾ ਨੂੰ ਬਹੁਤਾ ਫਾਇਦਾ ਹੁੰਦਾ ਨਹੀਂ ਦਿਖਾਈ ਦੇ ਰਿਹਾ। ਭਾਵੇਂ ਕੇਰਲਾ 'ਚ ਬ੍ਰਾਂਡ ਮੋਦੀ ਫੇਲ੍ਹ ਨਹੀਂ, ਪਰ ਇਹ ਫੈਲਣ ਤੋਂ ਇਨਕਾਰੀ ਹੈ।

ਭਾਜਪਾ ਦੀ ਇਕਮਾਤਰ ਉਮੀਦ ਅਸਾਮ ਹੈ, ਜਿੱਥੇ ਐਨ.ਡੀ.ਏ ਨੇ 2021 ਦੌਰਾਨ 45 ਫ਼ੀਸਦੀ ਵੋਟਾਂ ਨਾਲ 126 'ਚੋਂ 75 ਸੀਟਾਂ ਜਿੱਤੀਆਂ ਸਨ। ਅਸਾਮ ਦੀ ਰਾਜਨੀਤੀ ਬਹੁਤ ਜ਼ਿਆਦਾ ਸਥਾਨਕ ਹੈ ਜਿੱਥੇ ਜਾਤੀ, ਜ਼ਮੀਨ ਦੇ ਅਧਿਕਾਰ, ਪ੍ਰਵਾਸ ਚਿੰਤਾਵਾਂ ਤੇ ਪਛਾਣ ਦਾ ਟਕਰਾਅ ਹੈ। ਇੱਥੇ ਮੁਸਲਮਾਨਾਂ ਦੀ ਗਿਣਤੀ 34-35 ਫ਼ੀਸਦੀ ਹੈ, ਜੋ ਵੱਡੇ ਪੱਧਰ 'ਤੇ ਭਾਜਪਾ ਦੀ ਪਹੁੰਚ ਤੋਂ ਬਾਹਰ ਹੈ। ਹਾਲਾਂਕਿ ਪਾਰਟੀ ਸਰਮਾ ਦੀ ਤੇਜ਼ਤਰਾਰ ਸਥਾਨਕ ਅਗਵਾਈ ਹੇਠ ਅਸਾਮੀ ਹਿੰਦੂਆਂ, ਓਬੀਸੀ ਤੇ ਆਦਿਵਾਸੀ ਸਮੂਹਾਂ ਨੂੰ ਇਕਜੁੱਟ ਕਰਨ 'ਚ ਸਫਲ ਰਹੀ ਹੈ। ਪਰ ਇਹ ਮਾਡਲ ਹਰ ਜਗ੍ਹਾ ਲਾਗੂ ਨਹੀਂ ਹੋ ਸਕਦਾ। ਭਾਜਪਾ ਕੋਲ ਜ਼ਿਆਦਾਤਰ ਗੈਰ-ਹਿੰਦੀ ਸੂਬਿਆਂ 'ਚ ਸਪੱਸ਼ਟ ਤੌਰ 'ਤੇ ਪ੍ਰਭਾਵੀ ਖੇਤਰੀ ਆਗੂਆਂ ਦੀ ਘਾਟ ਹੈ। ਇਹ ਭਾਜਪਾ ਦੀ ਸਭ ਤੋਂ ਅਸੁਵਿਧਾਜਨਕ ਢਾਂਚਾਗਤ ਸਮੱਸਿਆ ਹੈ। ਭਾਜਪਾ ਨੇ ਹਿੰਦੀ ਭਾਸ਼ੀ ਸੂਬਿਆਂ 'ਚ ਉੱਚ ਜਾਤੀਆਂ ਤੇ ਓ.ਬੀ.ਸੀ. ਭਾਈਚਾਰੇ ਦੇ ਸਹਿਯੋਗ ਨਾਲ ਸ਼ਾਨਦਾਰ ਕੰਮ ਕੀਤਾ ਹੈ। ਪਰ ਜਿਨ੍ਹਾਂ ਰਾਜਾਂ 'ਚ ਉੱਚ ਜਾਤੀਆਂ ਦੀ ਆਬਾਦੀ 10 ਫ਼ੀਸਦੀ ਤੋਂ ਘੱਟ ਹੈ ਤੇ ਸਮਾਜਿਕ ਨਿਆਂ ਦੀ ਰਾਜਨੀਤੀ ਹਿੰਦੂਤਵ ਤੋਂ ਪਹਿਲਾਂ ਹੀ ਉੱਥੇ ਮੌਜੂਦ ਹੈ, ਉੱਥੇ ਇਹ ਫਾਰਮੂਲਾ ਨਾਕਾਮ ਹੋ ਜਾਂਦਾ ਹੈ।

ਜਾਤੀ ਸਿਰਫ਼ ਗਣਿਤ ਨਹੀਂ ਹੁੰਦੀ, ਇਹ ਤਾਂ ਯਾਦਾਂ, ਇਤਿਹਾਸ ਤੇ ਜੀਵਤ ਅਨੁਭਵ ਹੈ। ਜੋ ਭਾਰਤ ਦੇ ਵੱਡੇ ਹਿੱਸਿਆਂ 'ਚ ਭਾਜਪਾ ਦੇ ਵਿਚਾਰਧਾਰਕ ਬਿਰਤਾਂਤ ਦੇ ਪੱਖ ਵਿਚ ਨਹੀਂ ਹੈ। ਭਾਵੇਂ 2026 ਦੀਆਂ ਵਿਧਾਨ ਸਭਾ ਚੋਣਾਂ ਮੋਦੀ ਦੀ ਲੀਡਰਸ਼ਿਪ ਜਾਂ ਸ਼ਾਹ ਦੇ ਅਧਿਕਾਰ ਲਈ ਕੋਈ ਚੁਣੌਤੀ ਨਹੀਂ ਬਣਨਗੀਆਂ, ਪਰ 12 ਸਾਲਾਂ ਦੇ ਲੰਬੇ ਸਮੇਂ ਦੌਰਾਨ ਬ੍ਰਾਂਡ ਮੋਦੀ-ਸ਼ਾਹ ਆਪਣੀਆਂ ਸੀਮਾਵਾਂ ਤੱਕ ਪਹੁੰਚ ਚੁੱਕਾ ਹੈ। ਭਾਜਪਾ ਕੇਂਦਰ 'ਚ ਇਕ ਦਹਾਕੇ ਦੀ ਨਿਰਵਿਘਨ ਸੱਤਾ ਤੋਂ ਬਾਅਦ ਵੀ ਜੇ ਪੱਛਮੀ ਬੰਗਾਲ, ਤਾਮਿਲਨਾਡੂ ਤੇ ਕੇਰਲ 'ਚ ਕੋਈ ਚੁਣੌਤੀ ਪੇਸ਼ ਨਹੀਂ ਕਰ ਸਕੀ ਹੈ ਤਾਂ ਇਹ ਸਮੱਸਿਆ ਲੀਡਰਸ਼ਿਪ ਦੀ ਹੈ, ਯਤਨ ਜਾਂ ਸਰੋਤਾਂ ਦੀ ਨਹੀਂ। ਇਹ ਸਮੱਸਿਆ ਢਾਂਚਾਗਤ ਦੋਸ਼ ਦੀ ਵੀ ਹੈ। ਖੇਤਰੀ ਭਾਰਤ 2026 ਵਿੱਚ ਮੋਦੀ-ਸ਼ਾਹ ਦੀ ਜੋੜੀ ਨੂੰ ਉਸ ਸੱਚਾਈ ਦੇ ਰੂ-ਬ-ਰੂ ਕਰਵਾ ਸਕਦਾ ਹੈ, ਜਿਸ ਨੂੰ ਉਹ ਲੰਬੇ ਸਮੇਂ ਤੋਂ ਨਜ਼ਰਅੰਦਾਜ਼ ਕਰਦੇ ਆ ਰਹੇ ਹਨ।

# ਮਹਿਲਾਵਾਂ ਦੀ ਸਿਆਸੀ ਨੁਮਾਇੰਦਗੀ !

## ਔਰਤਾਂ ਦੇ ਨਾਮਾਂਕਣ ਦੇ ਮਾਮਲੇ ਵਿੱਚ ਚੋਣ ਕਮਿਸ਼ਨ ਦੇ ਨਿਯਮ ਤੇ ਪ੍ਰਕਿਰਿਆਵਾਂ ਕਿੰਨੀਆਂ ਕੁ ਸੰਵੇਦਨਸ਼ੀਲ ?



ਯੋਗੇਂਦਰ ਯਾਦਵ

ਭਵਿੱਖ ਦਾ ਕੋਈ ਇਤਿਹਾਸਕਾਰ ਇਸ ਬੇਰਹਿਮ ਵਿਅੰਗ ਨੂੰ ਦਰਜ ਕਰ ਸਕਦਾ ਹੈ ਕਿ ਜਦੋਂ ਔਰਤਾਂ ਨੂੰ ਆਪਣੇ ਦਮ 'ਤੇ ਰਾਜਨੀਤਕ ਤੌਰ 'ਤੇ ਮਾਨਤਾ ਮਿਲਣੀ ਸ਼ੁਰੂ ਹੋ ਗਈ ਸੀ ਤਾਂ ਭਾਰਤ 'ਚ ਉਨ੍ਹਾਂ ਨੂੰ ਹੁਣ ਤੱਕ ਦੇ ਸਭ ਤੋਂ ਵੱਡੇ ਵੋਟ ਦੇ ਅਧਿਕਾਰ ਤੋਂ ਵਾਂਝਾ ਕਰ ਦਿੱਤਾ ਗਿਆ ਸੀ। ਕੋਈ ਵੀ ਸੋਚ ਸਕਦੀ ਹੈ ਕਿ 21ਵੀਂ ਸਦੀ ਦੇ ਤੀਜੇ ਦਹਾਕੇ 'ਚ ਇਹ ਕਿਉਂ ਅਤੇ ਕਿਵੇਂ ਹੋਇਆ, ਜਦੋਂ ਕਿ ਪੂਰੀ ਦੁਨੀਆ ਨੇ ਔਰਤਾਂ ਦੇ ਵੋਟ ਦੇ ਅਧਿਕਾਰ ਨੂੰ ਹਲਕੇ ਵਿੱਚ ਲੈ ਲਿਆ ਸੀ, ਜਦੋਂ ਕਿ ਉਸ ਨੂੰ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੋਧ (ਐੱਸ.ਆਈ.ਆਰ.) ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਹੁਣ ਜਦੋਂ ਸਾਡੇ ਕੋਲ ਐੱਸ.ਆਈ.ਆਰ. ਦੇ ਦੂਜੇ ਪੜਾਅ ਲਈ ਉੱਤਰ ਪ੍ਰਦੇਸ਼ ਨੂੰ ਛੱਡ ਕੇ ਸਾਰੇ ਸੂਬਿਆਂ ਦੇ ਅੰਕੜੇ ਮੌਜੂਦ ਹਨ ਤਾਂ ਇਹ ਸਪੱਸ਼ਟ ਹੈ ਕਿ ਅਸੀਂ ਔਰਤਾਂ ਦੀ ਚੋਣ ਭਾਗੀਦਾਰੀ 'ਤੇ ਦਹਾਕਿਆਂ ਦੇ ਵਾਧੇ ਤੋਂ ਬਾਅਦ ਸਭ ਤੋਂ ਵੱਡੇ ਉਲਟਫੇਰ ਨੂੰ ਦੇਖ ਰਹੇ ਹਾਂ। ਪਿਛਲੇ ਦੋ ਦਹਾਕਿਆਂ ਵਿੱਚ ਅਸੀਂ ਔਰਤਾਂ ਦੇ ਨਾਂਅ ਦਰਜ ਕਰਾਉਣ, ਮਹਿਲਾ ਵੋਟਰਾਂ ਦੀ ਗਿਣਤੀ 'ਚ ਸੁਧਾਰ ਹੋਣ ਤੋਂ ਇਲਾਵਾ ਔਰਤਾਂ ਦੇ ਮੁੱਦਿਆਂ 'ਤੇ ਵਿਸ਼ੇਸ਼ ਧਿਆਨ ਕੇਂਦ੍ਰਿਤ ਹੁੰਦਾ ਦੇਖਿਆ ਹੈ। ਐੱਸ.ਆਈ.ਆਰ. ਕਾਰਨ ਸਾਨੂੰ ਔਰਤਾਂ ਦੇ ਵੋਟ ਅਧਿਕਾਰਾਂ ਲਈ ਬੁਨਿਆਦੀ ਸੰਘਰਸ਼ ਵੱਲ ਵਾਪਸ ਲੈ ਜਾਣ ਦਾ ਖ਼ਤਰਾ ਹੈ।

ਭਾਰਤ 'ਚ ਔਰਤਾਂ ਦੇ ਵੋਟਿੰਗ ਪ੍ਰਭਾਵ ਨੂੰ ਇਤਿਹਾਸਕ ਤੌਰ 'ਤੇ ਦੋਹਰੀ ਮਾਰ ਝੱਲਣੀ ਪਈ ਹੈ। ਪਹਿਲੀ ਗੱਲ ਅਮਰਤਿਆ ਸੇਨ ਦੁਆਰਾ 'ਮਿਸਿੰਗ ਗਰਲ ਚਾਈਲਡ' ਵਜੋਂ ਪਛਾਣੀ ਗਈ ਸੀ: ਕੁਦਰਤੀ ਜਨਮ ਦਰ ਦੇ ਆਧਾਰ 'ਤੇ ਪੈਦਾ ਹੋਣ ਵਾਲੀਆਂ ਲੜਕੀਆਂ ਦੀ ਗਿਣਤੀ ਤੇ ਪੈਦਾ ਹੋਣ ਵਾਲੀਆਂ ਲੜਕੀਆਂ ਦੀ ਅਸਲ ਗਿਣਤੀ ਵਿਚਕਾਰ ਇੱਕ ਵੱਡਾ ਪਾੜਾ ਹੈ। ਦੂਜਾ ਔਰਤਾਂ ਦਾ ਘੱਟ ਵੋਟ ਪਾਉਣ ਦਾ ਵਰਤਾਰਾ ਹੈ- ਜੋ ਲੜਕੀਆਂ ਵੋਟ ਪਾਉਣ ਦੀ ਉਮਰ ਤੱਕ ਪਹੁੰਚਦੀਆਂ ਹਨ, ਉਨ੍ਹਾਂ ਦੇ ਨਾਂਅ ਵੋਟਰ ਸੂਚੀ ਵਿੱਚ ਸ਼ਾਮਿਲ ਹੋਣ ਦੀ ਸੰਭਾਵਨਾ ਮਰਦਾਂ ਨਾਲੋਂ ਘੱਟ ਹੁੰਦੀ ਹੈ। ਪਰ ਐੱਸ.ਆਈ.ਆਰ. ਦੇ ਇਸ ਨਵੇਂ ਵਰਤਾਰੇ ਨਾਲ ਭਾਰਤੀ ਔਰਤਾਂ 'ਤੇ ਤੀਹਰੀ ਮਾਰ ਪਈ ਹੈ: ਵੋਟਰ ਸੂਚੀ 'ਚ ਪਹਿਲਾਂ ਹੀ ਮੌਜੂਦ ਔਰਤ ਵੋਟਰਾਂ ਦੇ ਨਾਂਅ ਵੋਟ ਸੂਚੀ 'ਚੋਂ ਕੱਟੇ ਗਏ ਹਨ। ਆਜ਼ਾਦ ਭਾਰਤ ਨੇ ਇੰਨੇ ਵੱਡੇ ਪੱਧਰ 'ਤੇ ਅਜਿਹਾ ਵਰਤਾਰਾ ਪਹਿਲਾਂ ਕਦੇ ਵੀ ਨਹੀਂ ਸੀ ਦੇਖਿਆ। ਬਿਹਾਰ ਨੇ ਸਾਨੂੰ ਆਉਣ ਵਾਲੇ ਸਮੇਂ ਦੀ ਝਲਕ ਪਹਿਲਾਂ ਹੀ ਦਿਖਾ ਦਿੱਤੀ ਸੀ। ਐੱਸ.ਆਈ.ਆਰ. ਤੋਂ ਪਹਿਲਾਂ ਬਿਹਾਰ ਦੀ ਬਾਲਗ ਆਬਾਦੀ ਵਿਚ ਲਿੰਗ ਅਨੁਪਾਤ- ਹਰ 1,000 ਮਰਦਾਂ ਪਿੱਛੇ ਸਿਰਫ਼ 932 ਔਰਤਾਂ ਸਨ। ਪਰ ਵੋਟਰ ਸੂਚੀ 'ਚ ਇਹ ਹੋਰ ਵੀ ਵਿਗੜ ਕੇ ਹਰ 1,000 ਮਰਦਾਂ ਪਿੱਛੇ ਸਿਰਫ਼ 914 ਔਰਤਾਂ ਰਹਿ ਗਿਆ। ਜੇਕਰ ਔਰਤਾਂ ਦਾ ਹਿੱਸਾ ਆਬਾਦੀ 'ਚ ਓਨਾ ਹੀ ਹੁੰਦਾ ਤਾਂ ਵੋਟਰ ਸੂਚੀ ਵਿੱਚ 7 ਲੱਖ ਹੋਰ ਔਰਤਾਂ ਹੋਣੀਆਂ ਚਾਹੀਦੀਆਂ ਸਨ। ਐੱਸ.ਆਈ.ਆਰ ਤੋਂ ਬਾਅਦ ਬਿਹਾਰ ਦੀ ਅੰਤਿਮ ਵੋਟਰ ਸੂਚੀ 'ਚ ਲਿੰਗ ਅਨੁਪਾਤ ਘਟ ਕੇ 890 ਹੋ ਗਿਆ। ਇਸ ਤਰ੍ਹਾਂ 'ਲਾਪਤਾ ਮਹਿਲਾ ਵੋਟਰਾਂ' ਦੀ ਗਿਣਤੀ 7 ਲੱਖ ਤੋਂ ਵੱਧ ਕੇ 16 ਲੱਖ ਹੋ ਗਈ ਹੈ।



ਐੱਸ.ਆਈ.ਆਰ. ਦੇ ਦੂਜੇ ਪੜਾਅ ਦੇ ਅੰਕੜੇ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਬਿਹਾਰ 'ਚ ਜੋ ਹੋਇਆ ਉਹ ਕੋਈ ਬੇਤਰਤੀਬੀ ਨਹੀਂ ਸੀ, ਇਸ ਦੇ ਨਾਲ ਦਿੱਤੀ ਸਾਰਣੀ ਦੂਜੇ ਪੜਾਅ 'ਚ 6 ਪ੍ਰਮੁੱਖ ਸੂਬਿਆਂ ਦੇ ਅੰਕੜੇ ਪੇਸ਼ ਕਰਦੀ ਹੈ। ਹਰ ਮਾਮਲੇ 'ਚ ਐੱਸ.ਆਈ.ਆਰ. ਵੋਟਰ ਸੂਚੀ ਦੇ ਲਿੰਗ ਅਨੁਪਾਤ 'ਚ ਕਮੀ ਦਾ ਕਾਰਨ ਬਣੀ ਹੈ। ਇਨ੍ਹਾਂ 6 ਸੂਬਿਆਂ 'ਚ ਐੱਸ.ਆਈ.ਆਰ. ਤੋਂ ਪਹਿਲਾਂ ਦੀ ਵੋਟਰ ਸੂਚੀ ਵਿੱਚ ਹਰ 1,000 ਮਰਦਾਂ ਪਿੱਛੇ 979 ਔਰਤਾਂ ਸਨ, ਜੋ ਬਾਲਗ ਆਬਾਦੀ ਵਿੱਚ ਉਨ੍ਹਾਂ (ਔਰਤਾਂ) ਦੇ ਹਿੱਸੇ 985 ਤੋਂ ਥੋੜ੍ਹਾ ਘੱਟ ਸੀ। ਪਰ ਹੁਣ ਐੱਸ.ਆਈ.ਆਰ ਤੋਂ ਬਾਅਦ: ਡਰਾਫਟ ਵੋਟਰ ਸੂਚੀ 'ਚ ਔਰਤਾਂ ਦਾ ਲਿੰਗ ਅਨੁਪਾਤ ਘਟ ਕੇ 963 ਹੋ ਗਿਆ। ਇਸ ਭਾਰੀ ਗਿਰਾਵਟ ਦਾ ਮਤਲਬ ਹੈ ਕਿ 23 ਲੱਖ ਹੋਰ ਮਹਿਲਾ ਵੋਟਰ ਘਟ ਗਈਆਂ ਹਨ। ਸਾਡੇ ਕੋਲ ਅਜੇ ਤੱਕ ਯੂ.ਪੀ. ਅਤੇ ਛੱਤੀਸਗੜ੍ਹ ਦਾ ਲਿੰਗ-ਵਾਰ ਡੇਟਾ ਨਹੀਂ ਹੈ। ਪੂਰੀ ਸੰਭਾਵਨਾ ਹੈ ਕਿ 'ਲਾਪਤਾ ਮਹਿਲਾ ਵੋਟਰਾਂ' ਦੀ ਗਿਣਤੀ ਹੋਰ ਵੀ ਵਧੇਗੀ। 6 ਸੂਬਿਆਂ ਦੀ ਇਸ ਸੂਚੀ ਵਿੱਚ ਕੇਰਲ ਤੇ ਤਾਮਿਲਨਾਡੂ ਵੀ ਸ਼ਾਮਿਲ ਹਨ, ਜੋ ਆਪਣੇ ਲਿੰਗ ਅਨੁਪਾਤ ਦੇ ਮਾਮਲੇ 'ਚ ਸਭ ਤੋਂ ਵਧੀਆ ਸੂਬਿਆਂ 'ਚੋਂ ਇੱਕ ਹਨ। ਇਨ੍ਹਾਂ ਸੂਬਿਆਂ ਦੀ ਵੋਟਰ ਸੂਚੀ 'ਚ ਔਰਤਾਂ ਦੀ ਗਿਣਤੀ ਮਰਦਾਂ ਨਾਲੋਂ ਵੱਧ ਹੈ, ਪਰ ਐੱਸ.ਆਈ.ਆਰ. ਬਾਅਦ ਤਾਮਿਲਨਾਡੂ ਦੇ ਲਿੰਗ ਅਨੁਪਾਤ 'ਚ 2 ਤੇ ਕੇਰਲ 'ਚ 14 ਅੰਕਾਂ ਦੀ ਗਿਰਾਵਟ ਆ ਗਈ ਹੈ। ਜਦਕਿ ਦੂਜੇ ਸੂਬਿਆਂ 'ਚ ਹਾਲਾਤ ਇਸ ਤੋਂ ਵੀ ਮਾੜੇ ਹਨ, ਜਿੱਥੇ 15 ਅੰਕਾਂ ਤੋਂ ਵੱਧ ਦੀ ਗਿਰਾਵਟ ਦਰਜ ਕੀਤੀ ਗਈ ਹੈ। ਇਸ ਤਰ੍ਹਾਂ ਐੱਸ.ਆਈ.ਆਰ. ਦੇ ਚਲਦਿਆਂ ਗੁਜਰਾਤ 'ਚ ਲਗਭਗ 6 ਲੱਖ, ਰਾਜਸਥਾਨ ਤੇ ਪੱਛਮੀ ਬੰਗਾਲ ਵਿੱਚ 5-5 ਲੱਖ ਤੋਂ ਵੱਧ ਅਤੇ ਮੱਧ ਪ੍ਰਦੇਸ਼ 'ਚ ਲਗਭਗ 5 ਲੱਖ ਮਹਿਲਾ ਵੋਟਰਾਂ ਦਾ ਸਫਾਇਆ ਹੋ ਚੁੱਕਾ ਹੈ। ਇਸ ਦੀ ਤੁਲਨਾ ਅਸਾਮ ਨਾਲ ਕੀਤੀ ਜਾਵੇ ਤਾਂ ਇਹ ਇੱਕਲਾ ਸੂਬਾ ਹੈ, ਜਿਸ ਨੇ ਆਪਣੀ ਹਾਲੀਆ ਵੋਟਰ ਸੂਚੀ ਸੋਧ ਲਈ ਗਣਨਾ ਫਾਰਮਾਂ ਤੇ 'ਮੈਪਿੰਗ' ਜ਼ਰੂਰਤਾਂ ਦੀ ਵਰਤੋਂ ਨਹੀਂ ਕੀਤੀ। ਇੱਥੇ ਵਿਸ਼ੇਸ਼ ਸੋਧ ਦੌਰਾਨ ਅਸਲ ਵਿੱਚ ਲਿੰਗ ਅਨੁਪਾਤ 1,002 ਤੋਂ 1004 ਹੋ ਗਿਆ ਹੈ, ਜੋ ਸਪੱਸ਼ਟ ਤੌਰ 'ਤੇ ਐੱਸ.ਆਈ.ਆਰ. ਨੂੰ ਦੋਸ਼ੀ ਸਿੱਧ ਕਰਦਾ ਹੈ।

ਬਿਹਾਰ ਦੇ ਮਾਮਲੇ ਵਾਂਗ ਐੱਸ.ਆਈ.ਆਰ. ਨੇ ਇਨ੍ਹਾਂ ਸੂਬਿਆਂ ਦੀਆਂ ਵੋਟਰ ਸੂਚੀਆਂ 'ਚ ਔਰਤਾਂ ਦੇ ਅਨੁਪਾਤ ਵਿੱਚ ਲੰਬੇ ਸਮੇਂ ਦੇ ਲਾਭਾਂ ਨੂੰ ਪਲਟਾਅ ਦਿੱਤਾ ਹੈ। ਉਦਾਹਰਨ ਲਈ ਮੱਧ ਪ੍ਰਦੇਸ਼ ਦੀ 2009 ਦੀ ਵੋਟਰ ਸੂਚੀ 'ਚ ਲਿੰਗ ਅਨੁਪਾਤ 887 ਤੱਕ ਬਹੁਤ ਘੱਟ ਸੀ, ਜੋ ਚੋਣ ਕਮਿਸ਼ਨ ਦੇ ਨਿਰੰਤਰ ਯਤਨਾਂ ਤੇ ਸੋਧ ਦੇ ਬਾਅਦ ਸੁਧਰ ਕੇ ਪਿਛਲੇ ਸਾਲ 950 ਤੱਕ ਪਹੁੰਚ ਗਿਆ, ਜੋ ਸੂਬੇ 'ਚ ਬਾਲਗ ਆਬਾਦੀ ਵਿੱਚ ਔਰਤਾਂ ਦੇ ਅਸਲ ਹਿੱਸੇ ਨਾਲ ਮੇਲ ਖਾਂਦਾ ਹੈ। ਪਰ ਐੱਸ.ਆਈ.ਆਰ ਖਰੜਾ ਸੂਚੀ 'ਚ ਇਸ ਨੂੰ ਘਟਾ ਕੇ 933 ਕਰ ਦਿੱਤਾ ਗਿਆ ਹੈ। ਇਸ 'ਚ ਕੋਈ ਹੈਰਾਨੀ ਨਹੀਂ ਹੈ, ਕਿਉਂਕਿ ਐੱਸ.ਆਈ.ਆਰ. ਵਿੱਚ ਇੱਕ ਡਿਜ਼ਾਈਨ ਦੀ ਕਮੀ ਹੈ, ਜੋ ਔਰਤਾਂ ਦੀ ਗਿਣਤੀ ਲਈ ਨੁਕਸਾਨ ਦਾ ਕੰਮ ਕਰਦਾ ਹੈ।

(ਬਾਕੀ ਸਫ਼ਾ 27 'ਤੇ)

# ਆਸਥਾ ਦਾ ਵਿਸ਼ਾ ਹੈ ਧਰਮ

ਇਕਬਾਲ ਸਿੰਘ ਲਾਲਪੁਰਾ
ਸਾਬਕਾ ਚੇਅਰਮੈਨ, ਘੱਟ ਗਿਣਤੀਆਂ ਕਮਿਸ਼ਨ ਭਾਰਤ ਸਰਕਾਰ

ਮੈਂ ਇਹ ਲਿਖਤ ਬਹੁਤ ਦੁਖੀ ਮਨ ਨਾਲ ਲਿਖ ਰਿਹਾ ਹਾਂ। ਮੇਰੇ ਧਰਮ ਨਾਲ ਜੁੜੀਆਂ ਹਾਲੀਆ ਵਿਵਾਦਤ ਘਟਨਾਵਾਂ ਨੇ ਨਾ ਸਿਰਫ਼ ਸਿੱਖ ਧਰਮ ਵਿੱਚ ਆਸਥਾ ਰੱਖਣ ਵਾਲਿਆਂ ਨੂੰ, ਸਗੋਂ ਹਰ ਉਸ ਵਿਅਕਤੀ ਨੂੰ ਗਹਿਰਾ ਦੁੱਖ ਪਹੁੰਚਾਇਆ ਹੈ ਜੋ ਸਮਝਦਾ ਹੈ ਕਿ ਧਰਮ ਆਸਥਾ ਦਾ ਵਿਸ਼ਾ ਹੈ, ਨਾ ਕਿ ਵਾਦ-ਵਿਵਾਦ, ਭਾਵਨਾਵਾਂ ਭੜਕਾਉਣ ਜਾਂ ਰਾਜਨੀਤਿਕ ਸ਼ੋਸ਼ਣ ਦਾ ਸਾਧਨ।

ਮੈਂ ਨੈਤਿਕ ਤੌਰ 'ਤੇ ਇਹਨਾਂ ਅਜੋਕੀਆਂ ਘਟਨਾਵਾਂ ਨੂੰ ਆਉਣ ਵਾਲੀ ਪੀੜ੍ਹੀ ਦੇ ਗਿਆਨ ਲਈ ਦਰਜ ਕਰਨਾ ਜ਼ਰੂਰੀ ਸਮਝਦਾ ਹਾਂ, ਕਿਉਂਕਿ ਭਵਿੱਖ ਦੇ ਨੌਜਵਾਨ ਪੁੱਛਣਗੇ ਕਿ ਜਦੋਂ ਸਾਡੀ ਧਾਰਮਿਕ ਆਸਥਾ ਨੂੰ ਢਾਹ ਲੱਗ ਰਹੀ ਸੀ ਤਾਂ ਕੋਈ ਆਵਾਜ਼ ਕਿਉਂ ਨਹੀਂ ਉੱਠੀ?

ਧਰਮ ਸ਼ਰਧਾ ਅਤੇ ਵਿਸ਼ਵਾਸ ਦਾ ਮਾਮਲਾ ਹੈ। ਜੇ ਤੁਸੀਂ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ 'ਤੇ ਵਿਸ਼ਵਾਸ ਰੱਖਦੇ ਹੋ ਤਾਂ ਉਸ ਨੂੰ ਸੱਚੀ ਸ਼ਰਧਾ ਅਤੇ ਨੀਅਤ ਨਾਲ ਅਪਣਾਓ ਅਤੇ ਗੁਰਮੁਖ ਬਣਨ ਦੀ ਕੋਸ਼ਿਸ਼ ਕਰੋ। ਜੇ ਤੁਹਾਨੂੰ ਸ਼ਰਧਾ ਅਤੇ ਵਿਸ਼ਵਾਸ ਨਹੀਂ ਤਾਂ ਆਪਣੀ ਜ਼ਿੰਦਗੀ ਜੀਓ, ਪਰ ਗੁਰਮਤਿ, ਸਿੱਖ ਗੁਰੂ ਸਾਹਿਬਾਨ ਜਾਂ ਸਿੱਖ ਧਰਮ ਬਾਰੇ ਟਿੱਪਣੀ ਕਰਨ, ਵਾਦ-ਵਿਵਾਦ ਕਰਨ ਜਾਂ ਸ਼ੋਸ਼ਣ ਕਰਨ ਦਾ ਤੁਹਾਨੂੰ ਕੋਈ ਅਧਿਕਾਰ ਨਹੀਂ। ਕਿਸੇ ਧਰਮ ਵਾਰੇ ਆਸਥਾ ਥੋਪੀ ਨਹੀਂ ਜਾ ਸਕਦੀ, ਪਰ ਸ਼ਰਧਾ ਨਾ ਰੱਖਣ ਵਾਲੇ ਨੂੰ ਵੀ ਧਰਮ ਦੀਆਂ ਪਵਿੱਤਰ ਪਰੰਪਰਾਵਾਂ ਨੂੰ ਠੇਸ ਪਹੁੰਚਾਉਣ ਦੀ ਆਜ਼ਾਦੀ ਨਹੀਂ ਦਿੱਤੀ ਜਾ ਸਕਦੀ।

ਗੁਰੂ ਨਾਨਕ ਦੇਵ ਜੀ ਨੇ ਧਰਤੀ 'ਤੇ ਦੇਵਤੇ ਪੈਦਾ ਕੀਤੇ ਹਨ!

ਸਲੋਕੁ ਮਹਲਾ ੧ ॥
ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥੧॥

ਅਜਿਹੇ ਮਨੁੱਖ ਜੋ ਸੱਚ, ਦਇਆ, ਨਿਮਰਤਾ ਅਤੇ ਬਹਾਦਰੀ ਨਾਲ ਜੀਵਨ ਜੀਉਂਦੇ ਹੋਏ ਮਨੁੱਖਤਾ ਦੀ ਰਹਿਨੁਮਾਈ, ਸਹਾਇਤਾ ਅਤੇ ਰੱਖਿਆ ਕਰਦੇ ਹਨ—ਮੈਨੂੰ ਇਸ ਗੱਲ ਦਾ ਮਾਣ ਅਤੇ ਅਹਿਸਾਸ ਹੈ ਕਿ ਮੈਂ ਸਿੱਖ ਵਜੋਂ ਜਨਮ ਲਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦੇਵਤਿਆਂ ਦੇ ਨਿਰਮਲ ਪੰਥ ਨੂੰ ਹੋਰ ਉੱਚਾਈ 'ਤੇ ਲੈ ਜਾਂਦਿਆਂ ਖਾਲਸੇ ਦੀ ਸਾਜਨਾ ਕੀਤੀ— ਅਕਾਲ ਪੁਰਖ ਦੀ ਫੌਜ ਜਿਸ ਦਾ ਉਦੇਸ਼ ਡਰ ਰਹਿਤ, ਨਿਆਂ ਅਤੇ ਮਨੁੱਖਤਾ ਦੀ ਰੱਖਿਆ 'ਤੇ ਅਧਾਰਿਤ ਸਮਾਜ ਦੀ ਸਿਰਜਣਾ ਹੈ। ਖਾਲਸੇ ਨੇ ਆਪਣੀਆਂ ਜਾਨਾਂ ਦੀ ਕੁਰਬਾਨੀ ਦੇ ਕੇ ਮਨੁੱਖਤਾ ਦੀ ਰੱਖਿਆ ਕੀਤੀ ਅਤੇ ਇਸ ਧਰਤੀ 'ਤੇ ਹਲੇਮੀ ਰਾਜ ਜਾਂ ਰਾਮ ਰਾਜ ਦੀ ਸਥਾਪਨਾ ਕੀਤੀ। ਸਾਨੂੰ ਆਪਣੇ ਪੂਰਵਜਾਂ 'ਤੇ ਮਾਣ ਹੈ ਕਿ ਉਨ੍ਹਾਂ ਨੇ ਤਾਕਤ ਜਾਂ ਸਾਮਰਾਜ ਲਈ ਨਹੀਂ, ਸਗੋਂ ਮਨੁੱਖਤਾ, ਧਰਮ ਦੀ ਰਾਖੀ ਅਤੇ ਸੇਵਾ ਲਈ ਜੀਵਨ ਅਰਪਣ ਕੀਤਾ।

ਇਤਿਹਾਸ ਸਾਨੂੰ ਦੁਖਦ ਸੱਚ ਵੀ ਦੱਸਦਾ ਹੈ ਕਿ ਉੱਨੀਵੀਂ ਸਦੀ ਵਿੱਚ ਸਿੱਖ ਆਪਣਾ ਸਾਮਰਾਜ ਅੰਦਰੂਨੀ ਫੁੱਟ, ਧੋਖੇ ਅਤੇ ਸਾਜ਼ਿਸ਼ਾਂ ਕਾਰਨ ਗੁਆ ਬੈਠੇ। ਮਹਾਨ ਗੁਰਦੁਆਰਾ ਸੁਧਾਰ ਅੰਦੋਲਨ, ਜਿਸ ਰਾਹੀਂ ਸਿੱਖ ਸਮਾਜ ਦੇ ਪ੍ਰਚਾਰ-ਪ੍ਰਸਾਰ ਅਤੇ ਆਤਮਿਕ ਜਾਗਰੂਕਤਾ ਦੀ ਵੱਡੀ ਸੰਭਾਵਨਾ ਸੀ, ਕੇਵਲ ਉੱਤਰੀ ਭਾਰਤ ਦੇ ਕੁਝ ਸੌ ਗੁਰਦੁਆਰਿਆਂ ਦੇ ਪ੍ਰਬੰਧ ਤੱਕ ਸੀਮਤ ਹੋ ਕੇ ਰਹਿ ਗਿਆ। ਇਸ ਅੰਦੋਲਨ ਦੇ ਆਗੂ ਬਿਨਾਂ ਧਾਰਮਿਕ ਜ਼ਿੰਮੇਵਾਰੀ ਪੂਰੀ ਕੀਤੇ ਰਾਜਨੀਤੀ ਵਿੱਚ ਦਾਖਲ ਹੋ ਗਏ ਅਤੇ ਸਭ ਤੋਂ ਪਵਿੱਤਰ ਧਾਰਮਿਕ ਸਥਾਨਾਂ ਨੂੰ ਰਾਜਨੀਤਿਕ ਅੰਦੋਲਨਾਂ ਲਈ ਵਰਤਣਾ ਸ਼ੁਰੂ ਕਰ ਦਿੱਤਾ, ਜਦਕਿ ਗੁਰੂ ਨਾਨਕ ਦੇਵ ਜੀ ਵੱਲੋਂ ਦਿੱਤੇ ਗਏ ਦੇਵਤਿਆਂ ਵਾਲੇ ਜੀਵਨ ਦੇ ਸੁਨੇਹੇ ਦਾ ਪ੍ਰਚਾਰ ਅਣਡਿੱਠਾ ਕਰ ਦਿੱਤਾ ਗਿਆ।

1947 ਵਿੱਚ ਸਿੱਖਾਂ ਨੇ ਭਾਰਤ ਨਾਲ ਰਹਿਣ ਦਾ ਫ਼ੈਸਲਾ ਕੀਤਾ ਅਤੇ ਮੁਸਲਿਮ ਲੀਗ ਤੇ ਬ੍ਰਿਟਿਸ਼ ਸਾਜ਼ਿਸ਼ਾਂ ਨੂੰ ਨਾਕਾਮ ਬਣਾਇਆ। ਪਰ ਆਜ਼ਾਦੀ ਤੋਂ ਬਾਅਦ ਕਾਂਗਰਸ ਦੇ ਆਗੂ ਸਿੱਖਾਂ ਲਈ ਇੱਜ਼ਤ, ਸਨਮਾਨ ਅਤੇ ਬਰਾਬਰ ਮੌਕਿਆਂ ਦੇ ਵਾਅਦਿਆਂ ਤੋਂ ਪਿੱਛੇ ਹਟ ਗਏ। ਖਾਸ ਕਰਕੇ ਗੁਰਮੁਖੀ ਭਾਸ਼ਾ ਅਤੇ ਸਿੱਖ ਸੱਭਿਆਚਾਰ ਦੀ ਤਰੱਕੀ ਦੇ ਵਾਅਦੇ ਵੀ ਪੂਰੇ ਨਹੀਂ ਕੀਤੇ ਗਏ। ਮੌਕਾਪ੍ਰਸਤ ਸਿੱਖ ਨੇਤਾ ਵੀ ਕਾਂਗਰਸ ਵਿੱਚ ਸ਼ਾਮਲ ਹੋ ਗਏ, ਪਰ ਗੁਰਦੁਆਰਾ ਸਰੋਤਾਂ 'ਤੇ ਕਬਜ਼ੇ ਦੀ ਲਾਲਸਾ ਉਨ੍ਹਾਂ ਦੇ ਦਿਲ ਵਿੱਚੋਂ ਕਦੇ ਘੱਟ ਨਹੀਂ ਹੋਈ।

ਸਿੱਖ ਨੇਤਾਵਾਂ ਨੂੰ ਉਸ ਦੇ ਆਪਣੇ ਖੇਤਰ ਵਿੱਚ ਹੀ ਕਮਜ਼ੋਰ ਕਰਨ ਲਈ ਜਾਣ-ਬੁੱਝ ਕੇ ਸਿੱਖ ਇਤਿਹਾਸ ਨੂੰ ਪੜ੍ਹਾਉਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਗਈ। ਗੁਰੂ ਸਾਹਿਬਾਨ ਨਾਲ ਜੁੜੀਆਂ ਵਸਤਾਂ ਦੀ ਬਹਾਲੀ ਅਤੇ ਇਤਿਹਾਸਕ ਦਿਹਾੜਿਆਂ ਨੂੰ ਮਨਾਉਣ ਨਾਲ ਧਰਮ ਵਿੱਚ ਦਖਲ ਦੇਣ ਦੀ ਕੋਸ਼ਿਸ਼, ਬਿਨਾਂ ਸਿੱਖ ਦਰਸ਼ਨ ਨੂੰ ਸਮਝੇ, ਸ਼ੁਰੂ ਕਰ ਦਿੱਤੀ ਗਈ। ਇਹ ਰੁਝਾਨ ਇਤਿਹਾਸਕ ਤੱਥਾਂ ਅਤੇ ਸਿੱਖੀ ਦੇ ਸਿਧਾਂਤਾਂ ਦੇ ਵਿਰੁੱਧ ਹੈ, ਕਿਉਂਕਿ ਸਿੱਖ ਧਰਮ ਕਰਮ-ਕਾਂਡ, ਵਿਅਕਤੀ-ਪੂਜਾ ਅਤੇ ਰਾਜਨੀਤਿਕ ਦਖਲਅੰਦਾਜ਼ੀ ਨੂੰ ਨਕਾਰਦਾ ਹੈ।

ਦੋਵੇਂ ਪਾਸੇ ਫਸੇ ਸਿੱਖ ਰਾਜਨੀਤਕ ਨੇਤਾਵਾਂ ਨੇ ਗੁਰਦੁਆਰਾ ਕਮੇਟੀਆਂ ਦੀ ਮੈਂਬਰੀ ਨੂੰ ਰਾਜਨੀਤਿਕ ਸੱਤਾ ਦੀ ਪਹਿਲੀ ਪੌੜੀ ਬਣਾ ਲਿਆ, ਜੋ ਅੱਜ ਵੀ ਜਾਰੀ ਹੈ। ਗੁਰਦੁਆਰਾ ਸਰੋਤਾਂ ਅਤੇ ਸਿੱਖ ਭਾਵਨਾਵਾਂ ਦਾ ਖੁੱਲ੍ਹੇਆਮ ਰਾਜਨੀਤਿਕ ਲਾਭ, ਨਿੱਜੀ ਪ੍ਰਭਾਵ ਅਤੇ ਪਰਿਵਾਰ ਨੂੰ ਮਜ਼ਬੂਤ ਕਰਨ ਲਈ ਦੁਰਪਯੋਗ ਕਰਨਾ ਸ਼ੁਰੂ ਕਰ ਦਿੱਤਾ ਗਿਆ। ਸ਼ਾਇਦ ਇਸੇ ਕਾਰਨ ਸਿੱਖ ਸੰਸਥਾਵਾਂ ਨੂੰ ਬਾਹਰੀ ਤਾਕਤਾਂ ਨਾਲੋਂ ਵੱਧ ਨੁਕਸਾਨ ਅੰਦਰੋਂ ਹੋ ਰਿਹਾ ਹੈ।

ਇਹ ਵੀ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਜੋ ਵੀ ਵਿਅਕਤੀ ਜਾਂ ਸੰਸਥਾ ਸੇਵਾ-ਭਾਵਨਾ ਨਾਲ ਸਿੱਖ ਧਰਮ, ਸਿੱਖਿਆ ਅਤੇ ਸਿੱਖ ਸਮਾਜਿਕ ਸੰਸਥਾਵਾਂ ਦੀ ਸਹਾਇਤਾ ਕਰਨਾ ਚਾਹੁੰਦਾ ਹੈ, ਉਸ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਹੈ। ਸਿੱਖੀ ਕਦੇ ਬੰਦ ਦਰਵਾਜ਼ਿਆਂ ਵਾਲਾ ਧਰਮ ਨਹੀਂ ਰਹੀ। ਪਰ ਧਾਰਮਿਕ ਆਗੂਆਂ ਨੂੰ ਸਮਾਜ ਵਿੱਚ ਸੱਤਾ ਦੇ ਦਲਾਲਾਂ ਵਜੋਂ ਨਹੀਂ, ਸਗੋਂ ਮਾਰਗ-ਦਰਸ਼ਕ ਅਤੇ ਪ੍ਰੇਰਕ ਵਜੋਂ ਨਜ਼ਰ ਆਉਣਾ ਚਾਹੀਦਾ ਹੈ।

ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਪਿਛਲੇ ਇੱਕ ਸੌ ਸੱਤਾਸੀ ਸਾਲਾਂ ਦੌਰਾਨ ਬ੍ਰਿਟਿਸ਼ ਰਾਜ, ਅਕਾਲੀ ਨੇਤ੍ਰਿਤਵ, ਕਾਂਗਰਸ, ਕਮਿਊਨਿਸਟ ਜਾਂ ਹੋਰਾਂ ਨੇ ਇੱਕੱਲੇ ਜਾਂ ਮਿਲ ਕੇ ਸਿੱਖ ਧਰਮ ਦੇ ਫ਼ਲਸਫ਼ੇ ਅਤੇ ਜੀਵਨ ਨੂੰ ਲਾਭ ਨਾਲੋਂ ਵੱਧ ਨੁਕਸਾਨ ਪਹੁੰਚਾਇਆ ਹੈ। ਇਸ ਸੱਚਾਈ ਨੂੰ ਦੋਸ਼ ਜਾਂ ਕੜਵਾਹਟ ਤੋਂ ਉੱਪਰ ਉੱਠ ਕੇ ਸਵੀਕਾਰ ਕਰਨ ਦੀ ਲੋੜ ਹੈ।

ਇਸ ਲਈ ਮੈਂ ਸਾਰੇ ਰਾਜਨੀਤਿਕ ਦਲਾਂ ਅਤੇ ਸੰਗਠਨਾਂ ਨੂੰ ਨਿਮਰਤਾ ਪਰ ਦ੍ਰਿੜ੍ਹਤਾ ਨਾਲ ਅਪੀਲ ਕਰਦਾ ਹਾਂ:

ਸਿੱਖਾਂ ਨੂੰ ਅਜ਼ਾਦ ਛੱਡ ਦਿਓ। ਜੇਕਰ ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਾਂ ਸਿੱਖ ਜੀਵਨ ਅਤੇ ਮਰਯਾਦਾ 'ਤੇ ਵਿਸ਼ਵਾਸ ਨਹੀਂ ਰੱਖਦੇ ਤਾਂ ਆਪਣੇ ਆਪ ਨੂੰ ਸਿੱਖਾਂ ਦਾ ਹਿਤੈਸ਼ੀ ਵੀ ਨਾ ਦੱਸੋ। ਸਿੱਖ ਧਰਮ ਨੂੰ ਰਾਜਨੀਤਿਕ ਸਹਾਇਕਾਂ ਦੀ ਨਹੀਂ, ਸਗੋਂ ਸੱਚੇ ਸ਼ਰਧਾਵਾਨ ਸਿੱਖਾਂ ਦੀ ਲੋੜ ਹੈ। ਮੇਰੀ ਅਪੀਲ ਸਿੱਖ ਬੁੱਧੀਜੀਵੀਆਂ, ਸਾਬਕਾ ਅਫ਼ਸਰਸ਼ਾਹੀ, ਸੈਨਾ ਅਤੇ ਅਰਧ-ਸੈਨਿਕ ਬਲਾਂ ਦੇ ਅਧਿਕਾਰੀਆਂ, ਵਪਾਰੀਆਂ, ਪੇਸ਼ੇਵਰਾਂ ਅਤੇ ਸਮਾਜ ਸੇਵੀਆਂ ਨੂੰ ਵੀ ਹੈ ਕਿ ਆਓ ਗੁਰਦੁਆਰਿਆਂ ਦੀਆਂ ਚਾਰਦੀਵਾਰੀਆਂ ਤੋਂ ਬਾਹਰ ਦੇਵਤਿਆਂ ਵਾਲੇ ਸਿੱਖ ਦਰਸ਼ਨ ਦਾ ਪ੍ਰਚਾਰ-ਪ੍ਰਸਾਰ ਕਰੀਏ। ਇਹ ਸੁਨੇਹਾ ਬ੍ਰਹਿਮੰਡ ਦੇ ਆਖ਼ਰੀ ਮਨੁੱਖ ਤੱਕ ਪਹੁੰਚੇ, ਇਸ ਲਈ ਇਕੱਠੇ ਯਤਨ ਕਰੀਏ। ਸਿੱਖੀ ਇਮਾਰਤਾਂ ਵਿੱਚ ਕੈਦ ਰਹਿਣ ਵਾਲੀ ਨਹੀਂ—ਇਹ ਜੀਵਨ ਜਿਉਣ ਦੀ ਵਿਧੀ ਹੈ ਅਤੇ ਹਰ ਸਿੱਖ ਦੇ ਆਚਰਨ ਰਾਹੀਂ ਪ੍ਰਗਟ ਹੋਣੀ ਚਾਹੀਦੀ ਹੈ।

ਸਿੱਖ ਆਗੂਆਂ ਨੂੰ ਵੀ ਆਤਮ-ਚਿੰਤਨ ਦੀ ਲੋੜ ਹੈ। ਗੁਰਦੁਆਰਿਆਂ ਦਾ ਆਰਥਿਕ ਲਾਭ, ਰਿਸ਼ਤੇਦਾਰਾਂ ਨੂੰ ਨੌਕਰੀਆਂ ਜਾਂ ਰਾਜਨੀਤਿਕ ਲਾਭ ਲਈ ਦੁਰਪਯੋਗ ਆਖ਼ਿਰਕਾਰ ਪੰਥਕ ਸ਼ਕਤੀ ਨੂੰ ਹੀ ਨਸ਼ਟ ਕਰਦਾ ਹੈ। ਇਤਿਹਾਸ ਗਵਾਹ ਹੈ—ਜੋ ਵੀ ਸਿੱਖ ਇਸ ਰਾਹ 'ਤੇ ਚੱਲਿਆ, ਉਹ ਬਚਿਆ ਨਹੀਂ, ਭਾਵੇਂ ਉਹ ਰਾਸ਼ਟਰਪਤੀ ਹੀ ਕਿਉਂ ਨਾ ਹੋਵੇ। ਜਾਗਤ ਜੋਤ ਗੁਰੂ ਬੇਈਮਾਨੀ, ਅਹੰਕਾਰ ਅਤੇ ਬਿਪਰਨ ਦੇ ਰਾਹ ਨੂੰ ਆਸ਼ੀਰਵਾਦ ਨਹੀਂ ਦਿੰਦੇ। ਉਸ ਲਈ ਸੱਚ, ਸੇਵਾ ਤੇ ਸਿਮਰਨ ਦਾ ਰਾਹ ਅਪਨਾਉਣਾ ਚਾਹੀਦਾ ਹੈ।

ਸਿੱਖ ਪੰਥ ਨੂੰ ਮਾਣਯੋਗ ਪ੍ਰਧਾਨ ਮੰਤਰੀ ਦਾ ਧੰਨਵਾਦ ਵੀ ਕਰਨਾ ਚਾਹੀਦਾ ਹੈ, ਜਿਨ੍ਹਾਂ ਨੇ ਸਿੱਖ ਭਾਈਚਾਰੇ ਦੀ ਇੱਜ਼ਤ ਬਹਾਲ ਕਰਨ, ਜ਼ਖ਼ਮਾਂ 'ਤੇ ਮਲਹਮ ਰੱਖਣ ਅਤੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਯਤਨ ਕੀਤੇ ਅਤੇ ਕਰ ਰਹੇ ਹਨ। ਇਸ ਦੇ ਨਾਲ ਹੀ ਦੁਨੀਆ ਭਰ ਦੀਆਂ ਉਹਨਾਂ ਸਰਕਾਰਾਂ ਦਾ ਵੀ ਧੰਨਵਾਦ ਜੋ ਸਿੱਖਾਂ ਦੀ ਮਦਦ ਕਰਦੀਆਂ ਹਨ ਪਰ ਉਨ੍ਹਾਂ ਨੂੰ ਭਾਰਤ ਵਿਰੁੱਧ ਵਰਤਦੀਆਂ ਨਹੀਂ।

ਸਿੱਖ ਕੌਮ ਨੇ ਬਹੁਤ ਦੁੱਖ ਸਹੇ ਹਨ, ਪਰ ਹੁਣ ਪੀੜਤ ਹੋਣ ਦੀ ਮਾਨਸਿਕਤਾ ਰੱਖਣ ਦਾ ਸਮਾਂ ਨਹੀਂ—ਹੁਣ ਜ਼ਿੰਮੇਵਾਰੀ ਸੰਭਾਲ ਕੇ ਅੱਗੇ ਵਧਣ ਅਤੇ ਗੁਰੂ ਪੰਥ ਲਈ ਕੁਝ ਕਰ ਕੇ ਦਿਖਾਉਣ ਦਾ ਵੇਲਾ ਹੈ।

ਇਹ ਕੋਈ ਰਾਜਨੀਤਿਕ ਬਿਆਨ ਨਹੀਂ, ਨਾ ਕਿਸੇ ਜਾਤ ਤੋਂ ਹਮਲਾ ਹੈ—ਇਹ ਗੁਰੂ ਲਈ ਸ਼ਰਧਾ ਤੋਂ ਜਨਮੀ ਆਸਥਾ ਲਈ ਅਤੇ ਭਵਿੱਖ ਦੀ ਤਰੱਕੀ ਲਈ ਅਪੀਲ ਹੈ।

ਆਓ ਮਿਲ ਕੇ ਸਿੱਖ ਗੁਰੂ ਸਾਹਿਬਾਨ ਨੂੰ ਵਿਵਾਦਾਂ ਤੋਂ ਉੱਪਰ ਰੱਖੀਏ, ਸਿੱਖ ਸੰਸਥਾਵਾਂ ਨੂੰ ਉਨ੍ਹਾਂ ਦੇ ਅਸਲ ਮਕਸਦ ਵੱਲ ਵਾਪਸ ਲਿਆਈਏ ਅਤੇ ਸਿੱਖਾਂ ਨੂੰ ਫਿਰ ਤੋਂ ਧਰਤੀ ਦੇ ਦੇਵਤੇ ਬਣਨ ਦਾ ਰਾਹ ਪੱਧਰਾ ਕਰੀਏ—ਜੋ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਅਨੁਸਾਰ ਹੋਵੇ।

# ਸ਼ੋਰ ਵਿੱਚ ਕਿਉਂ ਗੁਆਚ ਰਹੀਆਂ ਖ਼ੁਸ਼ੀਆਂ ?

ਗੁਰਬਿੰਦਰ ਸਿੰਘ ਮਾਣਕ

ਸਮਾਜ ਵਿੱਚ ਬਹੁਤ ਕੁਝ ਅਜਿਹਾ ਵਾਪਰ ਰਿਹਾ ਹੈ, ਜਿਸ ਬਾਰੇ ਹਰ ਸੁਝਵਾਨ ਇਨਸਾਨ ਨੂੰ ਸੁਚੇਤ ਹੋਣ ਦੀ ਲੋੜ ਹੈ। ਹਰ ਕੋਈ ਆਪਣੀ ਧੁਨ ਵਿੱਚ ਮਸਤ ਹੈ। ਪਰ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਵੀ ਖਿਆਲ ਵਿੱਚ ਰੱਖਣ ਦੀ ਲੋੜ ਹੈ। ਅਸੀਂ ਇੱਕ ਦੂਜੇ ਮਗਰ ਲੱਗ ਕੇ ਰਸਮਾਂ ਦੇ ਗਾਨੇ ਬੰਨ੍ਹੀ ਜਾ ਰਹੇ ਹਾਂ। ਮਸਲਨ, ਵਿਆਹਾਂ ਤੇ ਹੋਰ ਸਮਾਗਮਾਂ ਵਿੱਚ ਵੱਜਦੇ ਡੀ ਜੇ ਦੇ ਸ਼ੋਰ-ਸ਼ਰਾਬੇ ਤੋਂ ਹਰ ਕੋਈ ਪ੍ਰੇਸ਼ਾਨ ਤਾਂ ਹੈ, ਪਰ ਕੋਈ ਇਸ ਵਿਰੁੱਧ ਆਵਾਜ਼ ਉਠਾਉਣ ਲਈ ਤਿਆਰ ਨਹੀਂ ਹੁੰਦਾ। ਦੋ ਤਿੰਨ ਘੰਟਿਆਂ ਦਾ ਇਹ ਸਮਾਂ ਉੱਚੀ ਆਵਾਜ਼ ਵਿੱਚ ਵੱਜਦੇ ਡੀ ਜੇ ਦੇ ਗਾਣਿਆਂ ਨਾਲ ਅਜਿਹਾ ਮਾਹੌਲ ਸਿਰਜ ਦਿੰਦਾ ਹੈ ਕਿ ਇਹ ਸੰਗੀਤ ਖ਼ੁਸ਼ੀ ਦੇਣ ਦੀ ਥਾਂ, ਸ਼ੋਰ-ਪ੍ਰਦੂਸ਼ਣ ਦੀ ਸਿਖਰ ਹੋ ਨਿੱਬੜਦਾ ਹੈ। ਕੋਈ ਵਿਆਹ ਬਹੁਤ ਧੂਮਧਾਮ ਨਾਲ ਹੋਵੇ ਜਾਂ ਆਮ ਸਾਧਾਰਨ ਹੋਵੇ, ਡੀ ਜੇ ਸਭ ਵਿਆਹਾਂ ਵਿਚ ਹੀ ਵੱਜਣਾ ਜ਼ਰੂਰੀ ਹੋ ਗਿਆ ਹੈ।

ਆਮ ਤੌਰ 'ਤੇ ਵਿਆਹ-ਸ਼ਾਦੀ ਦੇ ਸਮਾਗਮ ਮੈਰਿਜ ਪੈਲੇਸਾਂ ਦੇ ਵੱਡੇ ਹਾਲਾਂ ਵਿੱਚ ਹੀ ਹੁੰਦੇ ਹਨ। ਕਈ ਵਾਰ ਖਾਣ-ਪੀਣ ਦਾ ਸਾਮਾਨ ਬਾਹਰ ਲਗਾਇਆ ਹੁੰਦਾ ਹੈ ਤੇ ਡੀ ਜੇ ਹਾਲ ਦੇ ਅੰਦਰ ਹੁੰਦਾ ਹੈ। ਅਕਸਰ ਹੀ ਇਸ ਹਾਲ ਦੇ ਅੰਦਰ ਬੈਠਣਾ, ਤੇਜ਼-ਤਰਾਰ ਤੇ ਉੱਚੇ ਸ਼ੋਰ-ਸ਼ਰਾਬੇ ਕਾਰਨ ਆਪਣੇ ਤਨ ਤੇ ਮਨ ਨੂੰ ਬੇਚੈਨ ਤੇ ਬੇਹਾਲ ਕਰਨਾ ਹੁੰਦਾ ਹੈ। ਬਹੁਤੇ ਲੋਕ ਇਸ ਸ਼ੋਰ-ਸ਼ਰਾਬੇ ਤੋਂ ਅੱਕੇ ਹੋਏ ਹਾਲ ਤੋਂ ਬਾਹਰ ਬੈਠਣ ਨੂੰ ਹੀ ਤਰਜੀਹ ਦਿੰਦੇ ਹਨ। ਪਰ ਇਸ ਦੇ ਬਾਵਜੂਦ ਦੋਵੇਂ ਪਾਸਿਆਂ ਦੇ ਕੁਝ ਪ੍ਰਾਹੁਣਿਆਂ ਨੂੰ ਹਾਲ ਦੇ ਅੰਦਰ ਬੈਠਣ ਲਈ ਮਜਬੂਰ ਹੋਣਾ ਪੈਂਦਾ ਹੈ।

ਤੇਜ਼ ਤਿੱਖੀ ਤੇ ਬਹੁਤ ਉੱਚੀ ਆਵਾਜ਼ ਕਾਰਨ ਕਿਸੇ ਨੂੰ ਨਾਲ ਬੈਠੇ ਦੀ ਕੋਈ ਗੱਲ ਸੁਣਾਈ ਨਹੀਂ ਦਿੰਦੀ। ਜੇ ਕਿਸੇ ਨੂੰ ਫੋਨ ਆ ਜਾਵੇ ਤਾਂ ਉਹ ਵੀ ਹਾਲ ਤੋਂ ਬਾਹਰ ਨੂੰ ਦੌੜਦਾ ਹੈ, ਤਾਂ ਕਿ ਗੱਲ ਕਰ ਸਕੇ। ਪਰ ਕਈ ਵਾਰ ਸ਼ੋਰ-ਸ਼ਰਾਬਾ ਏਨਾ ਹੁੰਦਾ ਹੈ ਕਿ ਬਾਹਰ ਵੀ ਕੁਝ ਨਹੀਂ ਸੁਣਦਾ। ਦਾਰੂ ਦੇ ਸ਼ੌਕੀਨ ਨਾਚ-ਗਾਣਿਆਂ ਦਾ ਖੂਬ ਮਜ਼ਾ ਲੈਂਦੇ ਹਨ। ਕਈ ਵਾਰ ਤਾਂ ਉਹ ਬਦੋਬਦੀ ਸਟੇਜ 'ਤੇ ਚੜ੍ਹ ਕੇ ਨਾਚੀਆਂ ਨਾਲ ਨੱਚਣ ਦੀ ਜ਼ਿੱਦ ਵੀ ਕਰਦੇ ਹਨ ਤੇ ਨੋਟ ਵੀ ਵਾਰੀ ਜਾਂਦੇ ਹਨ। ਏਹੋ ਜਿਹੇ ਮਹਿਮਾਨ ਹੀ ਡੀ ਜੇ ਵਾਲਿਆਂ ਨੂੰ ਚੰਗੇ ਲਗਦੇ ਹਨ, ਜਿਹੜੇ ਨੋਟ ਸੁੱਟੀ ਜਾਣ। ਕਈ ਵਾਰ ਦਾਰੂ ਦੀ ਲੋਰ ਵਿੱਚ ਆਏ ਮਹਿਮਾਨ, ਵੇਟਰਾਂ ਨੂੰ ਕੋਈ ਚੀਜ਼ ਲਿਆਉਣ ਲਈ ਕਹਿੰਦੇ ਹਨ, ਪਰ ਅੰਤਾਂ ਦੇ ਸ਼ੋਰ ਵਿੱਚ ਕਿਸੇ ਨੂੰ ਕੁਝ ਸੁਣਾਈ ਨਹੀਂ ਦਿੰਦਾ। ਜਦੋਂ ਲਾੜੀ-ਲਾੜਾ ਸ਼ਗਨਾਂ ਲਈ ਸਟੇਜ 'ਤੇ ਸਜਦੇ ਹਨ, ਉਦੋਂ ਤਾਂ ਇਹ ਸੰਗੀਤਕ ਸ਼ੋਰ-ਸ਼ਰਾਬਾ ਸਿਖਰਾਂ 'ਤੇ ਪਹੁੰਚ ਜਾਂਦਾ ਹੈ। ਨੱਚਣ-ਟੱਪਣ ਵਾਲਿਆਂ ਦਾ ਵੀ ਪਿੜ ਬੱਝ ਜਾਂਦਾ ਹੈ, ਤੇ ਕਈ ਵਾਰ ਚੋਂਦੇ-ਚੋਂਦੇ ਗਾਣਿਆਂ ਦੀ ਫਰਮਾਇਸ਼ ਵੀ ਕੀਤੀ ਜਾਂਦੀ ਹੈ। ਦਾਰੂ ਨੇ ਜਿਹੜਾ ਸ਼ੋਰ ਅੰਦਰ ਪਾਇਆ ਹੁੰਦਾ ਹੈ, ਉਸ ਕਾਰਨ ਹੀ ਸ਼ਾਇਦ ਉਨ੍ਹਾਂ ਨੂੰ ਬਾਹਰੀ ਸ਼ੋਰ ਦਾ ਪਤਾ ਨਹੀਂ ਲਗਦਾ।



ਉੱਚੀ ਧਮਕ ਤੇ ਆਵਾਜ਼ ਕਾਰਨ ਛੋਟੇ ਬੱਚਿਆਂ ਲਈ ਬਹੁਤੀ ਵਾਰ ਵਿਆਹ-ਸ਼ਾਦੀ ਮੁਸੀਬਤ ਬਣ ਜਾਂਦੇ ਹਨ। ਤਿੱਖੀ ਆਵਾਜ਼ ਤਾਂ ਚੰਗੇ-ਭਲੇ ਬੰਦੇ ਦੀ ਸੁਣਨ-ਸ਼ਕਤੀ ਤੋਂ ਬਰਦਾਸ਼ਤ ਨਹੀਂ ਹੁੰਦੀ, ਤਾਂ ਬੱਚਿਆਂ ਲਈ ਤਾਂ ਇਹ ਡਰਾਉਣੀ ਗੱਲ ਬਣ ਜਾਂਦੀ ਹੈ। ਮਾਵਾਂ ਅਕਸਰ ਹੀ ਰੋਂਦੇ ਬੱਚਿਆਂ ਨੂੰ ਹਾਲ ਤੋਂ ਬਾਹਰ ਲੈ ਕੇ ਭੱਜਦੀਆਂ ਹਨ। ਜੇ ਕਿਸੇ ਛੋਟੇ ਬੱਚੇ ਨੇ ਸੌਣਾ ਹੋਵੇ ਤਾਂ ਇਹ ਸੰਭਵ ਹੀ ਨਹੀਂ। ਬਿਮਾਰ ਤੇ ਹੋਰ ਬਜ਼ੁਰਗਾਂ ਲਈ ਵੀ ਏਨਾ ਸ਼ੋਰੀਲਾ ਤੇ ਦਿਲ ਦੀਆਂ ਧੜਕਣਾਂ ਵਧਾਉਣ ਵਾਲਾ ਸੰਗੀਤ ਬਰਦਾਸ਼ਤ ਕਰਨਾ ਔਖਾ ਹੁੰਦਾ ਹੈ। ਇਹ ਠੀਕ ਹੈ ਕਿ ਖ਼ੁਸ਼ੀ ਦੇ ਸਮਾਗਮਾਂ ਵਿੱਚ ਸੰਗੀਤ ਰੰਗ ਭਰਦਾ ਹੈ ਤੇ ਸਾਰਿਆਂ ਨੂੰ ਆਪਣੀ ਖ਼ੁਸ਼ੀ ਦਾ ਪ੍ਰਗਟਾਵਾ ਕਰਨ ਲਈ, ਨੱਚਣ-ਟੱਪਣ ਲਈ ਉਕਸਾਉਂਦਾ ਹੈ। ਪਰ ਅਕਸਰ ਹੀ ਵਿਆਹਾਂ-ਸ਼ਾਦੀਆਂ ਵਿੱਚ ਡੀ ਜੇ ਦਾ ਸ਼ੋਰ ਜਾਨ ਦਾ ਖੌਅ ਬਣ ਜਾਂਦਾ ਹੈ। ਅਸੀਂ ਸਾਰੇ ਹੀ ਇਸ ਨੂੰ ਬਰਦਾਸ਼ਤ ਕਰਨ ਲਈ ਮਜਬੂਰ ਹਾਂ। ਪਰ ਇਸ ਬੁਰਾਈ ਦਾ ਕੋਈ ਬਦਲ ਲੱਭਣ ਲਈ ਕੋਸ਼ਿਸ਼ਾਂ ਨਹੀਂ ਕੀਤੀਆਂ ਜਾ ਰਹੀਆਂ।

ਧੀਮੀ ਆਵਾਜ਼ ਵਿੱਚ ਹਲਕਾ ਜਿਹਾ ਸੰਗੀਤ ਵੀ ਮਨਾਂ ਨੂੰ ਧੂਅ ਪਾਉਂਦਾ ਹੈ। ਸੰਗੀਤ ਦਾ ਅਨੰਦ ਮਾਣਦਿਆਂ, ਇੱਕ ਦੂਜੇ ਨਾਲ ਗੱਲਾਂ-ਬਾਤਾਂ ਕਰਦਿਆਂ, ਹਾਸੇ-ਠੱਠੇ ਨਾਲ ਜਿਹੜੀ ਖ਼ੁਸ਼ੀ ਦਾ ਅਨੁਭਵ ਹੁੰਦਾ ਹੈ, ਉਹਦੀਆਂ ਕੀ ਬਾਤਾਂ ਹਨ। ਸ਼ੋਰੀਲੇ ਸੰਗੀਤ ਨਾਲ ਮਨਾਂ ਨੂੰ ਖ਼ੁਸ਼ੀ ਘੱਟ ਹੁੰਦੀ ਹੈ ਤੇ ਬੇਚੈਨੀ ਵੱਧ ਹੁੰਦੀ ਹੈ। ਬੰਦੇ ਦਾ ਮਨ ਕਰਦਾ ਹੈ ਕਿ ਉਹ ਬਾਹਰ ਦੌੜ ਜਾਵੇ। ਅਸਲ ਵਿੱਚ ਖ਼ੁਸ਼ੀ ਤਾਂ ਮਨ ਦੀ ਅਵਸਥਾ ਦਾ ਨਾਂਅ ਹੈ। ਇਹ ਕੇਵਲ ਚਲਾਵੇਂ ਜਿਹੇ ਗੀਤਾਂ 'ਤੇ ਨੱਚਣ-ਟੱਪਣ ਨਾਲ ਹੀ ਨਹੀਂ ਮਿਲਦੀ। ਕਈ ਅਗਾਂਹਵਧੂ ਵਿਅਕਤੀ ਏਹੋ ਜਿਹੇ ਸਮਾਗਮਾਂ ਵਿੱਚ ਇਨਕਲਾਬੀ ਸੰਗੀਤ ਮੰਡਲੀਆਂ ਨੂੰ ਬੁਲਾ ਕੇ ਵੀ ਆਪਣੀ ਖ਼ੁਸ਼ੀ ਦਾ ਪ੍ਰਗਟਾਵਾ ਕਰਦੇ ਹਨ। ਇਹ ਅਰਥ-ਭਰਪੂਰ ਗੀਤ-ਸੰਗੀਤ ਮਨਾਂ ਨੂੰ ਖ਼ੁਸ਼ੀ ਵੀ ਦਿੰਦਾ ਹੈ ਤੇ ਸਮਾਜ ਨੂੰ ਜਾਗ੍ਰਿਤ ਹੋਣ ਦਾ ਸੁਨੇਹਾ ਵੀ ਦਿੰਦਾ ਹੈ। ਅਜੋਕੇ ਮਹਿੰਗੇ ਵਿਆਹਾਂ ਵਿੱਚ ਲੱਖਾਂ ਰੁਪਏ ਰੋੜ੍ਹੇ ਜਾ ਰਹੇ ਹਨ ਤੇ ਇਹ ਸਿਲਸਿਲਾ ਸਮਾਜ ਲਈ ਕਈ ਮੁਸੀਬਤਾਂ ਪੈਦਾ ਕਰ ਰਿਹਾ ਹੈ।

ਪੰਜਾਬੀ ਤਾਂ ਸੁਭਾਅ ਪੱਖੋਂ, ਪਹਿਲਾਂ ਹੀ ਉੱਚੀ ਆਵਾਜ਼ ਵਿੱਚ ਗੱਲਬਾਤ ਕਰਨ ਦੇ ਆਦੀ ਹਨ। ਮੈਰਿਜ ਪੈਲੇਸਾਂ ਵਿੱਚ ਵੱਜਦੇ ਤੇਜ਼ ਤੇ ਤਿੱਖੇ ਸੰਗੀਤ ਨੇ, ਇਨ੍ਹਾਂ ਦੀ ਆਦਤ ਨੂੰ ਹੋਰ ਪੱਕਾ ਕਰਨ ਦਾ ਕੰਮ ਕੀਤਾ ਹੈ। ਨੌਜਵਾਨ ਮੁੰਡੇ ਤਾਂ ਮੰਡੀ ਨੂੰ ਟਰੈਕਟਰ ਟਰਾਲੀ ਤੇ ਕੋਈ ਫਸਲ ਲੈ ਕੇ ਜਾਂਦੇ ਵੀ, ਟੇਪ-ਰਿਕਾਰਡ ਦੀ ਆਵਾਜ਼ ਨੂੰ ਆਮ ਤੌਰ 'ਤੇ ਫੁੱਲ ਹੀ ਰੱਖਦੇ ਹਨ। ਖੇਤਾਂ ਵਿੱਚ ਵਗਦੇ ਟਰੈਕਟਰ ਹੋਣ, ਸੜਕਾਂ ਤੇ ਸ਼ੂਕਦੀਆਂ ਵੱਡੀਆਂ-ਵੱਡੀਆਂ ਕਾਰਾਂ ਹੋਣ, ਟਰੱਕ ਤੇ ਹੋਰ ਗੱਡੀਆਂ ਹੋਣ ਸਭ ਵਿੱਚ ਉੱਚੀ ਆਵਾਜ਼ ਵੱਜਦੇ ਗਾਣਿਆਂ ਦਾ ਤਿੱਖਾ ਸ਼ੋਰ ਹੁੰਦਾ ਹੈ। ਗੱਲ ਸਿਰਫ ਇਹ ਹੈ ਕਿ ਆਪਣੇ ਸ਼ੌਕ ਨੂੰ ਤਾਂ ਪੂਰਾ ਕਰਨ ਦਾ ਹਰ ਕਿਸੇ ਨੂੰ ਹੱਕ ਹੈ, ਪਰ ਦੂਜਿਆਂ ਦੇ ਕੰਨਾਂ ਵਿੱਚ ਬਦੋਬਦੀ ਗਾਣਿਆਂ ਦਾ ਸ਼ੋਰੀਲਾ ਸੰਗੀਤ ਪਾਉਣਾ, ਵਾਜਬ ਨਹੀਂ ਕਿਹਾ ਜਾ ਸਕਦਾ। ਵਿਆਹ-ਸ਼ਾਦੀਆਂ ਤੇ ਹੋਰ ਸਮਾਗਮਾਂ ਵਿੱਚ ਡੀ ਜੇ ਦੇ ਸ਼ੋਰ-ਸ਼ਰਾਬੇ ਦੀ ਥਾਂ, ਧੀਮੀ ਆਵਾਜ਼ ਵਿੱਚ ਮਿਆਰੀ ਗੀਤ ਵੀ, ਖ਼ੁਸ਼ੀ ਨੂੰ ਦੂਣ-ਸਵਾਇਆ ਕਰਨ ਵਿੱਚ ਸਹਾਈ ਹੋ ਸਕਦੇ ਹਨ। ਗੀਤ ਤਾਂ ਉਹੀ ਹੁੰਦਾ ਹੈ, ਜਿਹੜਾ ਤੁਹਾਡੇ ਮਨ ਦੀਆਂ ਤਰਬਾਂ ਨੂੰ ਛੇੜੇ ਤੇ ਸਕੂਨ ਦੇਵੇ, ਤੇ ਜਿਸ ਨੂੰ ਵਾਰ-ਵਾਰ ਸੁਣਨ ਨੂੰ ਮਨ ਕਰੇ। ਪੈਲੇਸ ਵਿੱਚ ਵੱਜਦੇ ਡੀ ਜੇ ਦੇ ਗੈਰ-ਮਿਆਰੀ ਗਾਣੇ ਮਨ 'ਚ ਖ਼ੁਸ਼ੀ ਦੀ ਥਾਂ, ਉਤੇਜਨਾ ਪੈਦਾ ਕਰਦੇ ਹਨ। ਨਵੇਂ ਤੇ ਮਿਆਰੀ ਗੀਤ ਗਾਉਣ ਵਾਲਿਆਂ ਨੂੰ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਗੀਤਾਂ-ਗਾਣਿਆਂ ਸੰਬੰਧੀ ਵੀ ਇਹ ਸ਼ਰਤ ਲਾਈ ਜਾਵੇ ਕਿ ਸੱਭਿਆਚਾਰਕ ਤੇ ਮਿਆਰੀ ਗੀਤ ਹੀ ਗਾਏ ਜਾਣ। ਸਟੇਜ ਉੱਤੇ ਪੇਸ਼ਕਾਰੀ ਕਰਦੇ ਗਾਇਕ, ਬਹੁਤੀਆਂ ਟਪੂਸੀਆਂ ਮਾਰਨ ਦੀ ਥਾਂ ਜੇ ਬੈਠ ਕੇ ਸਹਿਜਤਾ ਦਾ ਪ੍ਰਗਟਾਵਾ ਕਰਨ ਤਾਂ, ਹਰ ਕੋਈ ਇਸ ਦਾ ਅਨੰਦ ਮਾਣ ਸਕਦਾ ਹੈ। ਬਿਨਾਂ ਸ਼ੱਕ, ਗੀਤਾਂ ਵਿੱਚ ਸੰਗੀਤ ਦਾ ਬਹੁਤ ਮਹੱਤਵ ਹੁੰਦਾ ਹੈ, ਪਰ ਅਕਸਰ ਹੀ ਤੇਜ਼-ਤਰਾਰ ਸੰਗੀਤ ਦੇ ਸ਼ੋਰ ਵਿੱਚ, ਕਈ ਵਾਰ ਬੋਲ ਗੁਆਚ ਜਾਂਦੇ ਹਨ। ਕੋਈ ਆਵਾਜ਼ ਸੁਣਾਈ ਨਹੀਂ ਦਿੰਦੀ। ਤਿੱਖੇ ਸ਼ੋਰ ਕਾਰਨ ਮਨ ਅਵਾਜ਼ਾਰ ਹੋ ਜਾਂਦਾ ਹੈ, ਤੇ ਮਨ ਕਰਦਾ ਹੈ ਕਿ ਇੱਥੋਂ ਦੌੜ ਜਾਈਏ।

ਸਮੁੱਚੇ ਸਮਾਜ ਨੂੰ ਹੀ ਇਸ ਪ੍ਰਤੀ ਗੰਭੀਰ ਹੋਣ ਦੀ ਲੋੜ ਹੈ। ਇਹ ਸ਼ੋਰ-ਸ਼ਰਾਬਾ ਹੁਣ ਸਹਿਣਯੋਗ ਨਹੀਂ ਰਿਹਾ ਤੇ ਹਰ ਕੋਈ ਇਸ ਤੋਂ ਔਖਾ ਵੀ ਹੈ। ਇਸ ਦਾ ਕੋਈ ਬਦਲ ਤਲਾਸ਼ਣ ਦੀ ਲੋੜ ਹੈ, ਤਾਂ ਕਿ ਲੋਕ ਬੇਲੋੜੀ ਉਤੇਜਨਾ ਤੇ ਬੋਲੇ ਹੋਣ ਤੋਂ ਬਚ ਸਕਣ।



# ਸਾਡੇ ਪਿੰਡ 'ਚ ਵਸਦਾ 'ਰੱਬ' ਨੀ...

## ਪੰਜਾਬ ਦੇ ਪੁਰਾਤਨ ਰੂਪ, ਵਿਰਾਸਤੀ ਦਿੱਖ ਅਤੇ ਸੱਭਿਆਚਾਰ ਨੂੰ ਜਿਉਂਦਾ ਰੱਖਿਆ ਹੋਇਐ ਪਿੰਡਾਂ ਨੇ




**ਪਿੰਡਾਂ 'ਚ ਅੰਮ੍ਰਿਤ ਵੇਲਾ ਵੀ ਬਹੁਤ ਸੁਹਾਵਣਾਂ ਹੁੰਦਾ ਹੈ। ਖੇਤਾਂ 'ਚ ਪੈਲਾਂ ਪਾਉਂਦੀਆਂ ਫ਼ਸਲਾਂ 'ਤੇ ਫੈਲਦੀ ਚੜ੍ਹਦੇ ਸੂਰਜ ਦੀ ਲਾਲੀ ਹਰ ਕਿਸੇ ਦਾ ਮਨ ਮੋਹ ਲੈਂਦੀ ਹੈ। ਪਿੰਡਾਂ 'ਚ ਲੱਗੇ ਹਰ ਪਾਸੇ ਵੱਖ ਵੱਖ ਕਿਸਮਾਂ ਦੇ ਦਰਖ਼ਤਾਂ ਦੇ ਪੱਤਿਆਂ ਨਾਲ ਖਹਿ ਖਹਿ ਕੇ ਰੁਮਕਦੀ ਪੌਣ ਵੀ ਅਠਖੇਲੀਆਂ ਕਰਦੀ ਹੈ ਅਤੇ ਲੋਕਾਈ ਦੇ ਦਿਲਾਂ ਨੂੰ ਠਾਰ ਜਾਂਦੀ ਹੈ। ਪਿੰਡਾਂ ਵਿੱਚ ਲੋਕਾਂ ਦੀ ਸਵੇਰ ਦੀ ਸ਼ੁਰੂਆਤ ਦੁੱਧ ਤੇ ਲੱਸੀ ਨਾਲ ਹੁੰਦੀ ਹੈ, ਜਦੋਂਕਿ ਸ਼ਹਿਰਾਂ ਦੇ ਵੱਡੀ ਗਿਣਤੀ ਲੋਕਾਂ ਦੀ ਸਵੇਰ ਦੀ ਸ਼ੁਰੂਆਤ ਬਰੈੱਡ, ਟੋਸਟਾਂ ਅਤੇ ਚਾਹ ਨਾਲ ਹੁੰਦੀ ਹੈ।**



ਹਰ ਪਾਸੇ ਖੇਤਾਂ 'ਚ ਲਹਿਲਹਾਉਂਦੀਆਂ ਫ਼ਸਲਾਂ, ਬਨਸਪਤੀ 'ਤੇ ਪੈਲਾਂ ਪਾਉਂਦੀ ਕੁਦਰਤ, ਰੁੱਖਾਂ ਦੀਆਂ ਡਾਲੀਆਂ ਨਾਲ ਖਹਿ ਕੇ ਰੁਮਕਦੀ ਠੰਢੀ ਤੇ ਤਾਜ਼ੀ ਹਵਾ, ਕੋਇਲ ਦੀ ਕੂ ਹੂ ਕੂ, ਟਿਊਬਵੈਲਾਂ 'ਚੋਂ ਛਣ ਛਣ ਕਰ ਕੇ ਨਿਕਲਦਾ ਪਾਣੀ, ਸੱਥਾਂ 'ਚ ਲੱਗੀਆਂ ਰੌਣਕਾਂ, ਦੂਰ ਅਸਮਾਨ 'ਚ ਚੜ੍ਹਦੇ ਸੂਰਜ ਦੀ ਫੈਲੀ ਹੋਈ ਲਾਲੀ ਕੁਦਰਤ ਨਾਲ ਇਕਮਿਕ ਹੋਏ ਪਿੰਡਾਂ 'ਚ ਵਸਦੇ ਅਸਲੀ ਪੰਜਾਬ ਦੀ ਤਸਵੀਰ ਪੇਸ਼ ਕਰਦੇ ਹਨ।

ਸ਼ਹਿਰੀਕਰਨ ਦਾ ਦੈਂਤ ਭਾਵੇਂ ਪਿੰਡਾਂ ਦੀ ਅਨਮੋਲ ਵਿਰਾਸਤ ਨੂੰ ਖਾ ਰਿਹਾ ਹੈ, ਪਰ ਇਸ ਦੇ ਬਾਵਜੂਦ ਪੰਜਾਬ 'ਚ ਅਜਿਹੇ ਪਿੰਡ ਵੀ ਹਨ, ਜਿੰਨਾਂ ਨੇ ਆਪਣਾ ਪੁਰਾਤਨ ਰੂਪ, ਵਿਰਾਸਤੀ ਦਿੱਖ ਅਤੇ ਸੱਭਿਆਚਾਰ ਨੂੰ ਜਿਉਂਦਾ ਰੱਖਿਆ ਹੋਇਆ ਹੈ। ਇਹ ਵੀ ਅਸਲੀਅਤ ਹੈ ਕਿ ਪੰਜਾਬ ਦੇ ਅਨੇਕਾਂ ਪਿੰਡ ਹੁਣ ਸ਼ਹਿਰਾਂ ਦੀ ਇੱਕ ਕਾਲੋਨੀ ਬਣ ਚੁੱਕੇ ਹਨ, ਜਿਸ ਕਾਰਨ ਇਹਨਾਂ ਪਿੰਡਾਂ ਦਾ ਆਪਣਾ ਵਜੂਦ ਖ਼ਤਮ ਹੋ ਚੁੱਕਿਆ ਹੈ, ਦੂਜੇ ਪਾਸੇ ਪੰਜਾਬ 'ਚ ਵੱਡੀ ਗਿਣਤੀ ਪਿੰਡ ਅਜਿਹੇ ਵੀ ਹਨ, ਜਿੰਨਾਂ ਦੇ ਦਿਲਾਂ 'ਚ ਅਸਲੀ ਪੰਜਾਬ ਧੜਕਦਾ ਹੈ। ਵੱਖ- ਵੱਖ ਪਿੰਡਾਂ 'ਚ ਇਸ ਸਮੇਂ ਕਰੀਬ ਸਾਰੇ ਘਰ ਪੱਕੇ ਹੁੰਦੇ ਹਨ। ਇਸ ਤੋਂ ਇਲਾਵਾ ਪਿੰਡਾਂ 'ਚ ਵੱਖ- ਵੱਖ ਡਿਜ਼ਾਇਨਾਂ ਵਾਲੀਆਂ ਆਲੀਸ਼ਾਨ ਕੋਠੀਆਂ ਵੀ ਦਿਖਾਈ ਦਿੰਦੀਆਂ ਹਨ ਪਰ ਇਸ ਦੇ ਬਾਵਜੂਦ ਇਹਨਾਂ 'ਚੋਂ ਪਿੰਡਾਂ ਦੀ ਵਿਰਾਸਤ ਅਤੇ ਪਿਆਰ ਡੁੱਲ ਡੁੱਲ ਪੈਂਦਾ ਹੈ। ਪੰਜਾਬ ਦੇ ਵੱਡੀ ਗਿਣਤੀ ਪਿੰਡਾਂ ਦੇ ਵਸਨੀਕ ਅਜੇ ਵੀ ਦੁੱਧ, ਲੱਸੀ, ਮੱਖਣ, ਦਹੀਂ ਆਦਿ ਹੀ ਮੁੱਖ ਤੌਰ 'ਤੇ ਖਾਂਦੇ ਤੇ ਪੀਂਦੇ ਹਨ। ਇਸ ਤੋਂ ਇਲਾਵਾ ਪਿੰਡਾਂ ਦੇ ਲੋਕ ਆਪਣੇ ਘਰ ਖੁਦ ਮੱਕੀ ਦੀ ਰੋਟੀ ਤੇ ਸਾਗ ਬਣਾਉਂਦੇ ਅਤੇ ਖਾਂਦੇ ਹਨ। ਸ਼ਹਿਰਾਂ ਦੇ ਵੱਡੀ ਗਿਣਤੀ ਵਸਨੀਕਾਂ ਵਾਂਗ ਉਹਨਾਂ ਨੂੰ ਮੱਕੀ ਦੀ ਰੋਟੀ ਅਤੇ ਸਾਗ ਢਾਬਿਆਂ ਤੋਂ ਨਹੀਂ ਮੰਗਾਉਣੇ ਪੈਂਦੇ। ਭਾਵੇਂ ਕਿ ਪਿੰਡਾਂ ਦੇ ਨੌਜਵਾਨ ਸ਼ਹਿਰਾਂ 'ਚ ਆ ਕੇ ਫਾਸਟ ਫੂਡ ਵੀ ਖਾਂਦੇ ਵੇਖੇ ਜਾਂਦੇ ਹਨ ਪਰ ਪਿੰਡਾਂ ਵਿਚਲੇ ਆਪਣੇ ਘਰਾਂ 'ਚ ਅਕਸਰ ਨੌਜਵਾਨ ਵੀ ਘਰ ਦਾ ਬਣਿਆ ਦਾਲ-



ਫੁਲਕਾ ਖਾਂਦੇ ਹਨ। ਇਸ ਤੋਂ ਇਲਾਵਾ ਪਿੰਡਾਂ ਦੇ ਵੱਡੀ ਗਿਣਤੀ ਵਸਨੀਕਾਂ ਦਾ ਪਹਿਰਾਵਾ ਚਿੱਟਾ ਕੁੜਤਾ ਪਜਾਮਾ ਜਾਂ ਕੁੜਤੇ ਨਾਲ ਚਾਦਰਾ ਹੀ ਹੁੰਦਾ ਹੈ। ਪਿੰਡਾਂ ਦੀਆਂ ਮਹਿਲਾਵਾਂ ਨੇ ਅਜੇ ਵੀ ਚੁੰਨੀ ਲੈਣ ਦੀ ਰਵਾਇਤ ਨੂੰ ਸੰਭਾਲਿਆ ਹੋਇਆ ਹੈ। ਇਸ ਤੋਂ ਇਲਾਵਾ ਪੰਜਾਬ ਦੇ ਵੱਡੀ ਗਿਣਤੀ ਪਿੰਡਾਂ 'ਚ ਅਜੇ ਵੀ ਭਾਈਚਾਰਕ ਸਾਂਝ ਮੌਜੂਦ ਹੈ। ਪਿੰਡਾਂ ਦੇ ਲੋਕ ਅਜੇ ਵੀ ਇੱਕ ਦੂਜੇ ਦੇ ਦੁੱਖ ਸੁੱਖ ਵਿੱਚ ਸ਼ਾਮਲ ਹੁੰਦੇ ਹਨ।



ਵੱਡੀ ਗਿਣਤੀ ਪੰਜਾਬੀ ਨੌਜਵਾਨਾਂ ਦੇ ਵਿਦੇਸ਼ ਚਲੇ ਜਾਣ ਕਾਰਨ ਪੰਜਾਬ ਦੇ ਅਨੇਕਾਂ ਘਰਾਂ ਵਿੱਚ ਸਿਰਫ਼ ਬਜ਼ੁਰਗ ਹੀ ਰਹਿ ਰਹੇ ਹਨ, ਜਿਸ ਕਰਕੇ ਇਹਨਾਂ ਬਜ਼ੁਰਗਾਂ ਦੇ ਦੁੱਖ ਸੁੱਖ ਵਿੱਚ ਇਹਨਾਂ ਦੇ ਆਂਢ ਗੁਆਂਢ ਵਾਲੇ ਤੇ ਪਿੰਡ ਵਾਸੀ ਹੀ ਖੜ੍ਹਦੇ ਹਨ। ਇਹ ਵੀ ਅਸਲੀਅਤ ਹੈ ਕਿ ਪਿੰਡਾਂ 'ਚ ਅਜੇ ਵੀ ਈਰਖ਼ਾਬਾਜੀ, ਸ਼ਰੀਕੇਬਾਜ਼ੀ ਅਤੇ ਸਾੜਾਪਨ ਪਹਿਲਾਂ ਵਾਂਗ ਮੌਜੂਦ ਹੈ, ਪਰ ਇਹ ਸਾਰਾ ਕੁਝ ਪਿੰਡਾਂ ਦੇ ਵਸਨੀਕਾਂ ਦੀਆਂ ਹੋਰਨਾਂ ਚੰਗਿਆਈਆਂ ਅੱਗੇ ਫਿੱਕਾ ਪੈ ਜਾਂਦਾ ਹੈ। ਮਹਾਂ ਨਗਰਾਂ 'ਚ ਜਦੋਂ ਕਿਸੇ ਪਰਿਵਾਰ 'ਚ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਤਾਂ ਮ੍ਰਿਤਕ ਦੇਹ ਸ਼ਮਸ਼ਾਨਘਾਟ ਲਿਜਾਉਣ ਲਈ ਵੀ ਸ਼ਮਸ਼ਾਨ ਘਾਟ ਦੀ ਮ੍ਰਿਤਕ ਦੇਹਾਂ ਲੈ ਕੇ ਜਾਣ ਵਾਲੀ ਗੱਡੀ ਬੁਲਾਉਣੀ ਪੈਂਦੀ ਹੈ ਅਤੇ ਮ੍ਰਿਤਕ ਦੇਹ ਨਾਲ ਬਹੁਤ ਘੱਟ ਵਿਅਕਤੀ ਨਾਲ ਜਾਂਦੇ ਹਨ ਪਰ ਪਿੰਡਾਂ 'ਚ ਅਜੇ ਵੀ ਭਾਈਚਾਰਕ ਸਾਂਝ ਮੌਜੂਦ ਹੋਣ ਕਾਰਨ ਪਿੰਡ ਦੇ ਕਿਸੇ ਵੀ ਵਸਨੀਕ ਦੀ ਮੌਤ ਹੋ ਜਾਣ 'ਤੇ ਪਿੰਡ ਦੇ ਵੱਡੀ ਗਿਣਤੀ ਵਸਨੀਕ ਆਪਣੇ ਆਪ ਸੋਗਮਈ ਪਰਿਵਾਰ ਦੇ ਘਰ ਪਹੁੰਚ ਜਾਂਦੇ ਹਨ ਅਤੇ ਮ੍ਰਿਤਕ ਦੇਹ ਨੂੰ ਸ਼ਮਸ਼ਾਨ ਘਾਟ ਲੈ ਕੇ ਜਾਣ ਤਕ ਅਤੇ ਮ੍ਰਿਤਕ ਦੀਆਂ ਅੰਤਮ ਰਸਮਾਂ ਕਰਨ ਸਮੇਂ ਵੀ ਦੁਖੀ ਪਰਿਵਾਰ ਨਾਲ ਮੋਢੇ ਨਾਲ ਮੋਢਾ ਲਾ ਕੇ ਖੜਦੇ ਹਨ ਅਤੇ ਸੋਗਮਈ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੁੰਦੇ ਹਨ। ਇਸ ਤੋਂ ਇਲਾਵਾ ਪਿੰਡ ਦੇ ਕਿਸੇ ਵਸਨੀਕ ਦੀ ਧੀ ਦੇ ਵਿਆਹ ਮੌਕੇ ਵੀ ਅਕਸਰ ਪਿੰਡ ਵਾਸੀ ਮੂਹਰੇ ਹੋ ਕੇ ਸਾਰੇ ਕੰਮ ਧੰਦੇ ਕਰਦੇ ਹਨ, ਭਾਵੇਂ ਕਿ ਹੁਣ ਮੈਰਿਜ ਪੈਲਿਸਾਂ 'ਚ ਵਿਆਹ ਹੋਣ ਕਾਰਨ ਵਿਆਹ ਦਾ ਸਾਰਾ ਕਾਰਜ ਤਿੰਨ ਚਾਰ ਘੰਟੇ ਵਿੱਚ ਸੰਪੂਰਨ ਹੋ ਜਾਂਦਾ ਹੈ ਪਰ ਪਿੰਡਾਂ 'ਚ ਅਜੇ ਵੀ ਵਿਆਹ ਵਾਲੇ ਘਰ ਦਾ ਮਾਹੌਲ ਵੱਖਰਾ ਹੁੰਦਾ ਹੈ, ਜਿਥੇ ਸ਼ਗਨਾਂ ਦੇ ਗੀਤ ਗਾਏ ਜਾਂਦੇ ਹਨ। ਮੁੰਡੇ ਦੇ ਵਿਆਹ ਮੌਕੇ 'ਘੋੜੀਆਂ' ਗਾਈਆਂ ਜਾਂਦੀਆਂ ਹਨ ਅਤੇ ਕੁੜੀ ਦੇ ਵਿਆਹ ਮੌਕੇ 'ਸੁਹਾਗ' ਦੇ ਗੀਤ ਗਾਏ ਜਾਂਦੇ ਹਨ। ਸ਼ਹਿਰਾਂ 'ਚ ਵਸਨੀਕਾਂ ਦੇ ਘਰਾਂ ਦੇ ਆਲ਼ੇ ਦੁਆਲ਼ੇ ਉੱਸਰੀਆਂ ਉੱਚੀਆਂ ਇਮਾਰਤਾਂ ਕਾਰਨ ਸਵੇਰ ਵੇਲੇ ਚੜ੍ਹਦਾ ਸੂਰਜ ਦਿਖਾਈ ਨਹੀਂ ਦਿੰਦਾ ਅਤੇ ਸੂਰਜ ਉਸ ਸਮੇਂ ਦਿਖਾਈ ਦਿੰਦਾ ਹੈ, ਜਦੋਂ ਉਹ ਇੱਕ ਦਮ ਸਿਰਾਂ 'ਤੇ ਆ ਜਾਂਦਾ ਹੈ। ਇਸ ਤੋਂ ਇਲਾਵਾ ਸ਼ਹਿਰਾਂ 'ਚ ਸ਼ਾਮ ਸਮੇਂ ਸੂਰਜ ਇੱਕ ਦਮ ਉੱਚੀਆਂ ਇਮਾਰਤਾਂ ਉਹਲੇ ਹੋ ਜਾਂਦਾ ਹੈ। ਜਦੋਂ ਕਿ ਪਿੰਡਾਂ 'ਚ ਜਿਥੇ ਸੂਰਜ ਅੰਮ੍ਰਿਤ ਵੇਲੇ ਲਾਲੀ ਬਿਖ਼ੇਰਦਾ ਹੋਇਆ ਹੋਲੀ ਹੋਲੀ ਚੜ੍ਹਦਾ ਹੈ, ਉਥੇ ਹੀ ਉਹ ਸ਼ਾਮ ਨੂੰ ਛਿਪਣ ਵੇਲੇ ਵੀ ਲਾਲੀ ਬਿਖ਼ੇਰਦਾ ਹੈ ਅਤੇ ਫ਼ਸਲਾਂ ਦੇ ਉਪਰ ਦੂਰ ਕਿਤੇ ਦਿਖਾਈ ਦਿੰਦਾ ਹੋਇਆ ਹੋਲੀ ਹੋਲੀ ਅਲੋਪ ਹੁੰਦਾ ਹੈ। ਮੀਂਹ ਪੈਣ 'ਤੇ ਪਿੰਡਾਂ ਦੀ ਮਿੱਟੀ 'ਚੋਂ ਹੀ ਖ਼ੁਸ਼ਬੂ ਉੱਠਦੀ ਹੈ, ਇਹ ਖ਼ੁਸ਼ਬੂ ਸ਼ਹਿਰਾਂ ਦੀਆਂ ਪੱਕੀਆਂ ਸੜਕਾਂ 'ਤੇ ਮੀਂਹ ਪੈਣ ਨਾਲ ਨਹੀਂ ਉੱਠਦੀ।



ਪਿੰਡਾਂ 'ਚ ਅਜੇ ਵੀ ਪੇਂਡੂ ਖੇਡ ਮੇਲੇ ਕਰਵਾਏ ਜਾਂਦੇ ਹਨ, ਜਿਥੇ ਕਿ ਪਿੰਡ ਵਾਸੀ ਆਪਣੇ ਆਪ ਖਿਡਾਰੀਆਂ ਦੀ ਟਹਿਲ ਸੇਵਾ ਕਰਨ ਲਈ ਪੁੱਜ ਜਾਂਦੇ ਹਨ। ਇਸ ਤੋਂ ਇਲਾਵਾ ਕਈ ਪਿੰਡਾਂ 'ਚ ਅਜੇ ਵੀ ਸੱਥਾਂ ਮੌਜੂਦ ਹਨ, ਜਿਥੇ ਕਿ ਪਿੰਡਾਂ ਦੇ ਬਜ਼ੁਰਗ ਅਕਸਰ ਆਪਣੇ ਦੁਖ ਸੁੱਖ ਇੱਕ ਦੂਜੇ ਨੂੰ ਦੱਸਦੇ ਹਨ ਅਤੇ ਇਹਨਾਂ ਸੱਥਾਂ 'ਚ ਬੈਠੇ ਲੋਕਾਂ ਕੋਲ ਪਿੰਡ ਦੀ ਪੂਰੀ ਖ਼ਬਰ ਹੁੰਦੀ ਹੈ। ਵੱਡੀ ਗਿਣਤੀ ਪਿੰਡਾਂ ਦੇ ਵਸਨੀਕ ਅਜੇ ਵੀ ਆਪਸ ਵਿੱਚ ਰਲ ਮਿਲ ਕੇ ਰਹਿੰਦੇ ਹਨ ਭਾਵੇਂ ਕਿ ਸ਼ਹਿਰੀਕਰਨ ਦੀ ਹਵਾ ਪਿੰਡਾਂ 'ਚ ਵੀ ਚਲੀ ਗਈ ਹੈ, ਇਸ ਕਰਕੇ ਅਨੇਕਾਂ ਪਿੰਡਾਂ ਦੇ ਵੱਡੀ ਗਿਣਤੀ ਲੋਕ ਸੱਥਾਂ 'ਚ ਬੈਠਣ ਦੀ ਥਾਂ ਆਪਣੇ ਘਰਾਂ ਦੇ ਅੰਦਰ ਰਹਿਣ ਨੂੰ ਹੀ ਤਰਜੀਹ ਦੇਣ ਲੱਗੇ ਹਨ ਪਰ ਫਿਰ ਵੀ ਪਿੰਡਾਂ ਦੇ ਵਸਨੀਕ ਦੁੱਖ ਸੁੱਖ ਸਮੇਂ ਇੱਕ ਦੂਜੇ ਦੇ ਨਾਲ ਜ਼ਰੂਰ ਖੜ੍ਹਦੇ ਹਨ। ਪਿੰਡਾਂ ਦੇ ਲੋਕਾਂ ਨੂੰ ਮਿਲਣ ਸਮੇਂ ਅਪਣੱਤ ਮਹਿਸਸ ਹੁੰਦੀ ਹੈ, ਜਦੋਂ ਕਿ ਸ਼ਹਿਰਾਂ ਦੇ ਲੋਕਾਂ ਨੂੰ ਮਿਲਣ ਸਮੇਂ ਉਪਰਾਪਣ ਮਹਿਸੂਸ ਹੁੰਦਾ ਹੈ। ਇਸ ਕਰਕੇ ਹੀ ਕਿਹਾ ਜਾਂਦਾ ਹੈ ਕਿ ਪਿੰਡਾਂ 'ਚ ਹੀ ਅਸਲੀ ਪੰਜਾਬ ਵਸਦਾ ਹੈ।



TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ‘ਬਲੀਦਾਨ’ ਵਾਲੇ ਸ਼ਹਾਦਤ ਦੇ ਮਹਾਤਮ ਨੂੰ ਨਹੀਂ ਜਾਣ ਸਕਦੇ



ਗੁਰਤੇਜ ਸਿੰਘ

2022 ਤੋਂ ਹਿੰਦੋਸਤਾਨ ਦੀ ਸਰਕਾਰ ਨੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਨ, ‘ਵੀਰ ਬਾਲ ਦਿਵਸ’ ਦੇ ਨਾਂਅ ਹੇਠ ਮਨਾਉਣਾ ਸ਼ੁਰੂ ਕੀਤਾ ਹੈ। ਇਹ ਨਾਂਅ ਸਿੱਖਾਂ ਨੂੰ ਪੁੱਛ ਕੇ ਨਹੀਂ ਰੱਖਿਆ ਗਿਆ; ਨਾ ਹੀ ਏਸ ਦੀ ਭਾਵਨਾ ਸਿੱਖੀ ਅਕੀਦਿਆਂ ਅਨੁਸਾਰ ਹੈ। ਸ਼ਹਾਦਤ ਦੀ ਹਕੀਕਤ ਵੱਲ ਧਿਆਨ ਧਰੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਸਿੱਖੀ ਆਸ਼ੇ ਅਨੁਸਾਰ, ਸਿੱਖੀ ਦੀ ਭਾਵਨਾ ਅਨੁਸਾਰ ਹੀ, ਹੋਰ ਸਾਰੇ ਪੁਰਬਾਂ ਵਾਂਙ, ਇਹ ਦਿਵਸ ਮਨਾਉਣ ਯੋਗ ਹੈ। ਓਪਰੀ ਨਜ਼ਰੇ ਇਹ ਜਾਪਦਾ ਹੈ ਕਿ ਸੰਘ ਪਰਿਵਾਰ ਦੀ ਨੀਤੀ ਅਨੁਸਾਰ ਏਸ ਪਰਮ ਪਾਕ ਦਿਨ ਨੂੰ ਮਨਾ ਕੇ (1) ਗੁਰੂ ਅਤੇ ਗੁਰੂ ਪਰਵਾਰਾਂ ਦੀ ਵਿਰਾਸਤ ਨੂੰ ਹਿੰਦੂਤਵ ਦੇ ਖਾਤੇ ਪਾ ਕੇ ਅਸਲੀ ਵਾਰਸ ਸਿੱਖਾਂ ਨੂੰ ਏਸ ਰਹਿਮਤ ਤੋਂ ਮਹਿਰੂਮ ਕਰਨ ਦੀ ਮਨਸ਼ਾ ਹੈ। (2) ਸਿੱਖ ਮੱਤ ਦੀ ਕੁਦਰਤੀ ਅਤੇ ਮੁੱਢਲੀ ਜੁਝਾਰੂ ਬਿਰਤੀ ਨੂੰ ਧ੍ਰਿਤਰਾਸ਼ਟਰ ਦੀ ਜੱਫੀ ਵਿੱਚ ਲੈ ਕੇ ਨਿੱਸਲ ਕਰਨਾ ਮਕਸਦ ਹੈ। (3) ਸ਼ਹੀਦੀ ਦੇ ਇੱਕੋ ਪੱਖ ਉੱਤੇ ਬੇਲੋੜਾ ਵਜਨ ਪਾ ਕੇ ਹਿੰਦੂ ਹਿੰਦ ਦੀ ਮੁਸਲਮ ਨਫ਼ਰਤ ਦਾ ਮੋਹਰਾ ਬਣਨ ਲਈ ਸਿੱਖਾਂ ਨੂੰ ਪ੍ਰੇਰਨਾ ਹੈ।

ਜ਼ਾਹਰ ਹੈ ਕਿ ਤਿੰਨੋਂ ਇਰਾਦੇ ਸਿੱਖਾਂ ਅਤੇ ਮੁਸਲਮਾਨਾਂ ਲਈ ਡੂੰਘੀ ਨਫ਼ਰਤ ਭਰੀ ਫ਼ਿਤਰਤ ਦੀ ਉਪਜ ਹਨ। ਸਿੱਖੀ ਜਨਮ ਤੋਂ ਹੀ ਅਜ਼ਾਦ ਮਨੁੱਖਾਂ ਦਾ ਸਰਬ-ਸਾਂਝਾ ਸਮਾਜ ਅਤੇ ਇੰਤਜ਼ਾਮੀਆ ਸਿਰਜਣ ਲਈ ਘਾਲਣਾ ਘਾਲਦੀ ਆਈ ਹੈ। ਏਸ ਨੂੰ ਸਿੱਖੀ ਨੇ ‘ਮੁਕਤ ਪੰਥ’ ਅਤੇ ਪੱਛਮ ਦੀ ਓਸ ਵੇਲੇ ਪ੍ਰਚੱਲਤ ਰੀਤ ਅਨੁਸਾਰ, ਅੰਗ੍ਰੇਜ਼ ਇਤਿਹਾਸਕਾਰਾਂ ਨੇ, ‘ਸਟੇਟ ਵਿਦ ਇਨ ਸਟੇਟ’ ਕਰ ਕੇ ਸਮਝਿਆ ਹੈ। ਏਸ ਘੋਰ ਘਾਲਣਾ ਵਿੱਚ ਸਿੱਖੀ ਦੀ ਟੱਕਰ, ਰਾਜ ਮਾਨਣ ਦੇ ‘ਝੂਠੇ ਦਾਅਵੇ ਕਰਨ ਵਾਲੇ ਵਕਤੀ’ (ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ) ਜ਼ਾਲਮ ਰਾਜਿਆਂ ਨਾਲ ਰਹੀ ਹੈ। ਇਤਿਹਾਸ ਦਾ ਨਿਸ਼ਕਰਸ਼ ਹੈ ਕਿ ਸਿੱਖੀ ਦੇ ਮਿਸ਼ਨ, ਜਿਸ ਵਿੱਚ ਹਿੰਦੂ-ਹਿੰਦ ਦਾ ਵੱਡਾ ਭਲਾ ਹੋਇਆ, ਦੇ ਰਾਹ ਵਿੱਚ ਸਭ ਤੋਂ ਘਾਤਕ ਰੋੜੇ ਹਿੰਦੂ-ਹਿੰਦ ਨੇ ਹੀ ਅਟਕਾਏ। ਇਹ ਇਤਫ਼ਾਕ ਨਹੀਂ ਕਿ ਹਿੰਦੂ-ਹਿੰਦ ਨੇ ਕਦੇ ਵੀ ਸਿੱਖਾਂ ਦਾ ਸਾਥ ਨਹੀਂ ਦਿੱਤਾ — ਆਪਣੇ ਪ੍ਰਤੱਖ ਹੁੰਦੇ ਭਲੇ ਲਈ ਵੀ ਨਹੀਂ। ਗੁਰੂ ਕਾਲ ਦੇ ਸਾਰੇ ਯੁੱਧਾਂ ਵਿੱਚੋਂ ਕੇਵਲ ਚਾਰ ਹੀ ਮੁਗ਼ਲਾਂ ਵਿਰੁੱਧ ਹੋਏ ਅਤੇ ਏਸ ਤੋਂ ਤਕਰੀਬਨ ਚਾਰ ਗੁਣਾਂ ਵੱਧ ਹਿੰਦੂ-ਹਿੰਦ ਦਾ ਦਮ ਭਰਨ ਵਾਲਿਆਂ ਨਾਲ। ਆਖ਼ਰੀ ਯੁੱਧ ਵੀ ਬਾਈਧਾਰ ਦੇ ਹਿੰਦੂ ਰਾਜਿਆਂ ਨੇ ਔਰੰਗਜ਼ੇਬ ਦੀ ਮੱਦਦ ਨਾਲ ਲੜਿਆ ਸੀ। ਏਸ ਕਾਲ ਵਿੱਚ ਹੀ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਹੋਈ ਸੀ। ਸੱਚੇ ਸਾਹਿਬ ਦਾ ਇਹ ਬਚਨ ਪੂਰਨ ਸੱਚ ਉੱਤੇ ਟੇਕ ਰੱਖਦਾ ਹੈ ਕਿ ‘ਮੇਰਾ ਸਿੱਖ ਬ੍ਰਾਹਮਣਾਂ ਦਾ ਕਦੇ ਇਤਬਾਰ ਨ ਕਰੇ। ਇਹਨਾਂ ਨੇ ਮੇਰੇ ਚਾਰ ਬੱਚੇ ਮਾਰੇ ਹਨ।’ (ਅਮਰਨਾਮਾ)

ਸਾਡਾ ਅਤੇ ਹਰ ਮਾਨਵਤਾ ਪ੍ਰਤੀ ਸੁਹਿਰਦ ਹਿੰਦੂ, ਮੁਸਲਮਾਨ, ਹਰ ਸਹਿਜ ਇਨਸਾਨ ਦਾ ਮੱਤ ਹੈ ਕਿ ਸਾਹਿਬਜ਼ਾਦਿਆਂ ਦੀ ਸਹਾਦਤ ਲਈ ਜ਼ਾਲਮ ਹਾਕਮ ਅਤੇ ਵੱਢੀਖ਼ੋਰ ਪੱਥਰ ਦਿਲ ਕਾਜ਼ੀ ਜ਼ਿੰਮੇਵਾਰ ਹਨ ਨਾ ਕਿ ਮੁਸਲਮਾਨ ਜਾਂ ਇਸਲਾਮ। ਇਸਲਾਮ ਦੇ ਬਹਾਨੇ ਨਿਰਦਈ ਮੁਸਲਮਾਨ ਹਾਕਮਾਂ ਨੇ ਸਾਡੇ ਉੱਤੇ ਅਨੇਕ ਕਹਿਰ ਢਾਏ। ਪਰ ਇਸਲਾਮ ਤਾਂ ਮੁਸਲਮਾਨ ਮਖੌਟੇ ਵਾਲਿਆਂ ਦੇ ਢਹੇ ਚੜ੍ਹ ਕੇ ਆਪਣੀ ਆਬਰੂ ਨੂੰ ਠੇਸ ਲੱਗਣ ਤੋਂ ਵੀ ਨਹੀਂ ਬਚਾ ਸਕਿਆ। ਅਸੀਂ ਪਿਤਾ, ਭਰਾਵਾਂ, ਅਨੇਕਾਂ ਹਿੰਦੂ, ਮੁਸਲਮ ਸਾਧੂਆਂ ਸਮੇਤ ਲੱਖਾਂ ਦੇ ਕਾਤਲ ਨੌਰੰਗੇ ਤੁਰਕੜੇ ਨੂੰ ਵੀ ਬੇਦੀਨ ਸਮਝਦੇ ਹਾਂ।

> **ਸਾਡਾ ਅਤੇ ਹਰ ਮਾਨਵਤਾ ਪ੍ਰਤੀ ਸੁਹਿਰਦ ਹਿੰਦੂ, ਮੁਸਲਮਾਨ, ਹਰ ਸਹਿਜ ਇਨਸਾਨ ਦਾ ਮੱਤ ਹੈ ਕਿ ਸਾਹਿਬਜ਼ਾਦਿਆਂ ਦੀ ਸਹਾਦਤ ਲਈ ਜ਼ਾਲਮ ਹਾਕਮ ਅਤੇ ਵੱਢੀਖ਼ੋਰ ਪੱਥਰ ਦਿਲ ਕਾਜ਼ੀ ਜ਼ਿੰਮੇਵਾਰ ਹਨ ਨਾ ਕਿ ਮੁਸਲਮਾਨ ਜਾਂ ਇਸਲਾਮ। ਇਸਲਾਮ ਦੇ ਬਹਾਨੇ ਨਿਰਦਈ ਮੁਸਲਮਾਨ ਹਾਕਮਾਂ ਨੇ ਸਾਡੇ ਉੱਤੇ ਅਨੇਕ ਕਹਿਰ ਢਾਏ। ਪਰ ਇਸਲਾਮ ਤਾਂ ਮੁਸਲਮਾਨ ਮਖੌਟੇ ਵਾਲਿਆਂ ਦੇ ਢਹੇ ਚੜ੍ਹ ਕੇ ਆਪਣੀ ਆਬਰੂ ਨੂੰ ਠੇਸ ਲੱਗਣ ਤੋਂ ਵੀ ਨਹੀਂ ਬਚਾ ਸਕਿਆ। ਅਸੀਂ ਪਿਤਾ, ਭਰਾਵਾਂ, ਅਨੇਕਾਂ ਹਿੰਦੂ, ਮੁਸਲਮ ਸਾਧੂਆਂ ਸਮੇਤ ਲੱਖਾਂ ਦੇ ਕਾਤਲ ਨੌਰੰਗੇ ਤੁਰਕੜੇ ਨੂੰ ਵੀ ਬੇਦੀਨ ਸਮਝਦੇ ਹਾਂ।**

ਦਾਨਵਾਂ ਦੀ ਓਸ ਸਭਾ ਵਿੱਚ, ਜਿੱਥੋਂ ਮਾਸੂਮਾਂ ਉੱਤੇ ਮੌਤ ਦਾ ਫ਼ਤਵਾ ਲੱਗਾ ਸੀ, ਤੁਹਾਡਾ ਝੂਠਾ ਨੰਦ ਵੀ ਮੌਜੂਦ ਸੀ ਜਿਸ ਨੇ ਫ਼ਤਵੇ ਦੀ ਹਮਾਇਤ ਕੀਤੀ ਸੀ। ਓਸ ਸਭਾ ਵਿੱਚ ਇੱਕੋ-ਇੱਕ ਮਰਦ ਨਵਾਬ ਮਲੇਰਕੋਟਲਾ ਸੀ ਜਿਸ ਨੇ ਮਾਸੂਮਾਂ ਲਈ ਹਾਅ ਦਾ ਨਾਅਰਾ ਮਾਰਿਆ ਸੀ। ਓਸ ਇਕੱਲੇ ਦਾ ਮੱਤ ਇਸਲਾਮ ਦੇ ਫ਼ਲਸਫ਼ੇ ਅਨੁਸਾਰ ਸੀ। ਹਾਲਾਂਕਿ ‘ਮਾਸੂਮ’ ਦਾ ਦਰਜਾ ਕਮਸਿਨ ਬੱਚਿਆਂ ਅਤੇ ਔਰਤਾਂ ਲਈ ਇਸਲਾਮ ਵਿੱਚ ਮੌਜੂਦ ਹੈ, ਨਵਾਬ ਮਲੇਰਕੋਟਲਾ ਸ਼ਾਇਦ ਪੈਗ਼ੰਬਰ ਦੇ ਆਖ਼ਰੀ ਖ਼ੁਤਬੇ (ਖ਼ੁਤਬਾ-ਅਲ-ਵਿਦਾਅ) ਤੋਂ ਵੀ ਪ੍ਰੇਰਨਾ ਲੈ ਰਿਹਾ ਸੀ ਜਿਸ ਅਨੁਸਾਰ ਪਿਤਾ ਦਾ ਬਦਲਾ ਬੱਚਿਆਂ ਤੋਂ ਨਹੀਂ ਲਿਆ ਜਾ ਸਕਦਾ ਸੀ। ਦਸਮੇਸ਼ ਨੇ ਨਵਾਬ ਦੇ ਮਨੁੱਖਤਾ ਪ੍ਰਤੀ ਸੁਹਿਰਦ ਰਵੱਈਏ ਦੇ ਇਵਜ਼ ਵਿੱਚ ਮਲੇਰਕੋਟਲਾ ਨੂੰ ਸੁਰੱਖਿਆ ਕਵਚ ਬਖ਼ਸ਼ਿਆ। ਅਸੀਂ ਸੱਚੇ ਸਾਹਿਬ ਦੇ ਸੁੱਚੇ ਬਚਨਾਂ ਉੱਤੇ ਧਾਅ ਕੇ ਫੁੱਲ ਚੜ੍ਹਾਏ। 1947 ਦਾ ਪਾਗਲਪਣ ਦੀ ਹੱਦ ਨੂੰ ਛੂੰਹਦਾ ਜਨੂੰਨ ਵੀ ਸਾਨੂੰ ਥਿੜਕਾ ਨਾ ਸਕਿਆ। ਜ਼ਮਾਨੇ ਨੇ ਆਮ ਵੇਖਿਆ ਕਿ ਮੁਸਲਮਾਨ ਵਾਹੋ ਦਾਹੀ ਭੱਜਿਆ ਜਾ ਰਿਹਾ ਹੈ ਅਤੇ ਓਸ ਦੇ ਪਿੱਛੇ ਲਲਕਾਰੇ ਮਾਰਦੇ ਸਿੱਖ ਓਸ ਨੂੰ ਕਤਲ ਕਰਨ ਲਈ ਤਲਵਾਰਾਂ ਸੂਤੀ ਆ ਰਹੇ ਹਨ। ਉਹ ਆਖ਼ਰ ਮਲੇਰਕੋਟਲੇ ਦੀ ਹੱਦ ਵਿੱਚ ਪੈਰ ਰੱਖਦਾ ਹੈ ਅਤੇ ਬੇਖ਼ੌਫ ਹੋ ਕੇ ਆਮ ਚਾਲ ਚੱਲਣ ਲੱਗਦਾ ਹੈ। ਗੁੰਮਰਾਹ ਹੋਏ ਜਨੂੰਨੀ ਸਿੱਖਾਂ ਨੂੰ ਵੀ ਅਹਿਸਾਸ ਸੀ ਕਿ ਦੁਨਿਆਵੀ ਗੁੱਸੇ ਗੁਰੂ ਪ੍ਰਮੇਸ਼ਰ ਦੇ ਅਹਕਾਮਾਂ ਦੀ ਕਾਟ ਨਹੀਂ ਕਰ ਸਕਦੇ। ਸਰਹੱਦੋਂ ਉਰ੍ਹੇ ਉਹ ਵੀ ਤਲਵਾਰਾਂ ਮਿਆਨੀ ਕਰ ਕੇ ਵਾਪਸ ਪਰਤ ਜਾਂਦੇ ਸਨ।

ਦੀਨੀ, ਮਜ਼ਬੀ, ਇਖ਼ਲਾਕੀ ਤੌਰ ਉੱਤੇ ਤੁਸੀਂ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਨ ਮਨਾਉਣ ਦੇ ਯੋਗ ਨਹੀਂ। ਜੇ ਏਸ ਘਟਨਾ ਵਿੱਚ ਲੂਣ-ਹਰਾਮੀ ਗੰਗੂ ਦੀ ਕਰਤੂਤ, ਜਿਸ ਵਾਸਤੇ ਤੁਸੀਂ ਕਦੇ ਮੁਆਫ਼ੀ ਨਹੀਂ ਮੰਗੀ, ਨੂੰ ਵੀ ਸ਼ਾਮਲ ਕਰ ਲਿਆ ਜਾਵੇ ਤਾਂ ਤੁਹਾਨੂੰ ਏਸ ਦਾ ਜ਼ਿਕਰ ਕਰਨ ਤੋਂ ਵੀ ਪਹਿਲਾਂ ਚੱਪਣੀ ਵਿੱਚ ਨੱਕ ਡੁਬੋ ਕੇ ਮਰ ਜਾਣਾ ਚਾਹੀਦਾ ਹੈ। ਤੁਹਾਡਾ ਇਹ ਪ੍ਰਚਾਰ ਕਿ ਗੁਰੂ, ਗੁਰਸਿੱਖਾਂ ਅਤੇ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਹਿੰਦੂ ਧਰਮ ਜਾਂ ਮੁਲਕ ਨੂੰ ਮੁਸਲਮਾਨ ਜੂਲੇ ਹੇਠੋਂ ਕੱਢਣ ਲਈ ਹੋਈਆਂ ਵੀ ਤਰਕ-ਸੰਗਤ ਨਹੀਂ। ਬੰਦਾ ਬਹਾਦਰ ਦੀ ਫ਼ੌਜ ਵਿੱਚ, ਵਰਤੇ ਕਹਿਰ ਤੋਂ ਪਸ਼ੇਮਾਨ, 5000 ਮੁਸਲਮਾਨ (ਨਮਾਜ਼ੀ ਖ਼ਾਲਸਾ) ਤਾਂ ਸ਼ਾਮਲ ਹੋਏ ਸਨ ਪਰ ਕੋਈ ਰਾਜਾ, ਮਹਾਰਾਜਾ, ਠਾਕੁਰ, ਸਾਮੰਤ, ਚੰਦ੍ਰਵੰਸ਼ੀ, ਸੂਰਜਵੰਸ਼ੀ ਨਹੀਂ। ਤਕਰੀਬਨ 1947 ਤੱਕ ਹਿੰਦੋਸਤਾਨ ਇੱਕ ਮੁਲਕ ਨਹੀਂ ਬਲਕਿ ਪੰਜ ਕੁ ਸੌ ਆਜ਼ਾਦ ਮੁਲਕਾਂ ਦਾ ਸਮੂਹ ਸੀ। ਇਹਨਾਂ ਵਿੱਚ ਜ਼ਿਆਦਾ ਹੁਕਮਰਾਨ ਚੰਦ੍ਰਵੰਸ਼ੀ, ਸੂਰਜਵੰਸ਼ੀ ਆਦਿ ਹਿੰਦੂ ਸਨ। ਨੇਸ਼ਨ ਸਟੇਟ ਦਾ ਸੰਕਲਪ ਆਖ਼ਰੀ ਰੂਪ ਵਿੱਚ ਸੰਯੁਕਤ ਰਾਸ਼ਟਰ ਦੇ ਚਾਰਟਰ ਦੀ ਦੇਣ ਹੈ। ਇਸ ਤੋਂ ਪਹਿਲਾਂ ਏਸ ਸੰਕਲਪ ਦਾ ਪੇਤਲਾ ਜਿਹਾ ਵਜੂਦ ਕੇਵਲ ਕੇਂਦਰੀ ਯੂਰਪ ਵਿੱਚ ਮੌਜੂਦ ਸੀ ਅਤੇ ਓਥੇ ਵੀ ਅਜੇ ਨਵਾਂ ਈਜਾਦ ਹੋਇਆ ਸੀ। ਅੱਜ ਦੇ ਤੁਹਾਡੇ ਦੰਭੀ ਇਤਿਹਾਸਕਾਰਾਂ ਨੂੰ ਕਾਲ-ਦੋਸ਼ ਤੋਂ ਮੁਕਤ ਹੋਣ ਦੀ ਲੋੜ ਹੈ।

ਇਹ ਤਸੱਵਰ ਨਹੀਂ ਕੀਤਾ ਜਾ ਸਕਦਾ ਸੀ ਕਿ ਏਨੀਆਂ ਸਦੀਆਂ ਦੀਆਂ ਏਨੀਆਂ ਬਾਦਸ਼ਾਹੀਆਂ, ਕਿਲ੍ਹੇ, ਫ਼ੌਜਾਂ, ਤੋਪਾਂ, ਹਾਥੀ ਆਦਿ ਦੇ ਹੁੰਦਿਆਂ ਇੱਕ-ਦੋ ਜਹਾਜ਼ਾਂ ਵਿੱਚ ਆਏ ਜਾਂ ਬਰਤਾਨੀਆ ਦੇ ਚੰਦ ਬਾਣੀਏ ਤੁਹਾਨੂੰ ਆਪਣੇ ਅਧੀਨ ਕਰ ਸਕਦੇ ਸਨ। ਤੁਸੀਂ ਖ਼ੁਦ, ਹੱਸ-ਹੱਸ ਕੇ, ਮੰਦਰਾਂ ਵਿੱਚ ਟੱਲ ਖੜਕਾ-ਖੜਕਾ ਕੇ ਗ਼ੁਲਾਮੀ ਨੂੰ ਗਹਿਣਾ ਸਮਝ ਕੇ ਗਲ਼ ਪਾਇਆ ਸੀ। ਤੁਹਾਡੇ ਉੱਚੀਆਂ ਸ਼ਾਨਾਂ, ਵੱਡੀਆਂ ਅਣਖਾਂ ਵਾਲੇ ਆਗੂ ਜ਼ਾਲਮ ਸੁਲਤਾਨਾਂ ਨਾਲ ਰਿਸ਼ਤੇਦਾਰੀਆਂ ਪਾਉਂਦੇਰਹੇ ਅਤੇ ਜਿਵੇਂ ਅਕਬਰ ਨੇ ਮੱਕੇ ਦੇ ਕਾਜ਼ੀ ਨੂੰ ਦੱਸਿਆ ਸੀ, ਉਹਨਾਂ ਦੀਆਂ ਮੁਹਿੰਮਾਂ ਵਿੱਚ ਸ਼ਾਮਲ ਹੋ ਕੇ ਗੁਆਂਢੀ ਹਿੰਦੂ ਰਾਜਿਆਂ ਲਈ ਗ਼ੁਲਾਮੀ ਸਹੇੜਦੇ ਰਹੇ। ਬਰਤਾਨੀਆ ਦਾ ਆਖ਼ਰੀ ਹੁਕਮਰਾਨ ਮਾਊਂਟਬੈਟਨ ਸੱਚ ਆਖਦਾ ਹੈ ਕਿ ‘ਅਸੀਂ ਹਿੰਦ ਦੀ ਮਰਜ਼ੀ ਖ਼ਿਲਾਫ ਇੱਕ ਦਿਨ ਵੀ ਰਾਜ ਨਹੀਂ ਸੀ ਕਰ ਸਕਦੇ। ਕਿਸੇ ਸਮੇਂ ਵੀ ਓਥੇ ਸਾਡੇ ਅੰਗਰੇਜ਼ ਪੰਦਰਾਂ ਹਜ਼ਾਰ ਤੋਂ ਵੱਧ ਗਿਣਤੀ ਵਿੱਚ ਨਹੀਂ ਸਨ। ਅਸੀਂ ਤੀਹ ਕ੍ਰੋੜ ਲੋਕਾਂ ਉੱਤੇ ਕਿਵੇਂ ਰਾਜ ਕਰ ਸਕਦੇ ਸੀ’।

ਅਸਲੀਅਤ ਇਹ ਹੈ ਕਿ ਤੁਹਾਡੇ ਧਰਮ ਵਿੱਚ ਨਾ ਅਣਖ, ਇੱਜ਼ਤ, ਪਤ, ਆਜ਼ਾਦੀ ਆਦਿ ਦਾ ਕੋਈ ਦੈਵੀ ਸੰਕਲਪ ਸੀ ਤੇ ਨਾ ਹੀ ਉੱਚੀਆਂ ਕਦਰਾਂ-ਕੀਮਤਾਂ, ਕਿਰਦਾਰ, ਸ਼ਹਾਦਤਾਂ ਦੇ ਜਾਮਨ ਤੁਹਾਡੇ ਧਰਮ-ਗ੍ਰੰਥ ਸਨ। ਤੁਸੀਂ ਵਿਦੇਸ਼ੀ ਜਰਵਾਣਿਆਂ ਨੂੰ ਮੋਪਲੇ (ਜਵਾਈ) ਆਖ ਕੇ ਗਲ਼ ਲਾਇਆ ਅਤੇ ਤੁਹਾਡੇ ਵੱਡੇ ਮੰਦਰਾਂ ਤੋਂ ਗ਼ੁਲਾਮੀ ਦੇ ਹੱਕ ਵਿੱਚ ਫਤਵੇ ਲੱਗਦੇ ਰਹੇ। ਗੁਰੂ ਨਾਨਕ ਦਾ ‘ਰਤਨ ਵਿਗਾੜਿ ਵਿਗੋਏ ਕੁਤੀਂ’ ਦਾ ਮਿਹਣਾ ਕੇਵਲ ਇਬਰਾਹਿਮ ਲੋਧੀ ਨੂੰ ਨਹੀਂ ਸੀ, ਤੁਹਾਡੇ ਲਈ ਓਸ ਤੋਂ ਵੀ ਵੱਧ ਸੀ। ਇਹ ਸੱਚ ਹੈ ਕਿ ਗਜ਼ਨੀ ਦੇ ਬਾਜ਼ਾਰ ਵਿੱਚ ਵਿਕਣ ਲਈ ਕੁਰਲਾਉਂਦੀਆਂ ਜਾਂਦੀਆਂ ਅਬਲਾਵਾਂ ਅਤੇ ਹਿੰਦੂਕੁਸ਼ ਉੱਤੇ ਤਹਿ-ਤੇਗ਼ ਕੀਤੇ ਜਾਂਦੇ ਉਹਨਾਂ ਦੇ ਰਿਸ਼ਤੇਦਾਰਾਂ ਦੇ ਸਿਲਸਿਲੇ ਨੂੰ ਰੋਕਣ ਲਈ ਤੁਸੀਂ ਚੀਚ੍ਹੀ ਉਂਗਲ ਦੀ ਕੁਰਬਾਨੀ ਵੀ ਨਹੀਂ ਦਿੱਤੀ।

ਤੁਸੀਂ 1675 ਵਿੱਚ ਗੁਰੂ ਅਕਾਲਪੁਰਖ ਨਾਲ ਅਹਿਦ ਕੀਤਾ ਕਿ ਜੇ ਉਹ ਇੱਕ ਵਾਰੀ ਔਰੰਗਜ਼ੇਬ ਦੇ ਜਨੂੰਨ ਨੂੰ ਠੱਲ੍ਹ ਪਾ ਦੇਣ ਤਾਂ ਤੁਸੀਂ ਖੰਡੇ ਫੜ੍ਹ ਕੇ ਖ਼ਾਲਸੇ ਦੇ ਨਾਲ ਖੜ੍ਹੋਗੇ। ਸਮਾਂ ਆਉਣ ਉੱਤੇ ਤੁਸੀਂ ਖ਼ਾਲਸੇ ਵਿਰੁੱਧ ਹੀ ਖੰਡਾ ਫੜ ਖੜੋਤੇ। 700 ਸਾਲ ਦੀ ਗ਼ੁਲਾਮੀ ਤੋਂ ਨਜਾਤ ਦਵਾ ਕੇ ਗੁਰੂ ਦੇ ਬੰਦਾ ਸਿੰਘ ਬਹਾਦਰ ਨੇ ਤੁਹਾਡੀ ਆਪਣੀ ਸਰਕਾਰ ਸਥਾਪਤ ਕਰ ਕੇ ਕੁੱਲ ਹਿੰਦ ਉੱਤੇ ਵੱਡਾ ਪਰੋਪਕਾਰ ਕੀਤਾ, ਸਦੀਵੀ ਮੁਕਤੀ ਦਾ ਰਾਹ ਖੋਲ੍ਹਿਆ ਅਤੇ ਤੁਸੀਂ ਓਸ ਦੇ ਵਿਰੁੱਧ ਬਹਾਦਰ ਸ਼ਾਹ ਦਾ ਸਾਥ ਦਿੱਤਾ। ਇਵਜ਼ ਵਿੱਚ ਤੁਸੀਂ ਢਾਈ ਸੌ ਸਾਲ ਦੀ ਹੋਰ ਗ਼ੁਲਾਮੀ ਹਾਸਲ ਕੀਤੀ। ਏਨੀ ਕੁ ਤਾਂ ਤੁਹਾਡੀ ਦੂਰ-ਅੰਦੇਸ਼ੀ ਹੈ!

1710 ਤੋਂ 1765 ਤੱਕ ਸਿੰਘ ਨੰਗੇ ਧੜ ਮਾਨਵਤਾ ਦੀ ਲੜਾਈ ਇਕੱਲੇ ਲੜਦੇ ਰਹੇ। ਚੰਦੂ ਅਤੇ ਗੰਗੂ ਵਾਂਗ ਲਖਪਤ ਵਰਗੇ ਵਧ ਚੜ੍ਹ ਕੇ ਸਿੰਘਾਂ ਨੂੰ ਕਤਲ ਕਰਦੇ ਕਰਵਾਉਂਦੇਰਹੇ; ਬਾਣੀ ਅਤੇ ਇਤਿਹਾਸ ਦੀਆਂ ਪੋਥੀਆਂ ਸਾੜ ਕੇ ਖ਼ੂਹ ਭਰਦੇ ਰਹੇ — ਠੀਕ ਉਵੇਂ ਜਿਵੇਂ ਔਰੰਗਜ਼ੇਬ ‘ਸਵਾ ਮਣ ਜਨੇਊ ਲਾਹ ਕੇ ਰੋਟੀ ਖਾਂਦਾ ਸੀ’। ਸਹਿਜੇ ਸਹਿਜੇ ਮੁਸਲਮਾਨ ਬਣਨ ਵੱਲ ਵਧ ਰਹੇ ‘ਨਿਗਾਹੀਏ ਦੇ ਚੇਲੇ, ਹਲਾਲਖ਼ੋਰ, ਸ਼ੂਦਰ’ ਆਖ ਕੇ ਸਮਾਜ ਵਿੱਚੋਂ ਛੇਕੇ ਤਾਂ ਸਿੱਖੀ ਵੱਲ ਆਏ। ਭੰਗੂ ਲਿਖਦਾ ਹੈ ਕਿ ਇਹ ਬਾਕਾਇਦਾ ਵਾਰਤਾਲਾਪ ਰਾਹੀਂ ਖੋਜ ਪਰਖ ਕੇ ਆਏ ਪਰ ਅਖੌਤੀ ਉੱਚੀਆਂ ਜਾਤਾਂ ਵਾਲਿਆਂ ਨੇ ਮੈਂ ਬਪੁੜਾ ਬੂਢਨ ਡਰਾ ਰਹਾ ਕਿਨਾਰੇ ਬੈਠ ਦਾ ਰਵੱਈਆ ਅਖ਼ਤਿਆਰ ਕਰੀ ਰੱਖਿਆ। 1820 ਦੇ ਲਾਗੇ ਰਣਜੀਤ ਸਿੰਘ ਨੇ ਅਨੇਕਾਂ ਰਾਜਿਆਂ, ਨਵਾਬਾਂ ਨੂੰ ਚਿੱਠੀਆਂ ਲਿਖ ਕੇ ਸੱਦਾ ਦਿੱਤਾ ਕਿ: ‘ਆਉ ਸਾਰੇ ਰਲ਼ ਕੇ ਅੰਗ੍ਰੇਜ਼ੀ ਬਿੱਲੇ ਨੂੰ ਪੂਛੋਂ ਫੜ ਕੇ ਵਗਾਹ ਕੇ ਸੱਤ ਸਮੁੰਦਰੋਂ ਪਾਰ ਚਲਾ ਕੇ ਮਰੀਏ।’ ਕਿਸੇ ਇੱਕ ਨੇ ਵੀ ਹੁੰਗਾਰਾ ਨਾ ਭਰਿਆ; ਉਲਟਾ ਹਿੰਦ ਦੇ ਆਗੂ ਰਣਜੀਤ ਸਿੰਘ ਦੇ ਬਰਖ਼ਿਲਾਫ਼ ਹੋ ਗਏ। ਸਮਾਂ ਆਉਣ ਉੱਤੇ ਉਹਨਾਂ ਅੰਗਰੇਜ਼ ਦਾ ਸਾਥ ਦਿੱਤਾ। ਜੰਗ ਹਿੰਦ ਪੰਜਾਬ ਦਾ ਹੋਣ ਲੱਗਾ ..ਕਟਕ ਚੜ੍ਹੇ ਹਿੰਦੋਸਤਾਨੀ ਪੂਰਬੀ ਦੱਖਣੀ ਜੀ।

1880 ਵਿੱਚ ਓਸ ਵੇਲੇ ਦੇ ਹਿੰਦੂ ਆਗੂਆਂ ਨੇ ਆਪਣੇ ਜਲਸੇ ਵਿੱਚ ਜਨਤਕ ਤੌਰ ਉੱਤੇ ‘ਦਸਾਂ ਪਾਤਸ਼ਾਹੀਆਂ ਦੀ ਜੋਤ ਗੁਰੂ ਗ੍ਰੰਥ’ ਦੀ ਰੱਜ ਕੇ, ਬੇਹੂਦਾ ਪੁਣੇ ਵਿੱਚ ਪੂਰਾ ਭਿੱਜ ਕੇ, ਬੇਅਦਬੀ ਕੀਤੀ। 1911 ਦੇ ਕਰੀਬ ਜਲੰਧਰ ਦੇ ਰਹਿਤੀਏ ਸਿੱਖਾਂ ਦੇ ਮਜਮਾ ਲਾ ਕੇ ਕੇਸ ਮੁੰਨੇ ਗਏ ਅਤੇ ਬੁਰੇ ਦੇ ਘਰ ਤੱਕ ਜਾਂਦਿਆਂ ਉਹਨਾਂ ਦੇ ਕੇਸਾਂ ਦਾ ਰੱਸਾ ਵੱਟ ਕੇ ਨਿਲਾਮ ਕੀਤਾ ਗਿਆ। ਸਿੱਖਾਂ ਨੇ ਪਰੋਪਕਾਰ ਦਾ ਰਾਹ ਫੇਰ ਵੀ ਨਾ ਤਿਆਗਿਆ ਅਤੇ ਮਾਨਵ ਭਲਾਈ ਲਈ ਅੰਗ੍ਰੇਜ਼ਾਂ ਵਿਰੁੱਧ ਆਜ਼ਾਦੀ ਦੀ ਲੜਾਈ ਇੱਕ ਵਾਰ ਫਿਰ ਨੰਗੇ ਧੜ ਲੜੀ; ਸਭ ਤੋਂ ਵੱਧ ਯੋਗਦਾਨ ਪਾਇਆ। ‘ਅਜ਼ਾਦ’ ਹੋਣ ਉੱਤੇ ਵੀ ਪੰਜਾਬੀ ਬੋਲੀ ਦੀ ਲੜਾਈ, ਪਾਣੀਆਂ ਦੀ ਲੜਾਈ ਆਦਿ ਆਦਿ ਇਕੱਲਿਆਂ ਲੜੀਆਂ। ਹਿੰਦੂ ਸਮਾਜ ਵਿਰੋਧ ਵਿੱਚ ਭੁਗਤਿਆ।

ਹਰੀ ਰਾਮ ਗੁਪਤਾ ਦਾ ਅੰਦਾਜ਼ਾ ਹੈ ਕਿ ਮੁਗ਼ਲ, ਅਫ਼ਗਾਨੀ, ਇਰਾਨੀ ਸਾਮਰਾਜਾਂ ਦਾ ਟਾਕਰਾ ਕਰਦਿਆਂ ਖ਼ਾਲਸੇ ਨੇ ਤਕਰੀਬਨ ਪੰਜ ਲੱਖ ਸ਼ਹੀਦੀਆਂ ਪਾਈਆਂ। ਸਮਕਾਲੀ ਅੰਦਾਜ਼ਾ ਹੈ ਕਿ ਮੌਜੂਦਾ ਇੰਤਜ਼ਾਮੀਆ ਅਧੀਨ ਇਸ ਤੋਂ ਵੱਧ ਸ਼ਹੀਦੀਆਂ ਆਪਣੇ ਸੰਵਿਧਾਨਕ ਹੱਕਾਂ ਲਈ ਜੂਝਦੇ ਸਿੱਖ ਪਹਿਲੇ ਅੱਸੀ ਕੁ ਸਾਲਾਂ ਵਿੱਚ ਪਾ ਚੁੱਕੇ ਹਨ। ਓਦੋਂ ਸ਼ਹੀਦੀਆਂ ਜੰਗ ਦੇ ਮੈਦਾਨ ਵਿੱਚ ਸਾਵੇਂ ਲੜਦਿਆਂ ਹੋਈਆਂ ਸਨ। ਹੁਣ ਪੁਲਸ ਦੀਆਂ ਗੋਲ਼ੀਆਂ ਅਤੇ ਸਿੱਖ ਲਹੂ ਦੀਆਂ ਤਿਹਾਈਆਂ ਜਨੂੰਨੀ ਭੀੜਾਂ ਅਤੇ ਹਿੰਦ ਦੀ ਫ਼ੌਜ ਵੱਲੋਂ ਵਰਤਾਈਆਂ ਜਾਂਦੀਆਂ ਹਨ। ਇਹ ਸਿਲਸਿਲਾ, ਦੇਸ-ਵਿਦੇਸ਼, ਅਜੇ ਵੀ ਜਾਰੀ ਹੈ।

ਉਪਰੋਕਤ ਸਭ ਏਸ ਲਈ ਲਿਖਣਾ ਪਿਆ ਕਿ ਏਸ ਪਿੱਠ-ਭੂਮੀ ਵਿੱਚ ਜਦੋਂ ਸਿੱਖ ਯੋਧਿਆਂ, ਬੰਦਾ ਸਿੰਘ ਬਹਾਦਰ, ਸਾਹਿਬਜ਼ਾਦਿਆਂ ਆਦਿ ਨੂੰ ਚੋਰੀ ਕਰ ਕੇ ਆਪਣੀ ਸਿਆਸਤ ਲਈ ਵਰਤਣ ਦੀਆਂ ਕੋਸ਼ਿਸ਼ਾਂ ਹੁੰਦੀਆਂ ਹਨ ਤਾਂ ਯਕੀਨ ਮੰਨੋ ਕਿ ਤੁਹਾਡੇ ਟੁਕੜਬੋਚਾਂ ਤੋਂ ਇਲਾਵਾ ਕੋਈ ਇੱਕ ਵੀ ਸਿੱਖ ਗੁੰਮਰਾਹ ਨਹੀਂ ਹੁੰਦਾ। ਗੁਰੂ ਹਰਕ੍ਰਿਸ਼ਨ ਦੀ ਉਮਰ ਦੇ ਬਾਬੇ ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ ਬਾਲ ਨਹੀਂ ਸਨ। ਉਹ ਤੁਹਾਡੀ ਰੀਤ ਅਨੁਸਾਰ ‘ਵੀਰ’ ਵੀ ਨਹੀਂ ਸਨ। ਜੇ ‘ਵੀਰਾਂ’ ਦੀ ਘਾਟ ਮਹਿਸੂਸ ਕਰਦੇ ਹੋ ਤਾਂ ਅਸੀਂ ਸਾਵਰਕਰ ਵਰਗਾ ਵੱਡਾ ‘ਵੀਰ’ ਪੰਜਾਬ ਕੇਸਰੀ ਲਾਲਾ ਲਾਜਪਤ ਰਾਇ ਪੇਸ਼ ਕਰ ਸਕਦੇ ਹਾਂ ਜਿਸਦੀ ਸ੍ਵੈ ਜੀਵਨੀ ਓਸ ਦੀ ‘ਵੀਰਤਾ’ ਦੀ ਗਵਾਹ ਹੈ। ਖੰਭਾਂ ਦੀਆਂ ਡਾਰਾਂ ਬਣਾਉਣ ਦੀ ਮੁਹਾਰਤ ਰੱਖਣ ਵਾਲੇ ਤੁਸੀਂ ਓਸ ਨੂੰ, ਇੱਛਾ ਅਨੁਸਾਰ, ਕੁਝ ਵੀ ਬਣਾ ਸਕਦੇ ਹੋਂ।

‘ਬਲੀਦਾਨ’ ਵਾਲੇ ਸ਼ਹਾਦਤ ਦੇ ਮਹਾਤਮ ਨੂੰ ਨਹੀਂ ਜਾਣ ਸਕਦੇ। ‘ਹਾਲੇ ਦਿਲ ਤੁਝ ਸੇ ਕਿਆ ਕਹੂੰ ਐ ਜ਼ਾਹਿਦ। ਹਾਏ ਕਮਬਖ਼ਤ ! ਤੂਨੇ ਕਭੀ ਪੀ ਹੀ ਨਹੀਂ।’ ਸ਼ਹਾਦਤ ਕੇਵਲ ਅਕਾਲਪੁਰਖ ਦੇ ਸੰਸਾਰ-ਕਲਿਆਣਕਾਰੀ ਆਸ਼ੇ ਦੀ ਪੂਰਤੀ ਲਈ ਦਿੱਤੀ ਜਾਂਦੀ ਹੈ; ਕੇਵਲ ਸੱਚੇ ਸਾਹਿਬ ਦੇ ਤਾਮੀਰ ਕੀਤੇ ਮਾਨਵੀ ਵਿਵਹਾਰ ਦੇ ਮਾਪਦੰਡਾਂ ਦੀ ਪੂਰਤੀ ਅਤੇ ਰੱਖਿਆ ਲਈ ਦਿੱਤੀ ਜਾਂਦੀ ਹੈ; ਧਰਤੀ ਮਾਂ ਦੀ ਪਤ ਰੱਖਣ ਹਿਤ ਦਿੱਤੀ ਜਾਂਦੀ ਹੈ। ਸ਼ਹਾਦਤ ਦੇ ਮੁਕਾਮ ਦੇ ਨੇੜੇ ਪਹੁੰਚ ਕੇ ਹਰ ਪ੍ਰਾਣੀ ਅਕਾਲਪੁਰਖ ਨਾਲ ਮੁਕੰਮਲ ਤੌਰ ਉੱਤੇ ਅਭੇਦ ਹੁੰਦਾ ਹੈ। ਸ਼ਹੀਦੀ ਅਕਾਲ ਪੁਰਖ ਦੀ ਰਹਿਮਤ ਦਾ ਜਲੌਅ ਹੈ, ਧਾਰਮਕ ਮਨੁੱਖ ਦੇ ਸੁੱਚੇ ਇਖ਼ਲਾਕ ਦਾ ਸਿਖ਼ਰ ਹੈ। ਏਸ ਦਾ ਸਫਰ ਦਰਗਾਹ ਵਿੱਚ ਨਾਨਕ ਗੁਰੂ ਪ੍ਰਮੇਸ਼ਰ ਨੂੰ ਪੇਸ਼ ਕੀਤੇ ਅੰਮ੍ਰਿਤ ਦੇ ਕਟੋਰੇ ਤੋਂ ਸ਼ੁਰੂ ਹੁੰਦਾ ਹੈ ਅਤੇ ਨਾਨਕ ਦਸਮੇਸ਼ ਦੇ ਖੰਡੇ ਬਾਟੇ ਵਿੱਚ ਦੀ ਹੁੰਦਾ ਹੋਇਆ ਪਰਲੋ ਤੱਕ ਅਖੰਡ ਜੀਵਨਦਾਨੀ ਧਾਰ ਬਣ ਕੇ ਵਗਦੇ ਰਹਿਣ ਦੀ ਸਲਾਹੀਅਤ ਰੱਖਦਾ ਹੈ। ਇਹ ਓਦੋਂ ਤੱਕ ਵਗਦਾ ਰਹੇਗਾ ਜਦੋਂ ਤੱਕ ਹਰ ਪ੍ਰਾਣੀ ਅਕਾਲ ਰੂਪ ਧਾਰ ਕੇ ਸ੍ਰਿਸ਼ਟੀ ਦੀ ਸੇਵਾ ਵਿੱਚ ਨਹੀਂ ਜੁਟ ਜਾਂਦਾ। ਬੰਧਨ ਤੋੜੈ ਮੁਕਤਿ ਹੋਇ ਸਚੇ ਰਹੈ ਸਮਾਇ (ਸੋਰਠ ਮ: 3, 644)। ਏਸ ਆਖ਼ਰੀ ਪੜਾਅ ਉੱਤੇ ਆ ਕੇ ਸ਼ਹਾਦਤਾਂ ਦੀ ਲੋੜ ਨਹੀਂ ਰਹੇਗੀ। ਅਗਾਂਹ ਅਕਾਲ ਫਤਹਿ ਦਾ ਡੰਕਾ, ਅਨਹਦ ਨਾਦ ਬਣ ਕੇ, ਸਦਾ ਗੂੰਜਦਾ ਰਹੇਗਾ। ਇਹ ਸਿੱਖੀ ਦੇ ਤਸੱਵਰ ਦਾ ਸਤਯੁੱਗ ਹੈ।

ਪਾਠਕਾਂ ਲਈ ਵਿਸ਼ੇਸ਼ ਸੂਚਨਾ

ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵੱਲੋਂ ਪਾਠਕਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਨਵੀਂ ਵੈਬਸਾਈਟ

www.amritsartimes.live

ਸ਼ੁਰੂ ਕੀਤੀ ਗਈ ਹੈ। ਜਿਸ ਵਿੱਚ ਦੇਸ਼ ਵਿਦੇਸ਼ ਵਿੱਚ ਹਰ ਦਿਨ ਵਾਪਰਦੀਆਂ ਘਟਨਾਵਾਂ ਦਾ ਵੇਰਵਾ, ਪੰਥਕ ਖ਼ਬਰਾਂ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਮਾਹਿਰ ਵਿਦਵਾਨਾਂ ਦੇ ਲੇਖ, ਵਿਸ਼ੇਸ਼ ਟਿੱਪਣੀਆਂ, ਕਵਰ ਸਟੋਰੀਆਂ, ਕਹਾਣੀਆਂ ਅਤੇ ਹੋਰ ਬਹੁਤ ਕੁਝ ਜਾਣਕਾਰੀ ਭਰਪੂਰ ਦੇਣ ਦਾ ਯਤਨ ਕੀਤਾ ਗਿਆ ਹੈ। ਇਕ ਵਾਰ ਜ਼ਰੂਰ ਵਿਜ਼ਟ ਕਰੋ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
LIKE & SHARE
www.amritsartimes.live
Please like and share

## ਜਨਮ ਦਿਵਸ ’ਤੇ ਵਿਸ਼ੇਸ਼



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਬਾਬਾ ਦੀਪ ਸਿੰਘ ਜੀ ਸ਼ਹੀਦ

ਸਿੱਖ ਧਰਮ ਇਕ ਸਮਾਜ ਸੁਧਾਰ ਲਹਿਰ ਹੈ। ਮਾਨਵਵਾਦੀ ਸੋਚ ਹੈ ਕਿ ਸਿੱਖ ਧਰਮ ਤੇ ਚਲਦਿਆਂ ਆਪਣੀ ਸਵੈ ਰੱਖਿਆ ਅਤੇ ਸਵੈਮਾਣ ਵਾਲਾ ਜੀਵਨ ਜਿਊਣ ਲਈ ਤਿਆਰ ਹੋਣ। ਸਿਆਸੀ ਤਾਕਤ ਜਨ ਸਾਧਾਰਨ ਨੂੰ ਹਾਸਲ ਹੋਵੇ। ਇਸ ਲਈ ਦ੍ਰਿੜ ਨਿਸ਼ਚੇ ਵਾਲੀ ਅਗਵਾਈ ਦੀ ਜ਼ਰੂਰਤ ਸੀ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਗ੍ਰਹਿਸਥ ਨੂੰ ਰੂਹਾਨੀ ਵਿਸਥਾਰ ਮੰਨਿਆ। ਸਮਾਜ ਨੂੰ ਝੂਠੇ ਕਰਮਕਾਂਡਾਂ ਵਿਚੋਂ ਕੱਢ ਕੇ ਸਾਵੀਂ ਪੱਧਰੀ ਜੀਵਨ ਜਾਚ ਸਿਖਾਈ। ਸਿੱਖ ਗੁਰੂ ਸਾਹਿਬਾਨ ਨੇ ਨਾਬਰਾਬਰੀ ਵਾਲੇ ਸਮਾਜ ਦੀ ਧਾਰਮਿਕ, ਸਮਾਜਿਕ ਤੇ ਸਿਆਸੀ ਦਸ਼ਾ ਨੂੰ ਬਦਲਿਆ। ਉਨ੍ਹਾਂ ਨੇ ਬੇਗਰਜ਼ ਸੇਵਾ ਤੇ ਜ਼ੋਰ ਦਿੱਤਾ। ਸਮਾਜ ਨੂੰ ਜਾਤ ਪਾਤ ਦੇ ਬੰਧਨਾਂ ਤੋਂ ਉਪਰ ਚੁੱਕ ਕੇ ਮਾਨਵਵਾਦੀ ਇਨਕਲਾਬ ਨਾਲ ਜੋੜ ਦਿੱਤਾ। ਸਮੇਂ ਦੀਆਂ ਮੁਗਲ ਹਕੂਮਤਾਂ ਨੇ ਸਿੱਖੀ ਨੂੰ ਖਤਮ ਕਰਨ ਲਈ ਹਰ ਅਣਮਨੁੱਖੀ ਹੀਲਾ ਵਰਤਿਆ। ਮੁਗਲ ਹਾਕਮਾਂ ਦੀ ਜਬਰੀ ਧਰਮ ਪਰਿਵਰਤਨ ਦੀ ਖ਼ੂਨੀ ਨੀਤੀ ਨੇ ਸਮਾਜਿਕ ਇਖਲਾਕ ਨੂੰ ਭਾਰੀ ਸੱਟ ਮਾਰੀ।

ਗੁਰੂ ਗੋਬਿੰਦ ਸਿੰਘ ਜੀ ਨੇ ਮਾਨਵੀ ਬਰਾਬਰੀ ਲਈ ਖ਼ਾਲਸਾ ਪੰਥ ਸਾਜ ਕੇ ਮੁਗਲ ਸਾਮਰਾਜ ਦੇ ਧਾਰਮਿਕ ਅਤੇ ਸਿਆਸੀ ਅਤਿਆਚਾਰ ਵਿਰੁਧ ਸੰਘਰਸ਼ ਕੀਤਾ। ਇਸ ਸਿਆਸੀ ਉਥਲ ਪੁਥਲ ਵਿਚ ਗੁਰੂ ਸਾਹਿਬ ਜੀ ਨੂੰ ਅਨੰਦਪੁਰ ਛੱਡਣਾ ਪਿਆ। ਉਪਰੰਤ ਚਮਕੌਰ ਅਤੇ ਮੁਕਤਸਰ ਦੇ ਜੰਗ ਹੋਏ। ਗੁਰੂ ਸਾਹਿਬ ਜੀ ਤੋਂ ਬਾਅਦ ਡੇਢ ਸਾਲ ਵਿਚ ਹੀ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਸਰਹਿੰਦ ਫਤਹਿ ਕਰ ਲਿਆ। ਜੂਨ 9,1716 ਨੂੰ ਬਾਬਾ ਜੀ ਦੀ ਸ਼ਹੀਦੀ ਤੋਂ ਬਾਅਦ ਸਿੰਘਾਂ ਤੇ ਜ਼ੁਲਮ ਹੋਰ ਵੀ ਵਧ ਗਏ। ਪਰ ਖਾਲਸੇ ਨੇ ਗੁਰੂ ਗ੍ਰੰਥ ਸਾਹਿਬ ਜੀ ਤੇ ਨਿਸ਼ਚੈ ਰੱਖਿਆ। ਦ੍ਰਿੜ ਇਰਾਦੇ ਅਤੇ ਬਹਾਦਰੀ ਨਾਲ ਸਿੱਖ ਸੰਘ ਸੰਗਠਿਤ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਜੀ ਨੇ 12 ਮਿਸਲਾਂ ਨੂੰ ਇਕੱਠਾ ਕਰਕੇ ਵਿਸ਼ਾਲ ਖ਼ਾਲਸਾ ਰਾਜ ਸਥਾਪਤ ਕਰ ਲਿਆ। ਮਿਸਲ ਸ਼ਹੀਦਾਂ ਦੇ ਬਾਨੀ ਬਾਬਾ ਦੀਪ ਸਿੰਘ ਜੀ ਸਨ। ਇਸ ਮਿਸਲ ਦੇ ਕੋਲ ਸ਼ਾਹਜਾਦਪੁਰ, ਕੇਸਮੀ, ਰਣਖੰਡੀ, ਬੜਥਾ, ਜਮਾਈ-ਸਹਾਰਨਪੁਰ ਦੇ ਇਲਾਕੇ ਸਨ। ਆਪ ਜੀ ਦਾ ਜਨਮ 26 ਜਨਵਰੀ 1682 ਈ. ਪਿੰਡ ਪਹੂਵਿੰਡ ਜ਼ਿਲ੍ਹਾ ਤਰਨ ਤਾਰਨ ਦੇ ਸਾਧਾਰਣ ਪਰਿਵਾਰ ਭਾਈ ਜਗਤੂ ਅਤੇ ਮਾਤਾ ਜਿਊਣੀ ਦੇ ਘਰ ਹੋਇਆ। ਆਪ ਜੀ ਦਾ ਨਾਉਂ ਦੀਪਾ ਰੱਖਿਆ ਗਿਆ। ਜਦੋਂ 18 ਸਾਲ ਦੇ ਸਨ ਤਾਂ ਉਹ ਆਪਣੇ ਮਾਤਾ ਪਿਤਾ ਨਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਸ਼ਨਾਂ ਲਈ ਅਨੰਦਪੁਰ ਗਏ ਸਨ। ਕੁਝ ਦਿਨਾਂ ਬਾਅਦ ਉਨ੍ਹਾਂ ਦੇ ਮਾਪੇ ਤਾਂ ਪਿੰਡ ਪਰਤ ਗਏ ਪਰ ਗੁਰੂ ਸਾਹਿਬ ਜੀ ਨੇ ਦੀਪੇ ਨੂੰ ਆਪਣੇ ਕੋਲ ਹੀ ਰੱਖ ਲਿਆ। ਨੌਜਵਾਨ ਦੀਪੇ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ ਤੇ ਨਾਂ ਦੀਪ ਸਿੰਘ ਹੋ ਗਿਆ।

ਉਨ੍ਹਾਂ ਨੇ ਸਾਸ਼ਤਰ ਅਤੇ ਸ਼ਸਤਰ ਵਿਦਿਆ ਵਿਚ ਮਾਨਤਾ ਪ੍ਰਾਪਤ ਕਰ ਲਈ। ਤਦ 22 ਸਾਲ ਦੀ ਉਮਰ ਵਿਚ ਵਿਦਵਾਨ ਭਾਈ ਮਨੀ ਸਿੰਘ ਜੀ ਪਾਸੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ। ਆਪ ਇਕ ਅਭਿਆਸੀ ਸੰਤ ਸਿਪਾਹੀ ਸਨ। ਗਠੀਲਾ ਸਰੀਰ, ਮਜਬੂਤ ਇਰਾਦਾ, ਸੂਰਮੇ ਜਿਹਾ ਜਲਾਲ ਅਤੇ ਨਿਪੁੰਨ ਯੋਧੇ, ਵਿਦਵਾਨ ਲਿਖਾਰੀ ਅਤੇ ਕੀਰਤਨੀਏ ਬਣ ਗਏ। ਕੁਝ ਸਮੇਂ ਲਈ ਪਿੰਡ ਪਰਤ ਗਏ ਸਨ। ਉੱਥੇ ਉਨ੍ਹਾਂ ਆਪਣੇ ਇਲਾਕੇ ਵਿਚ ਸਿੱਖ ਧਰਮ ਦਾ ਬੜਾ ਪ੍ਰਚਾਰ ਕੀਤਾ। ਸੰਗਤਾਂ ਵਿਚ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰ-ਪਿਤਾ ਤੇਗ ਬਹਾਦਰ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤਾ ਤਾਂ ਬਾਬਾ ਦੀਪ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨਾਲ ਸਹਿਯੋਗ ਕੀਤਾ। ਆਪ ਜੀ ਨੇ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਚਾਰ ਤਖਤਾਂ ਨੂੰ ਭੇਜੇ ਸਨ।

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਦੱਖਣ ਵੱਲ ਵਧਣਾ ਸੀ, ਤਾਂ ਦਮਦਮਾ ਸਾਹਿਬ ਦੀ ਜਿੰਮੇਵਾਰੀ ਬਾਬਾ ਜੀ ਨੂੰ ਸੌਂਪ ਦਿੱਤੀ ਸੀ। ਜੰਗੀ ਜੀਵਨ ਵਿਚ ਬਾਬਾ ਜੀ ਨੇ ਬਾਬਾ ਬੰਦਾ ਸਿੰਘ ਜੀ ਬਹਾਦਰ ਨਾਲ ਜੰਗਾਂ ਵਿਚ ਹਿੱਸਾ ਲਿਆ ਅਤੇ ਭਰਪੂਰ ਸਾਥ ਦਿੱਤਾ। ਬਾਬਾ ਜੀ ਦੀ ਬਹਾਦਰੀ ਤੋਂ ਦੁਸ਼ਮਣ ਡਰ ਕੇ ਦੌੜ ਜਾਂਦੇ ਸਨ। ਆਪ ਜੀ ਦਾ ਜਥਾ ‘ਸ਼ਹੀਦੀ ਜਥਾ’ ਵਜੋਂ ਮਸ਼ਹੂਰ ਹੋਇਆ। ਸੰਨ੍ਹ 1738 ਵਿਚ ਜ਼ਕਰੀਆ ਖਾਨ ਨੇ ਅੰਮ੍ਰਿਤਸਰ ਦੇ ਸਾਰੇ ਰਸਤੇ ਬੰਦ ਕਰ ਦਿੱਤੇ। ਸਿੰਘ ਮਾਲਵੇ ਵਲ ਵਧ ਗਏ। ਇਸ ਤੋਂ ਬਾਅਦ ਹੋਈਆਂ ਝੜਪਾਂ ਵਿਚ ਲਖਪਤ ਰਾਏ ਦਾ ਭਤੀਜਾ ਦੁਨੀ ਚੰਦ ਮਾਰਿਆ ਗਿਆ। ਜ਼ਕਰੀਆ ਖਾਨ ਖੁਦ ਮੈਦਾਨ ਵਿਚ ਉਮਰ ਆਇਆ। ਸੈਂਕੜੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ। ਭਾਈ ਮਨਜੀ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਅਗਸਤ 14, 1740 ਨੂੰ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਨੇ ਮੱਸੇ ਰੰਗੜ ਜੋ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਬੇਅਦਬੀ ਦਾ ਦੋਸ਼ੀ ਸੀ, ਨੂੰ ਸਬਕ ਸਿਖਾਉਣ ਲਈ ਬੀਕਾਨੇਰ ਤੋਂ ਤੁਰੇ ਤਾਂ ਉਹ ਰਸਤੇ ਵਿਚ ਬਾਬਾ ਜੀ ਕੋਲ ਦਮਦਮਾ ਸਾਹਿਬ ਠਹਿਰੇ ਅਤੇ ਮੱਸੇ ਰੰਗੜ ਦਾ ਸਿਰ ਨੇਜੇ ਤੇ ਟੰਗ ਕੇ ਵਾਪਸੀ ਤੇ ਵੀ ਦਮਦਮਾ ਸਾਹਿਬ ਠਹਿਰੇ ਸਨ।

ਅਹਿਮਦ ਸ਼ਾਹ ਅਬਦਾਲੀ ਨੇ1755-56 ਵਿਚ ਚੌਥੀ ਵਾਰ ਭਾਰਤ ਤੇ ਹਮਲਾ ਕੀਤਾ। ਉਸ ਦੇ ਸੈਨਿਕ ਸੋਨਾ ਚਾਂਦੀ ਅਤੇ ਹੋਰ ਕੀਮਤੀ ਸਾਮਾਨ ਅਤੇ ਹਜ਼ਾਰਾਂ ਔਰਤਾਂ ਵੀ ਲੈ ਤੁਰੇ। ਬਾਬਾ ਜੀ ਦਾ ਜਥਾ ਮਾਰਕੰਡਾ ਨਦੀ ਤੇ ਤਾਇਨਾਤ ਸੀ। ਸਿੰਘਾਂ ਨੇ ਅਬਦਾਲੀ ਦੇ ਸਿਪਾਹੀਆਂ ਤੇ ਹਮਲਾ ਕਰ ਦਿੱਤਾ। ਸਾਰਾ ਸਾਮਾਨ ਲੁੱਟ ਲਿਆ ਅਤੇ ਔਰਤਾਂ ਨੂੰ ਸੁਰੱਖਿਅਤ ਉਨ੍ਹਾਂ ਦੇ ਘਰ ਪਹੁੰਚਾਇਆ।

ਅਬਦਾਲੀ ਨੇ 1757 ਵਿਚ ਜਹਾਨ ਖਾਨ ਨੂੰ ਅੰਮ੍ਰਿਤਸਰ ਦਾ ਹਾਕਮ ਨਿਯੁਕਤ ਕੀਤਾ। ਉਸ ਨੇ ਮਈ 1757 ਵਿਚ ਅੰਮ੍ਰਿਤਸਰ ਨੂੰ ਲੁੱਟਿਆ। ਅੰਮ੍ਰਿਤਸਰ ਦੇ ਮੁਖੀ ਜਮਾਲ ਖਾਂ ਨੇ ਦਰਬਾਰ ਸਾਹਿਬ ਦੀ ਬੇਅਦਬੀ ਅਤੇ ਪਵਿੱਤਰ ਸਰੋਵਰ ਨੂੰ ਵੀ ਪੂਰ ਦਿੱਤਾ। ਉਸ ਨੇ ਰਾਮਰੌਣੀ ਦੇ ਕਿਲੇ ਨੂੰ ਵੀ ਢਾਹ ਦਿੱਤਾ। ਇਸ ਬੇਪਤੀ ਦੀ ਖਬਰ ਬਾਬਾ ਜੀ ਨੇ ਜਥੇਦਾਰ ਭਾਗ ਸਿੰਘ ਜੀ ਤੋਂ ਤਲਵੰਡੀ ਸਾਬੋ ਮਿਲੀ ਤਾਂ ਬਾਬਾ ਜੀ ਨੇ ਰੋਹ ਵਿਚ ਆ ਕੇ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਐਲਾਨ ਕਰ ਦਿੱਤਾ। ਉਨ੍ਹਾਂ ਸਿੰਘਾਂ ਨੂੰ ਕਿਹਾ ਚਲੋ ਹੁਣ ਬੰਦੀ ਛੋੜ ਦਿਵਸ ਅੰਮ੍ਰਿਤਸਰ ਹੀ ਮਨਾਇਆ ਜਾਵੇਗਾ। ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਹੇਠ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਰੱਖਿਆ ਲਈ ਇਕੱਠੇ ਹੋ ਗਏ। ਉਹ ਜਥਾ ਅੰਮ੍ਰਿਤਸਰ ਵਲ ਵਧ ਪਿਆ। ਰਸਤੇ ਵਿਚੋ ਜਦੋਂ ਤਰਨ ਤਾਰਨ ਪਹੁੰਚੇ ਤਾਂ ਸਿੰਘਾਂ ਦੀ ਗਿਣਤੀ 5000 ਹੋ ਗਈ। ਬਾਬਾ ਜੀ ਨੇ ਵੰਗਾਰਿਆ ਕਿ ਇਸ ਧਰਮ ਯੁੱਧ ਵਿਚ ਜੋ ਮਰ ਮਿਟਣ ਅਤੇ ਸ਼ਹੀਦ ਹੋਣ ਲਈ ਤਿਆਰ ਹਨ ਤਾਂ ਉਹ ਹੀ ਸਾਡੇ ਨਾਲ ਤੁਰਨ। ਸਾਰੇ ਸਿੰਘ ਬਾਬਾ ਜੀ ਨਾਲ ਤੁਰ ਪਏ।

ਜਹਾਨ ਖਾਂ ਨੇ ਵੀ 20000 ਦੀ ਫੌਜ ਲੈ ਕੇ ਤਰਨ ਤਾਰਨ ਵਲ ਵਧਣਾ ਸ਼ੁਰੂ ਕਰ ਦਿੱਤਾ। ਅੰਮ੍ਰਿਤਸਰ ਤੋਂ ਪੰਜ ਮੀਲ ਦੂਰ ਪਿੰਡ ਗੋਹਲਵਾਲ ਜਾ ਕੇ ਬਾਬਾ ਜੀ ਨੇ ਦੁਸ਼ਮਣ ਦੀ ਫੌਜ ਨੂੰ ਲਲਕਾਰਿਆ ਜਿੱਥੇ ਗੁਰਦੁਆਰਾ ‘ਲਲਕਾਰ ਸਾਹਿਬ’ ਸਥਿਤ ਹੈ। ਜਹਾਨ ਖਾਨ ਨੇ ਵੀ ਅਤਾਈ ਖਾਨ ਨੂੰ ਹਮਲਾ ਕਰਨ ਦਾ ਹੁਕਮ ਦੇ ਦਿੱਤਾ। ਜਹਾਨ ਖਾਨ ਆਪ ਵੀ ਘੋੜ ਸਵਾਰ ਫੌਜ ਲੈ ਕੇ ਗੋਹਲਵਾਲ ਪਹੁੰਚ ਗਿਆ। ਸਿੰਘਾਂ ਅਤੇ ਅਫ਼ਗਾਨਾਂ ਵਿਚ ਲਹੂ ਡੋਲਵੀਂ ਜੰਗ ਹੋਈ। ਅਫ਼ਗਾਨ ਫੌਜ ਸਿੰਘਾਂ ਦਾ ਸਾਹਮਣਾ ਨਾ ਕਰ ਸਕੀ। ਗਹਿਗੱਚ ਜੰਗ ਹੋਈ। ਸਿੰਘ ਇਕ ਇਕ ਕਰਕੇ ਸ਼ਹੀਦ ਹੋਣ ਲੱਗੇ। ਜੰਗ ਹੁਣ ਚਰਮ-ਸੀਮਾ ਤੇ ਆ ਕੇ ਹੋਰ ਵੀ ਭਿਅੰਕਰ ਹੋ ਗਈ। ਦੂਰ ਦੂਰ ਤੱਕ ਲਾਸ਼ਾਂ ਦੇ ਢੇਰ ਸਨ। ਇਸ ਸਮੇਂ ਤੱਕ ਯਾਕੂਬ ਖਾਂ ਅਤੇ ਸਾਬਕ ਅਲੀ ਖਾਂ ਵੀ ਮੁਕਾਬਲੇ ਤੇ ਆ ਗਏ। ਸਿੰਘ ਏਨੀ ਬਹਾਦਰੀ ਨਾਲ ਲੜੇ ਕਿ ਦੁਸ਼ਮਣ ਦੀਆਂ ਫੌਜਾਂ ਚਾਰੇ ਪਾਸਿਆਂ ਤੋਂ ਭੱਜਣ ਲੱਗੀਆਂ। ਸਿੰਘ ਅੰਮ੍ਰਿਤਸਰ ਵਲ ਵਧਦੇ ਗਏ। ਬਾਬਾ ਜੀ ਆਪਣਾ 18 ਸੇਰ ਦਾ ਖੰਡਾ (ਦੋਧਾਰੀ ਤਲਵਾਰ) ਖੜਕਾਉਂਦੇ ਰਾਮਸਰ ਕੋਲ ਪਹੁੰਚ ਗਏ। ਉਹ ਵੈਰੀਆਂ ਨੂੰ ਮੁਕਾਉਂਦੇ ਜਾ ਰਹੇ ਸਨ।

ਯਾਕੂਬ ਖਾਂ ਅਤੇ ਬਾਬਾ ਜੀ ਵਿਚਕਾਰ ਫਸਵੀਂ ਟੱਕਰ ਹੋਈ। ਬਾਬਾ ਜੀ ਦੇ ਵਾਰ ਨਾਲ ਯਾਕੂਬ ਖਾਂ ਢੇਰੀ ਹੋ ਗਿਆ। ਤਕ ਅਸਮਾਨ ਖਾਂ ਜੰਗ ਦੇ ਮੈਦਾਨ ਵਿਚ ਆ ਗਿਆ। ਬਾਬਾ ਜੀ ਦੀ ਉਸ ਨਾਲ ਆਹਮੋ-ਸਾਹਮਣੇ ਟੱਕਰ ਹੋ ਗਈ। ਇਕ ਸਾਂਝੇ ਵਾਰ ਵਿਚ ਅਸਮਾਨ ਖਾਂ ਮਾਰਿਆ ਗਿਆ। ਬਾਬਾ ਜੀ ਦੀ ਗਰਦਨ ਤੇ ਡੂੰਘਾ ਫੱਟ ਲੱਗਾ। ਉਨ੍ਹਾਂ ਦੀ ਗਰਦਨ ਲਗਭਗ ਵੱਖ ਹੋਣ ਤੇ ਸੀ। ਬਾਬਾ ਜੀ ਨੇ ਖੱਬੇ ਹੱਥ ਦੀ ਟੇਕ ਨਾਲ ਸੀਸ ਨੂੰ ਸੰਭਾਲਿਆ ਅਤੇ ਸੱਜੇ ਹੱਥ ਨਾਲ ਖੰਡਾ ਖੜਕਾਉਂਦੇ ਲੜਦੇ ਗਏ। ਦੁਸ਼ਮਣਾਂ ਦੇ ਆਹੂ ਲਾਹੁੰਦੇ ਗਏ। ਸੱਚਖੰਡ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਤੱਕ ਜਾ ਪਹੁੰਚੇ। ਬਾਬਾ ਜੀ 15 ਨਵੰਬਰ 1757 ਨੂੰ ਸੱਚਖੰਡ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਵਿਚ ਸ਼ਹੀਦੀ ਪਾ ਗਏ।

ਬਾਬਾ ਜੀ ਇਕ ਸੰਜਮੀ ਯੋਧੇ ਸਨ। ਦੁਸ਼ਮਣ ਉਨ੍ਹਾਂ ਦੀ ਬਹਾਦਰੀ ਤੋਂ ਥਰ ਥਰ ਕੰਬਦੇ ਸਨ। ਉਨ੍ਹਾਂ ਨੂੰ ਆਪਣੀ ਬਹਾਦਰੀ ਦਾ ਹੰਕਾਰ ਨਹੀਂ ਸੀ। ਉਹ ਆਪਣੇ ਸਾਥੀ ਸਿੰਘਾਂ ਨਾਲ ਹਰਿਮੰਦਰ ਸਾਹਿਬ ਜੀ ਦੀ ਮਰਯਾਦਾ ਨੂੰ ਬਹਾਲ ਰੱਖਣ ਲਏ ਸ਼ਹੀਦ ਹੋਏ। ਉਹ ਬਹਾਦਰ ਅਤੇ ਦਲੇਰ ਸ਼ਹੀਦ ਵਜੋਂ ਯਾਦ ਕੀਤੇ ਜਾਂਦੇ ਹਨ। ਉਨ੍ਹਾਂ ਨੇ ਕੌਮ ਨੂੰ ਜੁਲਮ ਦੇ ਵਿਰੁਧ ਲੜਦੇ ਰਹਿਣ ਲਈ ਉਤਸ਼ਾਹਤ ਕੀਤਾ। ਉਨ੍ਹਾਂ ਦਾ ਯਾਦ ਵਿਚ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਵਾਲੀ ਛੱਤ ਤੇ ਜਿੱਥੇ ਉਨ੍ਹਾਂ ਨੇ ਆਪਣਾ ਸੀਸ ਭੇਟ ਕੀਤਾ, ਗੁਰਦੁਆਰਾ ਸਾਹਿਬ ਹੈ। ਦੂਜਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਸ਼ਹੀਦ ਗੁਰਦੁਆਰਾ ਰਾਮਸਰ ਦੇ ਨੇੜੇ ਜਿੱਥੇ ਦੇਹ ਸਸਕਾਰ ਹੋਇਆ ਸੁਸ਼ੋਭਿਤ ਹੈ। ਬਾਬਾ ਜੀ ਦਾ ਦੋਧਾਰੀ ਖੰਡਾ ਅਕਾਲ ਤਖਤ ਸਾਹਿਬ ਜੀ ਦੇ ਸਸਤਰਾਂ ਵਿਚ ਸੰਭਾਲਿਆ ਪਿਆ ਹੈ। ਹਰ ਰੋਜ਼ ਸ਼ਾਮ ਨੂੰ ਸ਼ਸਤਰਾਂ ਦੇ ਦਰਸ਼ਨ ਬੜੀ ਸ਼ਰਧਾ ਭਾਵਨਾ ਨਾਲ ਸੰਗਤਾਂ ਨੂੰ ਕਰਵਾਏ ਜਾਂਦੇ ਹਨ।

ਅੰਤਿਕਾ : ਹੇ ਭਾਈ ਜੇ ਤੈਨੂੰ ਪ੍ਰਭੂ ਦੀ ਖੇਡ ਖੇਡਣ ਦਾ ਸ਼ੌਕ ਹੈ ਤਾਂ ਆਪਣਾ ਸਿਰ ਤਲੀ ’ਤੇ ਰੱਖ ਕੇ ਮੇਰੀ ਗਲੀ ਵਿਚ ਆ। ਲੋਕ ਲਾਜ਼ ਨੂੰ ਛੱਡ ਕੇ, ਹਉਮੈ ਦੂਰ ਕਰਕੇ ਆ। ਪ੍ਰਭੂ ਪ੍ਰੀਤ ਦੇ ਇਸ ਰਸਤੇ ’ਤੇ ਤਦੇ ਹੀ ਪੈਰ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਂ ਕੀਤਾ ਜਾਵੇ, ਪਰ ਕੋਈ ਝਿਜਕ ਨਾਂਹ ਕੀਤੀ ਜਾਵੇ। ਜਦੋਂ ਬਿਨਾਂ ਝਿਜਕ ਦੇ ਲੋਕ ਲਾਜ਼ ਅਤੇ ਹਉਮੈ ਛੱਡੀ ਜਾਵੇ। ਅੰਗ-1412

# ਮਹਾਨ ਜਰਨੈਲ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ

ਅਵਤਾਰ ਸਿੰਘ ਆਨੰਦ

ਬਾਬਾ ਦੀਪ ਸਿੰਘ ਜੀ ਦਾ ਜਨਮ 26 ਜਨਵਰੀ 1682 ਨੂੰ ਤਰਨ ਤਾਰਨ ਜ਼ਿਲ੍ਹੇ ਦੇ ਸਰਹੱਦੀ ਪਿੰਡ ਪਹੂਵਿੰਡ ਵਿੱਚ ਮਾਤਾ ਜਿਊਣੀ ਜੀ ਅਤੇ ਪਿਤਾ ਭਗਤਾ ਜੀ ਦੇ ਘਰ ਹੋਇਆ। 1699 ਵਿੱਚ ਜਦੋਂ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਖੇ ਸਿੱਖ ਸੰਗਤ ਨੂੰ ਆਉਣ ਲਈ ਆਖਿਆ ਸੀ ਤਾਂ ਉਸ ਸਮੇਂ ਬਾਬਾ ਦੀਪ ਸਿੰਘ ਜੀ ਆਪਣੇ ਮਾਤਾ-ਪਿਤਾ ਨਾਲ ਸ੍ਰੀ ਆਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਏ ਸਨ। ਉਦੋਂ ਹੀ ਉਨ੍ਹਾਂ ਨੇ ਅੰਮ੍ਰਿਤ ਦੀ ਦਾਤ ਹਾਸਲ ਕੀਤੀ। ਕਾਫ਼ੀ ਸਮਾਂ ਉਹ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੀ ਗੁਰੂ ਗੋਬਿੰਦ ਸਿੰਘ ਜੀ ਕੋਲ ਰਹੇ।

ਬਾਬਾ ਦੀਪ ਸਿੰਘ ਜੀ ਨੇ ਭਾਈ ਮਨੀ ਸਿੰਘ ਨਾਲ ਵੀ ਕਾਫੀ ਸਮਾਂ ਗੁਜ਼ਾਰਿਆ। ਇਥੇ ਹੀ ਉਨ੍ਹਾਂ ਨੇ ਗੁਰਮੁਖੀ ਪੜ੍ਹਨੀ ਤੇ ਲਿਖਣੀ ਸਿੱਖੀ। ਨਾਲ ਹੀ ਉਨ੍ਹਾਂ ਸ਼ਸਤਰ ਵਿਦਿਆ ਵੀ ਹਾਸਲ ਕੀਤੀ। ਬਾਬਾ ਜੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦਾ ਆਪਣੇ ਹੱਥਾਂ ਨਾਲ ਉਤਾਰਾ ਕਰ ਕੇ ਵੱਖ-ਵੱਖ ਥਾਵਾਂ ’ਤੇ ਭੇਜਿਆ ਕਰਦੇ। ਬਾਬਾ ਜੀ ਨੇ ਗੁਰੂ ਸਾਹਿਬਾਨ ਦੀ ਬਾਣੀ ਤੇ ਸ਼ਬਦਾਂ ਦੀ ਵਿਆਖਿਆ ਕੀਤੀ।

ਦੋ ਸਾਲ ਆਨੰਦਪੁਰ ਸਾਹਿਬ ਰਹਿ ਕੇ ਉਹ ਆਪਣੇ ਪਿੰਡ ਪਰਤ ਆਏ। ਇਧਰ ਆਨੰਦਪੁਰ ਸਾਹਿਬ ਨੂੰ ਘੇਰਾ ਪੈ ਗਿਆ ਤਾਂ ਗੁਰੂ ਜੀ ਨੇ ਕਿਲ੍ਹਾ ਖਾਲੀ ਕਰ ਦਿੱਤਾ। ਬਾਬਾ ਦੀਪ ਸਿੰਘ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲੇ ਅਤੇ ਆਨੰਦਪੁਰ ਸਾਹਿਬ ਦੇ ਸਮੇਂ ਨਾਲ ਨਾ ਰਹਿਣ ਦੀ ਮੁਆਫ਼ੀ ਮੰਗੀ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਗਲ ਨਾਲ ਲਾਇਆ ਅਤੇ ਕਿਹਾ, ‘ਆਪ ਦੇ ਹਿੱਸੇ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਅਜੇ ਬਾਕੀ ਹਨ, ਜੋ ਤੁਸੀਂ ਪੂਰੀਆਂ ਕਰਨੀਆਂ ਹਨ।’

ਧੀਰਮੱਲੀਏ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਦੇਣ ਤੋਂ ਮੁੱਕਰ ਗਏ ਤਾਂ ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਨੂੰ ਸੇਵਾ ਸੌਂਪ ਕੇ ਬੀੜ ਤਿਆਰ ਕਰਵਾਈ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਲ ਕੀਤੀ। ਬਾਬਾ ਜੀ ਨੇ ਉਸ ਬੀੜ ਦਾ ਪਾਠ ਸਿੱਖਾਂ ਨੂੰ ਅਰਥਾਂ ਸਮੇਤ ਪੜ੍ਹਾਇਆ। ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਤੋਂ ਦੱਖਣ ਨੂੰ ਜਾਣ ਲੱਗੇ ਤਾਂ ਉਨ੍ਹਾਂ ਨੇ ਭਾਈ ਮਨੀ ਸਿੰਘ ਨੂੰ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੀ ਸੇਵਾ-ਸੰਭਾਲ ਲਈ ਭੇਜ ਦਿੱਤਾ ਅਤੇ ਬਾਬਾ ਦੀਪ ਸਿੰਘ ਤਲਵੰਡੀ ਸਾਬੋ ਵਿਖੇ ਰਹਿ ਕੇ ਗੁਰਬਾਣੀ ਲਿਖਵਾਉਣ ਅਤੇ ਪੜ੍ਹਾਉਣ ਦੀ ਸੇਵਾ ਕਰਨ ਲੱਗੇ।

1748 ਨੂੰ ਵਿਸਾਖੀ ਵਾਲੇ ਦਿਨ ਦਲ ਖਾਲਸਾ ਦੇ 65 ਜਥਿਆਂ ਨੂੰ 12 ਮਿਸਲਾਂ ਵਿਚ ਪੁਨਰਗਠਿਤ ਕੀਤਾ ਗਿਆ ਤੇ ਉਨ੍ਹਾਂ 12 ਮਿਸਲਾਂ ’ਚੋਂ ਬਾਬਾ ਦੀਪ ਸਿੰਘ ਜੀ ਨੂੰ ‘ਸ਼ਹੀਦ ਮਿਸਲ’ ਦਾ ਮੁਖੀ ਥਾਪਿਆ ਗਿਆ। ਇਸ ਤੋਂ ਪਹਿਲਾਂ ਜਦੋਂ 1746 ਈਸਵੀ ਵਿੱਚ ਯਹੀਆ ਖਾਨ ਨੇ ਦੀਵਾਨ ਲਖਪਤ ਰਾਏ ਦੀ ਅਗਵਾਈ ਵਿੱਚ ਸਿੱਖਾਂ ਵਿਰੁੱਧ ਮੁਹਿੰਮ ਸ਼ੁਰੂ ਕੀਤੀ ਸੀ ਤਾਂ ਉਹ ਉਸ ਸਮੇਂ ਆਪਣੀ ਫੌਜੀ ਟੁਕੜੀ ਲੈ ਕੇ ਤਲਵੰਡੀ ਸਾਬੋ ਅਤੇ ਕਾਨੂਵਾਲ ਦੇ ਜੰਗਲਾਂ ਵਿੱਚ ਲੜਨ ਲਈ ਪਹੁੰਚੇ ਸਨ। ਇਸ ਲੜਾਈ ਨੂੰ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ।

1756 ਈਸਵੀ ਵਿੱਚ ਅਹਿਮਦ ਸ਼ਾਹ ਅਬਦਾਲੀ ਨੇ ਭਾਰਤ ’ਤੇ ਚੌਥਾ ਹਮਲਾ ਕੀਤਾ। ਜਦੋਂ ਉਹ ਇੱਥੇ ਲੁੱਟ ਕਰ ਕੇ ਕਾਬਲ ਪਰਤ ਰਿਹਾ ਸੀ ਤਾਂ ਬਾਬਾ ਦੀਪ ਸਿੰਘ ਦੀ ‘ਸ਼ਹੀਦ ਮਿਸਲ’ ਨੇ ਕੁਰੂਕਸ਼ੇਤਰ ਦੇ ਕੋਲ ਪਿਪਲੀ ਅਤੇ ਮਾਰਕੰਡੇ ਦੇ ਦਰਿਆ ਤੋਂ ਲਗਭਗ ਤਿੰਨ ਸੌ ਔਰਤਾਂ ਦੇ ਨਾਲ ਨਾਲ ਬਹੁਤ ਸਾਰਾ ਕੀਮਤੀ ਸਮਾਨ ਵਾਪਸ ਕਰਵਾਇਆ। ਇਸ ਦਾ ਬਦਲਾ ਲੈਣ ਲਈ ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਲਾਹੌਰ ਦਾ ਗਵਰਨਰ ਨਿਯੁਕਤ ਕਰ ਕੇ ਸਿੱਖਾਂ ਨੂੰ ਖ਼ਤਮ ਕਰਨ ਅਤੇ ਗੁਰਦੁਆਰਿਆਂ ਨੂੰ ਢਾਹੁਣ ਦਾ ਕੰਮ ਸ਼ੁਰੂ ਕਰ ਦਿੱਤਾ। ਇਸ ਬਾਰੇ ਪਤਾ ਲੱਗਣ ’ਤੇ ਬਾਬਾ ਦੀਪ ਸਿੰਘ ਨੇ ਤੈਮੂਰ ਸ਼ਾਹ ਨਾਲ ਦੋ ਹੱਥ ਕਰਨ ਦਾ ਫ਼ੈਸਲਾ ਕਰ ਲਿਆ।

ਬਾਬਾ ਜੀ ਦਮਦਮਾ ਸਾਹਿਬ ਤੋਂ 500 ਸਿੰਘਾਂ ਦਾ ਜਥਾ ਲੈ ਕੇ ਅੰਮ੍ਰਿਤਸਰ ਸਾਹਿਬ ਵੱਲ ਤੁਰ ਪਏ। ਅੰਮ੍ਰਿਤਸਰ ਤਕ ਆਉਂਦਿਆਂ ਇਹ ਜਥਾ ਪੰਜ ਹਜ਼ਾਰ ਸਿੰਘਾਂ ਦਾ ਹੋ ਗਿਆ। ਤਰਨ ਤਾਰਨ ਤੋਂ ਥੋੜੀ ਦੂਰ ਆ ਕੇ ਉਨ੍ਹਾਂ ਆਪਣੀ ਤਲਵਾਰ ਨਾਲ ਜ਼ਮੀਨ ’ਤੇ ਲਕੀਰ ਖਿੱਚੀ ਅਤੇ ਕਿਹਾ ਕਿ ਜਿਹੜੇ ਸਿੰਘ ਕੁਰਬਾਨੀਆਂ ਲਈ ਤਿਆਰ ਹਨ, ਉਹ ਇਹ ਲਕੀਰ ਟੱਪ ਕੇ ਉਨ੍ਹਾਂ ਵੱਲ ਆ ਜਾਣ ਅਤੇ ਜਿਨ੍ਹਾਂ ਨੇ ਘਰ ਜਾਣਾ ਹੈ, ਉਹ ਦੂਜੇ ਪਾਸੇ ਹੀ ਰਹਿਣ। ਇਸ ਦੌਰਾਨ ਕਾਫੀ ਸਿੰਘ ਬਾਬਾ ਜੀ ਨਾਲ ਤੁਰੇ।

ਲਾਹੌਰ ਦਰਬਾਰ ਵਿੱਚ ਜਦੋਂ ਪਤਾ ਲੱਗਾ ਤਾਂ ਜਹਾਨ ਖਾਨ ਨੇ ਘਬਰਾ ਕੇ ਇਸ ਲੜਾਈ ਨੂੰ ‘ਇਸਲਾਮ ਖਤਰੇ ਵਿੱਚ ਹੈ’ ਕਹਿ ਕੇ 20 ਹਜ਼ਾਰ ਫ਼ੌਜੀਆਂ ਨਾਲ ਅੰਮ੍ਰਿਤਸਰ ਵੱਲ ਕੂਚ ਕਰ ਦਿੱਤਾ। ਸਿੰਘ ਇਸ ਵੇਲੇ ਆਰ-ਪਾਰ ਦੀ ਲੜਾਈ ਲਈ ਤੁਲੇ ਹੋਏ ਸਨ। ਬਾਬਾ ਦੀਪ ਸਿੰਘ ਅਤੇ ਬਾਕੀ ਸਿੱਖ ਅਜਿਹੀ ਬਹਾਦਰੀ ਨਾਲ ਜੰਗ ਦੇ ਮੈਦਾਨ ਵਿੱਚ ਨਿੱਤਰੇ ਕਿ ਜਹਾਨ ਖਾਨ ਦੀ ਫੌਜ ਵਿੱਚ ਭਾਜੜ ਮਚ ਗਈ। ਦੂਜੇ ਪਾਸੇ ਜਹਾਨ ਖਾਨ ਦਾ ਨਾਇਬ ਫ਼ੌਜੀ ਜਮਾਲ ਸ਼ਾਹ ਅੱਗੇ ਵਧਿਆ ਅਤੇ ਬਾਬਾ ਜੀ ਨੂੰ ਲਲਕਾਰਨ ਲਗਾ। ਦੋਹਾਂ ਵਿੱਚ ਘਮਾਸਾਨ ਲੜਾਈ ਹੋਈ। ਉਸ ਸਮੇਂ ਬਾਬਾ ਦੀਪ ਸਿੰਘ ਜੀ ਦੀ ਉਮਰ 75 ਸਾਲ ਦੀ ਸੀ, ਜਦੋਂ ਕਿ ਜਮਾਲ ਸ਼ਾਹ ਦੀ ਉਮਰ ਲਗਭਗ 40 ਸਾਲ ਸੀ। ਬਾਬਾ ਜੀ ਨੇ ਪੈਂਤਰਾ ਬਦਲ ਕੇ ਇੱਕ ਖੰਡੇ ਦਾ ਵਾਰ ਜਮਾਲ ਸ਼ਾਹ ਦੀ ਗਰਦਨ ’ਤੇ ਕੀਤਾ ਪਰ ਇਸ ਦੌਰਾਨ ਜਮਾਲ ਸ਼ਾਹ ਨੇ ਬਾਬਾ ਜੀ ’ਤੇ ਵੀ ਪੂਰੇ ਜੋਸ਼ ਨਾਲ ਤਲਵਾਰ ਦਾ ਵਾਰ ਕਰ ਦਿੱਤਾ, ਜਿਸ ਕਾਰਨ ਦੋਹਾਂ ਦੀਆਂ ਗਰਦਨਾਂ ਇੱਕੋ ਵੇਲੇ ਜ਼ਮੀਨ ’ਤੇ ਡਿੱਗ ਪਈਆਂ। ਉਦੋਂ ਕੋਲ ਖੜ੍ਹੇ ਬਾਬਾ ਦਿਆਲ ਸਿੰਘ ਨੇ ਬਾਬਾ ਜੀ ਨੂੰ ਕਿਹਾ, ‘ਖਾਲਸਾ ਜੀ ਤੁਸੀਂ ਤਾਂ ਕਿਹਾ ਸੀ ਕਿ ਮੈਂ ਆਪਣਾ ਸਿਰ ਗੁਰੂ ਰਾਮਦਾਸ ਜੀ ਦੇ ਚਰਨਾਂ ਵਿੱਚ ਭੇਟ ਕਰਾਂਗਾ। ਤੁਸੀ ਤਾਂ ਇੱਥੇ ਰਸਤੇ ਵਿੱਚ ਸਰੀਰ ਤਿਆਗ ਰਹੇ ਹੋ ?’ ਉਸੇ ਵੇਲੇ ਬਾਬਾ ਜੀ ਉਠ ਖੜ੍ਹੇ ਹੋਏ ਅਤੇ ਆਪਣਾ ਖੰਡਾ ਅਤੇ ਕੱਟਿਆ ਹੋਇਆ ਸੀਸ ਹਥੇਲੀ ’ਤੇ ਚੁੱਕ ਕੇ ਦਰਬਾਰ ਸਾਹਿਬ ਵੱਲ ਚਾਲੇ ਪਾ ਦਿੱਤੇ। ਇਸ ਢੰਗ ਨਾਲ ਰਣਭੂਮੀ ਵਿੱਚ ਜੂਝਦੇ ਹੋਏ ਵੇਖ ਕੇ ਦੁਸ਼ਮਣ ਫ਼ੌਜਾਂ ਵਿੱਚ ਭਗਦੜ ਮਚ ਗਈ।

ਆਪਣੇ ਦੋਧਾਰੀ 18 ਸੇਰ ਦੇ ਖੰਡੇ ਨਾਲ ਦੁਸ਼ਮਣ ਫੌਜ ਨਾਲ ਲੜਦੇ ਹੋਏ ਬਾਬਾ ਜੀ ਅੰਤ ਦਰਬਾਰ ਸਾਹਿਬ ਪਹੁੰਚ ਗਏ। ਪਰਿਕਰਮਾ ਵਿੱਚ ਜਾ ਕੇ ਗੁਰੂਘਰ ਨੂੰ ਨਮਸਕਾਰ ਕੀਤਾ ਅਤੇ ਉਥੇ ਹੀ ਉਹ 13 ਨਵੰਬਰ 1757 ਨੂੰ ਸ਼ਹੀਦੀ ਪ੍ਰਾਪਤ ਕਰ ਗਏ।

# ਮੁਸਕਰਾਹਟ ਨਾਲ ਸਵਾਗਤ ਕਰਨਾ ਇਨਸਾਨ ਹੋਣ ਦੀ ਅਮੀਰੀ

**ਗੁਰਬਿੰਦਰ ਸਿੰਘ ਮਾਣਕ**



ਜੀਵਨ ਦੇ ਮਾਰਗ 'ਤੇ ਵਿਚਰਦਿਆਂ ਹਰ ਮਨੁੱਖ ਦਾ ਨਿੱਤ ਦਿਨ ਅਨੇਕਾਂ ਲੋਕਾਂ ਨਾਲ ਵਾਹ-ਵਾਸਤਾ ਪੈਂਦਾ ਹੈ। ਇੱਕ-ਦੂਜੇ ਨਾਲ ਮਨੁੱਖ ਕਿਹੋ ਜਿਹਾ ਵਿਹਾਰ ਕਰਦਾ ਹੈ, ਇਹ ਅਕਸਰ ਹੀ ਹਰ ਕੋਈ ਦੇਖਦਾ-ਪਰਖਦਾ ਹੈ। ਘਰ 'ਚ ਆਏ ਪ੍ਰਾਹੁਣਿਆਂ ਨੂੰ ਖਿੜੇ ਮੱਥੇ ਜੀ ਆਇਆਂ ਕਹਿ ਕੇ ਸਵਾਗਤ ਕਰਨਾ ਮਨੁੱਖੀ ਸੂਝ ਤੇ ਸਲੀਕੇ ਦੀ ਅਮੀਰੀ ਹੁੰਦੀ ਹੈ। ਇਸ 'ਤੇ ਕੋਈ ਖ਼ਰਚ ਨਹੀਂ ਆਉਂਦਾ ਪਰ ਆਉਣ ਵਾਲਿਆਂ 'ਤੇ ਇਸ ਵਿਹਾਰ ਦਾ ਬਹੁਤ ਡੂੰਘਾ ਅਸਰ ਹੁੰਦਾ ਹੈ। ਉਂਝ ਤਾਂ ਕਿਸੇ ਘਰ, ਦਫ਼ਤਰ, ਅਦਾਰੇ 'ਚ ਵੀ ਕੋਈ ਜਾਵੇ, ਤਾਂ ਹਰ ਬੰਦਾ ਇਹੀ ਤਵੱਕੋ ਕਰਦਾ ਹੈ ਕਿ ਉਸ ਨਾਲ ਚੰਗਾ ਵਿਹਾਰ ਕੀਤਾ ਜਾਵੇ। ਮਨੁੱਖੀ ਸੂਝ-ਸਮਝ ਤੇ ਸਲੀਕਾ ਵੀ ਇਹੋ ਮੰਗ ਕਰਦਾ ਹੈ ਕਿ ਹਰ ਕਿਸੇ ਨਾਲ ਇਨਸਾਨੀਅਤ ਭਰਿਆ ਸਲੂਕ ਕੀਤਾ ਜਾਵੇ। ਇੱਥੇ ਇਹ ਵੀ ਜ਼ਰੂਰੀ ਹੈ ਕਿ ਚਾਹੁੰਦਾ ਹਰ ਕੋਈ ਹੈ ਕਿ ਉਸ ਨਾਲ ਦੂਜਾ ਬੰਦਾ ਸੱਭਿਅਕ ਵਰਤਾਓ ਕਰੇ ਪਰ ਆਪ ਕਈ ਵਾਰ ਬੰਦਾ ਦੂਜੇ ਨਾਲ ਖਰ੍ਹਵਾ ਬੋਲ ਕੇ ਆਪਣੀ ਪਛਾਣ ਕਰਵਾ ਦਿੰਦਾ ਹੈ। ਉਂਝ ਖਿੜੇ ਚਿਹਰੇ ਤੇ ਮੁਸਕਰਾਹਟ ਨਾਲ ਕਿਸੇ ਦਾ ਸਵਾਗਤ ਕਰਨਾ ਇਨਸਾਨ ਹੋਣ ਦੀ ਅਮੀਰੀ ਹੈ।

ਕਿਸੇ ਘਰ ਜਦੋਂ ਕੋਈ ਵਿਆਹ-ਸ਼ਾਦੀ, ਭੋਗ ਜਾਂ ਕੋਈ ਹੋਰ ਸਮਾਗਮ ਹੁੰਦਾ ਹੈ ਤਾਂ ਮੇਜ਼ਬਾਨ ਘਰ ਦੀਆਂ ਬਰੂਹਾਂ 'ਤੇ ਖੜ੍ਹੇ ਹੋ ਕੇ ਆਏ ਪ੍ਰਾਹੁਣਿਆਂ ਦਾ ਹੱਥ ਜੋੜ ਕੇ ਤੇ ਮੁਸਕਰਾ ਕੇ ਸਵਾਗਤ ਕਰਦੇ ਹਨ ਤੇ ਜੀ ਆਇਆਂ ਕਹਿ ਕੇ ਮਹਿਮਾਨਾਂ ਨੂੰ ਇਹੀ ਅਹਿਸਾਸ ਕਰਵਾਉਂਦੇ ਹਨ ਕਿ ਤੁਸੀਂ ਇਸ ਸਮਾਗਮ 'ਚ ਸ਼ਾਮਿਲ ਹੋ ਕੇ ਸਾਡਾ ਮਾਣ ਵਧਾਇਆ ਹੈ। ਆਮ ਤੌਰ 'ਤੇ ਘਰਾਂ ਵਿਚ ਹੁੰਦੇ ਸਮਾਗਮਾਂ ਸਮੇਂ ਤਾਂ ਸਟੇਜ ਸਕੱਤਰ ਪਰਿਵਾਰ ਵੱਲੋਂ ਇਕੱਠ ਵਿਚ ਬੈਠਿਆਂ ਨੂੰ ਜੀ ਆਇਆਂ ਕਹਿ ਕੇ ਆਪਣੀ ਗੱਲ ਸ਼ੁਰੂ ਕਰਦਾ ਹੈ। ਅੰਤ 'ਚ ਸਭ ਦਾ ਧੰਨਵਾਦ ਕਰਨ ਦਾ ਵੀ ਇਹੀ ਮਕਸਦ ਹੁੰਦਾ ਹੈ ਕਿ ਤੁਹਾਡੀ ਆਮਦ ਨੇ ਇਸ ਖ਼ੁਸ਼ੀਆਂ ਭਰੇ ਸਮਾਗਮ ਨੂੰ ਚਾਰ ਚੰਨ ਲਾ ਦਿੱਤੇ ਹਨ। ਸਮੇਂ ਦੇ ਬਦਲਣ ਨਾਲ ਪੈਲੇਸੀ ਸੱਭਿਆਚਾਰ ਨੇ ਬਹੁਤ ਕੁਝ ਬਦਲ ਦਿੱਤਾ ਹੈ। ਹੁਣ ਤਾਂ ਕਈ ਵਾਰ ਘਰ ਵਾਲਿਆਂ ਨੂੰ ਰੁਝੇਵਿਆਂ ਕਾਰਨ ਬਹੁਤੇ ਪ੍ਰਾਹੁਣਿਆਂ ਨੂੰ ਜੀ ਆਇਆਂ ਕਹਿਣ ਦਾ ਮੌਕਾ ਹੀ ਨਹੀਂ ਮਿਲਦਾ। ਹੁਣ ਕੋਈ ਇਹ ਉਡੀਕ ਨਹੀਂ ਕਰਦਾ ਕਿ ਉਸ ਨੂੰ ਚਾਹ-ਪਾਣੀ ਜਾਂ ਰੋਟੀ ਖਾਣ ਲਈ ਕੋਈ ਬੇਨਤੀ ਕਰੇ। ਹਰ ਮਹਿਮਾਨ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਇਹ ਜ਼ਿੰਮੇਵਾਰੀ ਆਪ ਹੀ ਨਿਭਾਈ ਜਾਂਦਾ ਹੈ। ਕਈ ਵਾਰ ਤਾਂ ਘਰ ਵਾਲਿਆਂ ਦੇ ਦਰਸ਼ਨ ਹੀ ਨਹੀਂ ਹੁੰਦੇ।

ਪੁਰਾਣੇ ਸਮਿਆਂ 'ਚ ਕਿਸੇ ਵਿਸ਼ੇਸ਼ ਮਹਿਮਾਨ ਦੀ ਆਮਦ ਸਮੇਂ ਘਰ ਵਾਲੇ ਮੁੱਖ ਦਰਵਾਜ਼ੇ ਦੀਆਂ ਬਰੂਹਾਂ 'ਤੇ ਸਰ੍ਹੋਂ ਦਾ ਤੇਲ ਚੋਅ ਕੇ ਉਸ ਨੂੰ ਜੀ ਆਇਆਂ ਕਹਿੰਦੇ ਸਨ। ਅਜੇ ਵੀ ਕਿਤੇ-ਕਿਤੇ ਇਹ ਰਸਮ ਨਿਭਾਈ ਜਾਂਦੀ ਹੈ। ਆਉਣ ਵਾਲੇ ਪ੍ਰਾਹੁਣੇ ਨੂੰ ਇਹ ਅਹਿਸਾਸ ਕਰਵਾਇਆ ਜਾਂਦਾ ਸੀ ਕਿ ਤੁਹਾਡਾ ਆਉਣਾ ਸਾਡੇ ਸਿਰ ਮੱਥੇ ਹੈ। ਬਦਲ ਰਹੇ ਸਮਿਆਂ ਦੀ ਬਦੌਲਤ ਪ੍ਰਾਹੁਣੇ ਵੀ ਹੁਣ ਕਦੇ-ਕਦਾਈਂ ਹੀ ਆਉਂਦੇ ਹਨ। ਇਸ ਸਬੰਧੀ ਵੀ ਪਹਿਲਾਂ ਮੋਬਾਈਲ 'ਤੇ ਸਹਿਮਤੀ ਤੇ ਸਮਾਂ ਲੈ ਕੇ ਹੀ ਅਗਲਾ ਆਉਂਦਾ ਹੈ। ਹੁਣ ਲੋਕ ਪਹਿਲਾਂ ਵਰਗੇ ਮਹਿਮਾਨ-ਨਿਵਾਜ਼ ਵੀ ਨਹੀਂ ਰਹੇ। ਘਰ ਆਏ ਨੂੰ ਕੋਈ ਹੱਸ ਕੇ ਬੁਲਾ ਲਵੇ ਤਾਂ ਇਹੀ ਗਨੀਮਤ ਹੈ। ਮੋਬਾਇਲ 'ਤੇ ਤਾਂ ਭਾਵੇਂ ਰੋਜ਼ ਹੀ 'ਗੁੱਡ ਮੋਰਨਿੰਗ' ਦੇ ਸੁਨੇਹੇ ਤੇ ਨਕਲੀ ਫੁੱਲਾਂ ਦੇ ਗੁਲਦਸਤੇ ਭੇਜੇ ਜਾਂਦੇ ਹੋਣ ਪਰ ਘਰ ਬਿਨਾਂ ਦੱਸੇ ਤੇ ਬੇਵਕਤ ਆਏ ਨੂੰ ਬਹੁਤੇ ਲੋਕ ਚੰਗਾ ਨਹੀਂ ਸਮਝਦੇ।

ਕਿਸੇ ਸਕੂਲ, ਕਾਲਜ, ਯੂਨੀਵਰਸਿਟੀ, ਦਫ਼ਤਰ ਜਾਂ ਅਦਾਰੇ 'ਚ ਜਦੋਂ ਕਦੇ ਕੋਈ ਨਵਾਂ ਅਧਿਆਪਕ, ਪ੍ਰਿੰਸੀਪਲ, ਅਧਿਕਾਰੀ ਤੇ ਮੁਲਾਜ਼ਮ ਪਹਿਲੇ ਦਿਨ ਆਉਂਦਾ ਹੈ ਤਾਂ ਉਸ ਨੂੰ ਉਸ ਦੇ ਦਫ਼ਤਰ ਵੱਲੋਂ ਰਸਮੀ ਤੌਰ 'ਤੇ ਜੀ ਆਇਆਂ ਕਹਿ ਕੇ ਉਸ ਦਾ ਸਵਾਗਤ ਕੀਤਾ ਜਾਂਦਾ ਹੈ। ਉਸ ਨੂੰ ਦਫ਼ਤਰ ਵੱਲੋਂ ਉਸ ਦੇ ਕੰਮ ਦੇ ਤੌਰ-ਤਰੀਕੇ ਤੇ ਸਾਥੀ ਕਰਮਚਾਰੀਆਂ ਨਾਲ ਮੁਲਾਕਾਤ ਕਰਵਾਈ ਜਾਂਦੀ ਹੈ, ਤਾਂ ਜੋ ਉਹ ਸਾਰਿਆਂ ਨਾਲ ਰਚ-ਮਿਚ ਸਕੇ। ਕੰਮ ਭਾਵੇਂ ਸਰਕਾਰੀ ਹੋਵੇ ਜਾਂ ਪ੍ਰਾਈਵੇਟ, ਹਰ ਥਾਂ ਸੁਚਾਰੂ ਰੂਪ ਵਿਚ ਨਿਰਵਿਘਨ ਤੇ ਸਫਲਤਾਪੂਰਵਕ ਕੰਮ ਦਾ ਮਹੌਲ ਸਿਰਜਣ ਲਈ ਇੱਕ-ਦੂਜੇ ਨਾਲ ਮੇਲ-ਮਿਲਾਪ ਤੇ ਸੰਵਾਦ ਜ਼ਰੂਰੀ ਸ਼ਰਤ ਹੈ। ਅਕਸਰ ਹੀ ਦੇਖਦੇ ਹਾਂ ਕਿ ਸਾਹਿਤਕ-ਸੱਭਿਆਚਾਰਕ ਸਮਾਗਮਾਂ ਸਮੇਂ ਪ੍ਰਬੰਧਕਾਂ ਵੱਲੋਂ ਸਭ ਤੋਂ ਪਹਿਲਾਂ ਹਾਜ਼ਰੀਨ ਨੂੰ ਨਿੱਘੀ ਜੀ ਆਇਆਂ ਕਹਿ ਕੇ ਸਮਾਗਮ 'ਚ ਹਾਜ਼ਰ ਹੋਣ ਲਈ ਸਵਾਗਤ ਕੀਤਾ ਜਾਂਦਾ ਹੈ। ਕਈ ਵਾਰ ਬੁਲਾਰਾ ਬਹੁਤ ਹੀ ਕਾਵਿਕ ਸ਼ਬਦਾਂ 'ਚ ਸੰਬੋਧਨ ਕਰ ਕੇ ਜਾਂ ਕਿਸੇ ਕਵਿਤਾ ਦੀਆਂ ਸਤਰਾਂ ਬੋਲ ਕੇ ਸਰੋਤਿਆਂ ਦਾ ਮਨ ਜਿੱਤ ਲੈਂਦਾ ਹੈ। ਕਈ ਵਾਰ ਇੰਜ ਵੀ ਹੁੰਦਾ ਹੈ ਕਿ ਜੀ ਆਇਆਂ ਕਹਿਣ ਵਾਲਾ ਸਵਾਗਤ ਕਰਨ ਦੀ ਥਾਂ ਲੋਕਾਂ ਦਾ ਧੰਨਵਾਦ ਹੀ ਕਰੀ ਜਾਂਦਾ ਹੈ, ਜਦੋਂਕਿ ਧੰਨਵਾਦ ਤਾਂ ਸਮਾਗਮ ਦੇ ਅਖ਼ੀਰ ਵਿਚ ਕੀਤਾ ਜਾਣਾ ਹੁੰਦਾ ਹੈ।

ਅਸਲ 'ਚ ਜੀ ਆਇਆਂ ਤੇ ਸਵਾਗਤ ਕੇਵਲ ਰਸਮੀ ਸ਼ਬਦ ਮਾਤਰ ਹੀ ਨਹੀਂ ਹਨ। ਜਦੋਂ ਵੀ ਕੋਈ ਕਿਸੇ ਰਿਸ਼ਤੇਦਾਰ, ਦੋਸਤ-ਮਿੱਤਰ ਜਾਂ ਕਿਤੇ ਵੀ ਕਿਸੇ ਨੂੰ ਮਿਲਣ ਜਾਂਦਾ ਹੈ ਤਾਂ ਜਦੋਂ ਮੇਜ਼ਬਾਨ ਤੁਹਾਨੂੰ ਡੂੰਘੀ ਅਪਣੱਤ ਦਿਖਾਉਂਦਿਆਂ ਧੰਨਭਾਗ ਕਹਿ ਕੇ ਘਰ ਦੀਆਂ ਬਰੂਹਾਂ ਉੱਤੇ ਖਿੜੇ ਚਿਹਰੇ ਨਾਲ ਜੀ ਆਇਆਂ ਕਹਿੰਦਾ ਹੈ ਤਾਂ ਇਹ ਸ਼ਬਦ ਮਨੁੱਖ ਦੇ ਮਨ-ਮਸਤਕ 'ਚ ਵਸ ਜਾਂਦੇ ਹਨ। ਮਨੁੱਖ ਦੇ ਚਿਹਰੇ ਦੇ ਹਾਵਾਂ-ਭਾਵਾਂ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਮੇਜ਼ਬਾਨ ਤੁਹਾਡੇ ਜਾਣ 'ਤੇ ਕਿੰਨਾ ਕੁ ਖ਼ੁਸ਼ ਹੋਇਆ ਹੈ। ਹਵਾਈ ਅੱਡਿਆਂ 'ਤੇ ਇਹ ਦ੍ਰਿਸ਼ ਅਕਸਰ ਹੀ ਦੇਖਿਆ ਜਾਂਦਾ ਹੈ ਕਿ ਵਿਦੇਸ਼ਾਂ ਵਿੱਚੋਂ ਆਉਣ ਵਾਲੇ ਆਪਣੇ ਸਕੇ-ਸਬੰਧੀਆਂ ਨੂੰ ਜੀ ਆਇਆਂ ਕਹਿਣ ਲਈ ਘਰ ਦੇ ਮੈਂਬਰ ਫੁੱਲਾਂ ਦੇ ਬੁੱਕੇ ਲੈ ਕੇ ਉਨ੍ਹਾਂ ਦਾ ਸਵਾਗਤ ਕਰਦੇ ਹਨ। ਸਹੀ ਸਲਾਮਤ ਪਹੁੰਚਣ ਦੀ ਖ਼ੁਸ਼ੀ ਵਿਚ ਮਠਿਆਈ ਖੁਆ ਕੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਕਈ ਸਾਲਾਂ ਬਾਅਦ ਜਦੋਂ ਕਦੇ ਕੋਈ ਵਿਦੇਸ਼ੋਂ ਪਰਤ ਕੇ ਪਿੰਡ ਆਉਂਦਾ ਹੈ, ਤਾਂ ਸਾਰਾ ਪਰਿਵਾਰ ਉਸ ਦਾ ਸਵਾਗਤ ਕਰਨ 'ਤੇ ਜੀ ਆਇਆਂ ਕਹਿਣ ਲਈ ਪੱਬਾਂ ਭਾਰ ਹੋਇਆ ਕਈ ਸਕੀਮਾਂ ਘੜਦਾ ਹੈ। ਘਰ ਦੇ ਵਿਛੜੇ ਜੀਆਂ ਦੇ ਆਉਣ ਦੀ ਖ਼ੁਸ਼ੀ ਮਨਾਉਂਦਿਆਂ ਫੁੱਲਾਂ ਦੇ ਗੁਲਦਸਤੇ ਭੇਟ ਕਰ ਕੇ ਉਸ ਪ੍ਰਤੀ ਆਪਣਾ ਪਿਆਰ ਤੇ ਸਤਿਕਾਰ ਨਿਛਾਵਰ ਕੀਤਾ ਜਾਂਦਾ ਹੈ। ਬਹੁਤੇ ਲੋਕ ਤਾਂ ਹੁਣ ਕਿਸੇ ਆਪਣੇ ਦੀ ਆਮਦ 'ਤੇ ਕੇਕ ਕੱਟ ਕੇ ਆਪਣੀ ਖ਼ੁਸ਼ੀ ਦਾ ਇਜ਼ਹਾਰ ਕਰਦੇ ਹਨ। ਜਦੋਂ ਕੋਈ ਖਿਡਾਰੀ ਜਾਂ ਟੀਮ ਅੰਤਰਰਾਸ਼ਟਰੀ ਮੁਕਾਬਲਿਆਂ 'ਚ ਤਗਮੇ ਲੈ ਕੇ ਦੇਸ਼ ਦਾ ਨਾਂ ਰੋਸ਼ਨ ਕਰ ਕੇ ਵਾਪਸ ਆਪਣੇ ਦੇਸ਼ ਪਰਤਦੇ ਹਨ, ਤਾਂ ਹਵਾਈ ਅੱਡੇ ਉੱਤੇ ਹੀ ਉਨ੍ਹਾਂ ਦਾ ਸਵਾਗਤ ਕਰਨ ਤੇ ਜੀ ਆਇਆਂ ਕਹਿਣ ਲਈ ਵਿਸ਼ੇਸ਼ ਅਧਿਕਾਰੀ ਪਹੁੰਚਦੇ ਹਨ। ਫੁੱਲਾਂ ਦੇ ਹਾਰ ਪਾ ਕੇ ਉਨ੍ਹਾਂ ਦੀ ਜਿੱਤ ਦਾ ਜਸ਼ਨ ਮਨਾਇਆ ਜਾਂਦਾ ਹੈ। ਹਰ ਕੋਈ ਉਨ੍ਹਾਂ ਦੀ ਪ੍ਰਾਪਤੀ 'ਤੇ ਉਨ੍ਹਾਂ ਨੂੰ ਜੀ ਆਇਆਂ ਕਹਿਣ ਲਈ ਬੇਤਾਬ ਹੋ ਜਾਂਦਾ ਹੈ। ਕਿਸੇ ਵੀ ਖੇਤਰ ਦੇ ਜੇਤੂ ਲਈ ਇਹ ਪਲ ਬਹੁਤ ਹੀ ਅਨਮੋਲ ਤੇ ਨਿਵੇਕਲੇ ਹੁੰਦੇ ਹਨ। ਕੋਈ ਵੀ ਸਮਾਗਮ ਭਾਵੇਂ ਸਰਕਾਰੀ, ਨਿੱਜੀ, ਦਫ਼ਤਰੀ ਜਾਂ ਹੋਰ ਕਿਸੇ ਤਰ੍ਹਾਂ ਦਾ ਵੀ ਹੋਵੇ, ਸਭ ਤੋਂ ਪਹਿਲਾਂ ਜੀ ਆਇਆਂ ਦੇ ਸ਼ਬਦ ਕਹਿ ਕੇ ਹੀ ਸ਼ੁਰੂਆਤ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਹੀ ਅਗਲੇਰੀ ਕਾਰਵਾਈ ਚਲਾਈ ਜਾਂਦੀ ਹੈ। ਅਸਲ 'ਚ ਇਹ ਕੇਵਲ ਕੋਈ ਰਸਮੀ ਕਾਰਵਾਈ ਹੀ ਨਹੀਂ ਹੁੰਦੀ ਸਗੋਂ ਮਨੁੱਖੀ ਸੂਝ-ਸਮਝ ਤੇ ਵਿਵੇਕ ਦਾ ਪ੍ਰਗਟਾਵਾ ਹੁੰਦੀ ਹੈ।

(ਬਾਕੀ ਸਫ਼ਾ 27 'ਤੇ)

# ਬੁੱਲ੍ਹਾਂ 'ਤੇ ਦੰਦਾਸਾ ਮੱਲ ਕੇ ...



**ਜਸਵੰਤ ਸਿੰਘ ਗੰਡਮ**

ਦੰਦਾਸਾ ਸੁਰਖ਼ੀ/ਲਿਪਸਟਿਕ ਦਾ ਅਗਰਦੂਤ ਹੈ। ਬੇਸ਼ੱਕ ਹੁਣ ਇਹ ਲੋਪ ਹੁੰਦਾ ਜਾ ਰਿਹੈ ਜਾਂ ਹੋ ਹੀ ਚੁੱਕੈ, ਕਿਸੇ ਵੇਲੇ ਇਹ ਔਰਤ ਦੇ ਸ਼ਿੰਗਾਰ ਦਾ ਅਨਿੱਖੜਵਾਂ ਅੰਗ ਰਿਹੈ। ਇਹ ਦੰਦਾਂ ਨੂੰ ਕੁਦਰਤੀ ਤੌਰ 'ਤੇ ਚਮਕਾਉਂਦਾ ਵੀ ਹੈ ਤੇ ਬੁੱਲ੍ਹਾਂ ਨੂੰ ਵਧੀਆ ਰੰਗਤ ਵੀ ਦਿੰਦਾ ਹੈ।

ਪ੍ਰੋ. ਕਿਰਪਾਲ ਕਜ਼ਾਕ ਦੁਆਰਾ ਲਿਖਿਆ 'ਪੰਜਾਬੀ ਸੱਭਿਆਚਾਰ ਸ਼ਬਦਾਵਲੀ ਕੋਸ਼' ਦੰਦਾਸਾ ਸ਼ਬਦ ਦੀ ਵਿਆਖਿਆ 'ਦੰਦ ਸਾਫ਼ ਕਰਨ ਅਤੇ ਬੁੱਲ੍ਹ ਰੰਗਣ ਲਈ ਦੰਦਾਂ 'ਤੇ ਮਲੀ ਜਾਂਦੀ ਅਖਰੋਟ ਦੇ ਰੁੱਖ ਦੀ ਛਿੱਲੜ' ਵਜੋਂ ਕਰਦਾ ਹੈ।

ਦੰਦਾਸਾ ਸੁਹਾਗਣਾਂ ਦੀ ਦਾਤਣ ਅਤੇ ਸੁੰਦਰੀਕਰਨ ਦਾ ਸਾਧਨ ਸੀ। ਉਂਝ ਦਾਤਣ ਤਾਂ ਸਾਡੀ ਉਮਰ ਦੇ ਸਭ ਕਰਦੇ ਰਹੇ ਹਨ, ਖ਼ਾਸ ਕਰਕੇ ਪਿੰਡਾਂ ਵਿੱਚ। ਅਸੀਂ ਖ਼ੁਦ ਨਿੰਮ, ਕਿੱਕਰ, ਫਲਾਹੀ, ਟਾਹਲੀ ਦੇ ਰੁੱਖਾਂ ਦੀਆਂ ਟਾਹਣੀਆਂ ਦੇ ਨਿੱਕੇ ਟੁਕੜਿਆਂ ਦੀ ਦਾਤਣ ਕਰਦੇ ਰਹੇ ਹਾਂ। ਉਨ੍ਹਾਂ ਵੇਲਿਆਂ 'ਚ ਦਾਤਣ ਹੀ ਆਮ ਤੌਰ 'ਤੇ ਦੰਦ ਸਾਫ਼ ਕਰਨ ਦਾ ਸਾਧਨ ਹੁੰਦੀ ਸੀ। ਭਾਈ ਕਾਨ੍ਹ ਸਿੰਘ ਨਾਭਾ ਦੇ ਗੁਰਸ਼ਬਦ ਰਤਨਾਕਰ ਮਹਾਨਕੋਸ਼ ਵਿੱਚ ਤਾਂ ਦਾਤਣ ਦਾ ਅਰਥ ਹੀ 'ਦੰਦ ਸਾਫ਼ ਕਰਨ ਦੀ ਕੂਚੀ' ਕੀਤਾ ਗਿਐ ਤੇ ਦੱਸਿਆ ਗਿਐ ਕਿ ਇਹ ਸ਼ਬਦ ਸੰਸਕ੍ਰਿਤ ਦੇ 'ਦੰਤਧਾਵਨ' ਤੋਂ ਆਇਐ। 'ਦਾਤਨ ਨੀਤਿ ਕਰੇਇ, ਨਾ ਦੁਖ ਪਾਵੈ ਲਾਲ ਜੀ' (ਤਨਾਮਾ)।

ਨਿੱਕੇ ਹੁੰਦਿਆਂ ਸਕੂਲਾਂ 'ਚ ਬੱਚਿਆਂ ਨੂੰ ਸਿਹਤ ਵਰਧਕ ਸਿੱਖਿਆ ਦਿੰਦਿਆਂ ਤਾਕੀਦ ਕੀਤੀ ਜਾਂਦੀ ਸੀ ਕਿ 'ਨਾਕ ਮੇਂ ਉਂਗਲੀ, ਕਾਨ ਮੇਂ ਤਿਨਕਾ ਮੱਤ ਕਰ ਮੱਤ ਕਰ ਮੱਤ ਕਰ/ ਆਂਖ ਮੇਂ ਸੁਰਮਾ, ਦਾਂਤ ਮੇਂ ਮੰਜਨ ਨਿੱਤ ਕਰ ਨਿੱਤ ਕਰ ਨਿੱਤ ਕਰ (ਮੰਜਨ ਵੀ ਦੰਦ ਸਾਫ਼ ਕਰਨ ਲਈ ਵਰਤਿਆ ਜਾਂਦਾ ਸੀ।)।

ਦੰਦਾਸਾ ਔਰਤਾਂ ਦੁਆਰਾ ਵਰਤਿਆ ਜਾਣ ਵਾਲਾ ਇੱਕ ਬਹੁਮੰਤਵੀ ਕੁਦਰਤੀ ਸ਼ਿੰਗਾਰ ਹੁੰਦਾ ਸੀ। ਅਖਰੋਟ ਦੇ ਰੁੱਖ ਦੇ ਛਿੱਲੜ (ਸੱਕ) ਨੂੰ ਚੱਬ ਕੇ ਔਰਤਾਂ ਆਪਣੇ ਬੁੱਲ੍ਹ ਲਾਲ ਕਰਦੀਆਂ ਸਨ। ਇਸ ਨੂੰ ਦੰਦਾਂ ਨੂੰ ਸਾਫ਼ ਕਰਨ, ਚਮਕਾਉਣ, ਮਜ਼ਬੂਤ ਕਰਨ ਲਈ ਅਤੇ ਕੁਦਰਤੀ ਸੁਰਖ਼ੀ/ ਲਿਪਸਟਿਕ ਵਜੋਂ ਵਰਤਿਆ ਜਾਂਦਾ ਸੀ। ਇਸ ਨਾਲ ਬੁੱਲ੍ਹ, ਦੰਦ ਅਤੇ ਬੁੱਟ/ ਮਸੂੜੇ ਹਲਕੇ ਲਾਲ ਰੰਗ ਦੇ ਹੋ ਜਾਂਦੇ ਸਨ। ਇਹ ਪੁਰਾਣੇ ਸਮੇਂ ਵਿੱਚ ਪੇਂਡੂ ਖੇਤਰਾਂ ਵਿੱਚ ਬਹੁਤ ਪ੍ਰਚੱਲਿਤ ਹੁੰਦਾ ਸੀ। ਇਸ ਦੀ ਵਰਤੋਂ ਬਹੁਤਾ ਵਿਆਹੁਤਾ ਔਰਤਾਂ ਕਰਦੀਆਂ ਸਨ। ਇਸ ਦੇ ਮਲਣ ਨਾਲ ਬੁੱਲ੍ਹਾਂ ਦੀ ਲਾਲੀ ਸ਼ੋਖ਼ ਅਤੇ ਖ਼ੁਸ਼ਕੀ ਰਹਿਤ ਹੋ ਕੇ ਲੁਭਾਉਣੀ ਲੱਗਦੀ ਸੀ।

ਇਹ ਪੁਰਾਣੇ ਜ਼ਮਾਨੇ ਦੀ ਲਿਪਸਟਿਕ ਤਾਂ ਸੀ ਹੀ, ਪਰ ਨਾਲ ਹੀ ਇਹ ਪੁਰਾਣੇ ਵੇਲਿਆਂ ਦਾ ਕੋਲਗੇਟ/ਟੁੱਥ ਬਰੱਸ਼ ਵੀ ਸੀ। ਆਯੁਰਵੇਦਿਕ ਸੁਰਖ਼ੀ, ਰੰਗਲੀ ਦਾਤਨ। ਉਨ੍ਹੀਂ ਦਿਨੀਂ ਸੁਰਖ਼ੀ/ ਲਿਪਸਟਿਕ ਆਮ ਨਹੀਂ ਸਨ ਮਿਲਦੀਆਂ। ਟੁੱਥਪੇਸਟ ਵਗੈਰਾ ਵੀ ਵਰਤੋਂ 'ਚ ਨਹੀਂ ਸਨ ਆਏ। ਸੋਹਣੇ ਲੱਗਣ ਲਈ ਵਿਆਹੁਤਾ ਔਰਤਾਂ ਨੇ ਦੰਦਾਸੇ ਨੂੰ ਦੇਸੀ ਸ਼ਿੰਗਾਰ ਸਾਧਨ ਵਜੋਂ ਅਪਣਾਇਆ। ਇਹ ਇੱਕ ਪੰਥ ਦੋ ਕਾਜ ਕਰਦਾ ਸੀ। ਦੰਦ ਵੀ ਸਾਫ਼ ਅਤੇ ਬੁੱਲ੍ਹਾਂ ਉੱਪਰ ਰੰਗਤ ਵੀ।

ਪਿੰਡਾਂ ਵਿੱਚ ਤਾਂ ਖ਼ਾਸ ਤੌਰ 'ਤੇ ਦੰਦਾਸਾ ਨਵ ਵਿਆਹੀਆਂ ਮੁਟਿਆਰਾਂ/ਸੁਹਾਗਣਾਂ ਦੇ ਸੋਲ੍ਹਾਂ ਸ਼ਿੰਗਾਰ ਦਾ ਇੱਕ ਅਨਿੱਖੜਵਾਂ ਅੰਗ ਹੁੰਦਾ ਸੀ। ਕੁਝ ਪ੍ਰਾਚੀਨ ਗ੍ਰੰਥਾਂ ਵਿੱਚ ਕਿਹਾ ਗਿਆ ਹੈ ਕਿ ਸੋਲ੍ਹਾ ਸ਼ਿੰਗਾਰ ਦੀ ਉਪਮਾ ਸ਼ਾਇਦ ਇਸ ਧਾਰਨਾ ਕਰਕੇ ਕੀਤੀ ਗਈ ਹੈ ਕਿਉਂਕਿ ਕਲਾ ਵੀ ਸੋਲ੍ਹਾਂ ਹੀ ਹੁੰਦੀਆਂ ਹਨ। ਭਾਈ ਗੁਰਦਾਸ ਜੀ ਵੀ ਇਸ ਦਾ ਜ਼ਿਕਰ ਕਰਦੇ ਹਨ, 'ਨਾਰ ਸੋਲਹ ਸੀਗਾਰ ਕਰਿ ਸੇਜ ਭਤਾਰ ਪਿਰਮ ਰਸੁ ਮਾਣੀ॥

ਪਰ ਇਹ ਸੰਸਾਰੀ ਸ਼ਿੰਗਾਰ, ਸੰਸਾਰੀ ਮੋਹ ਪਿਆਰ (ਇਸ਼ਕ ਮਿਜ਼ਾਜੀ) ਲਈ ਖਿੱਚ ਦਾ ਬਿੰਦੂ ਬਣਦੈ; ਕਰਤਾਰੀ ਪਿਆਰ (ਇਸ਼ਕ ਹਕੀਕੀ) ਜਾਂ ਪਰਮ ਪਿਤਾ ਦੇ ਮਿਲਾਪ ਲਈ ਤਾਂ ਨਾਮ ਖ਼ੁਮਾਰ ਦਾ ਸ਼ਿੰਗਾਰ ਹੀ ਦਰਕਾਰ ਹੈ।

ਖ਼ੈਰ, ਆਪਾਂ ਇੱਥੇ ਦੁਨਿਆਵੀ ਦਿੱਖ ਅਤੇ ਸੁਹੱਪਣ ਦੀ ਗੱਲ ਕਰ ਰਹੇ ਹਾਂ ਜਿਸ ਨੂੰ ਨਿਖਾਰਨ ਅਤੇ ਸ਼ਿੰਗਾਰਨ ਵਿੱਚ ਦੰਦਾਸੇ ਦਾ ਬੜਾ ਰੋਲ ਰਿਹੈ। ਇਸ ਨੇ ਔਰਤਾਂ ਦੀ ਟਸ਼ਨ, ਟੌਹਰ ਅਤੇ ਮੜ੍ਹਕ-ਤੜਕ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ।

ਦੁੱਧ ਚਿੱਟੇ ਦੰਦ ਅਤੇ ਲਾਲ ਸੁਰਖ਼ ਬੁੱਲ੍ਹ ਮੁਟਿਆਰ ਦੇ ਸੁਹੱਪਣ ਵਿੱਚ ਸੋਨੇ ਤੇ ਸੁਹਾਗੇ ਵਾਲਾ ਕੰਮ ਕਰਦੇ ਸਨ ਅਤੇ ਉਨ੍ਹਾਂ ਨੂੰ ਨਿਹਾਰਨ ਵਾਲੇ ਨੱਢੇ ਥਾਂ ਹੀ ਮਰਦੇ ਸਨ;

ਤੇਰਿਆਂ ਚਿੱਟਿਆਂ ਦੰਦਾਂ ਦਾ ਹਾਸਾ
ਚੋਬਰਾਂ ਦੀ ਜਾਨ ਲੈ ਗਿਆ।
ਉੱਤੋਂ ਭੜਥੂ ਪਾਉਂਦਾ ਦੰਦਾਸਾ
ਸਭ ਦਾ ਈਮਾਨ ਲੈ ਗਿਆ

ਦੰਦ ਮੋਤੀਆਂ ਵਰਗੇ ਹੋਣਗੇ ਤਾਂ ਨੱਢੀ ਭਲਾਂ ਖਿੜ ਖਿੜ ਕਿਉਂ ਨਾ ਹੱਸੂ? ਤੇ ਕਈ ਮੁਸ਼ਟੰਡੇ ਐਂਵੇ ਹੀ ਮਗਰ ਲੱਗੇ ਫਿਰਨਗੇ, ਕਿਉਂਕਿ ਚਿੱਟੇ ਦੰਦ ਹੱਸਣੋਂ ਨਹੀਂ ਰਹਿੰਦੇ ਤੇ ਲੋਕੀਂ ਭੈੜੇ ਸ਼ੱਕ ਕਰਦੇ।

ਦੰਦਾਸਾ ਮਲ ਕੇ ਰੂਪਵੰਤ ਨੱਢੀਆਂ ਗੱਭਰੂਆਂ ਦੇ ਧੁਰ ਧੂਹਾਂ ਪਾਉਂਦੀਆਂ ਐਂਵੇ ਤਾਂ ਨਹੀਂ 1950 ਦੀ ਇੱਕ ਫਿਲਮ 'ਚ ਮੁਹੰਮਦ ਰਫੀ ਨੇ ਗਾਇਆ ਸੀ;

ਅਜੀ ਓ ਮੁੰਡਾ ਮੋਹ ਲਿਆ ਤਵੀਤਾਂ ਵਾਲਾ
ਤੇ ਦਮੜੀ ਦਾ ਸੱਕ ਮਲ ਕੇ

ਪ੍ਰੋ. ਮੋਹਨ ਸਿੰਘ ਵਰਗਾ ਨਾਮਵਰ ਪੰਜਾਬੀ ਕਵੀ ਵੀ ਇਸ ਦਾ ਜ਼ਿਕਰ ਕਰਨੋਂ ਨਹੀਂ ਰਹਿ ਸਕਿਆ;

ਸੱਕ ਮਲਦੀਆਂ ਰਾਵੀ ਦੇ ਪੱਤਣਾਂ ਨੂੰ
ਅੱਗ ਲਾਉਣ ਲਾਹੌਰਨਾਂ ਚੱਲੀਆਂ ਨੇ

ਇੱਕ ਹੋਰ ਲੋਕ ਬੋਲੀ ਹੈ;

ਚੱਬ ਦੰਦਾਸਾ ਜੱਟੀਆਂ ਰੂਪ ਸਾਣ 'ਤੇ ਲਾਇਆ

ਮੁਹੰਮਦ ਸਦੀਕ-ਰਣਜੀਤ ਕੌਰ ਦਾ ਇੱਕ ਬੜਾ ਮਸ਼ਹੂਰ ਗੀਤ ਹੈ;

ਤਪੇ ਹਾੜ ਦਾ ਮਹੀਨਾ ਚੋਵੇ ਮੱਥੇ ਤੋਂ ਪਸੀਨਾ
ਕੀਤੇ ਤੱਤੀਆਂ ਲੋਆਂ ਨੇ ਰੰਗ ਕਾਲੇ
ਸ਼ਰਬਤ ਪਿਆ ਦੇ ਮਿੱਤਰਾ
ਬੁੱਲ੍ਹ ਸੁੱਕ ਗਏ ਦੰਦਾਸੇ ਵਾਲੇ

ਦੰਦਾਸਾ ਕਿਸੇ ਵੇਲੇ ਸੁਹਾਗਣ ਦੇ ਸ਼ਿੰਗਾਰ ਵਿੱਚ ਇੱਕ ਉੱਚ ਸੁਹਾਗ ਦੀ ਨਿਸ਼ਾਨੀ ਸਮਝਿਆ ਜਾਂਦਾ ਸੀ। ਵਿਆਹ ਤੋਂ ਪਹਿਲਾਂ ਸਹੁਰੇ ਪਰਿਵਾਰ ਵੱਲੋਂ ਜੋ ਸ਼ਿੰਗਾਰਦਾਨ (ਰਾਂਗਲੀ ਪੇਟਲੀ/ਗੁਥਲੀ) ਨੂੰਹ ਲਈ ਭੇਜਿਆ ਜਾਂਦਾ ਸੀ, ਉਸ ਵਿੱਚ ਸੁਹਾਗ ਦੇ ਚਿੰਨ੍ਹ ਵਜੋਂ ਦੰਦਾਸਾ ਲਾਜ਼ਮੀ ਹੁੰਦਾ ਸੀ। ਹਾਂ, ਨਾਲ ਸੁਰਮੇਦਾਨੀ, ਕੱਜਲ ਦੀ ਡੱਬੀ, ਮਹਿੰਦੀ ਆਦਿ ਵੀ ਹੁੰਦੀਆਂ ਸਨ।

ਅੱਜਕੱਲ੍ਹ ਉਸ ਰਾਂਗਲੀ ਗੁਥਲੀ ਦੀ ਥਾਂ ਗੂੜ੍ਹੀ, ਉੱਭਰਵੀਂ ਸੱਜ ਫੱਬ ਦੇ ਬਹੁਤ ਮਹਿੰਗੇ ਸਾਜ਼ੋ ਸਾਮਾਨ ਦੀ ਸ਼ਿੰਗਾਰ ਸਮੱਗਰੀ (ਹਾਈਐਂਡ ਮੇਕਅੱਪ ਬਾਕਸ/ ਮੇਕਅੱਪ ਵੈਨਿਟੀ) ਨੇ ਲੈ ਲਈ ਹੈ ਅਤੇ ਦੰਦਾਸੇ ਦੀ ਥਾਂ ਵੱਖ ਵੱਖ ਕਿਸਮ ਦੀਆਂ ਲਿਪਸਟਿਕਾਂ ਨੇ। ਮਹਿੰਦੀ, ਸੁਰਮਾਂ, ਕੱਜਲ ਤਾਂ ਅਜੇ ਮਾੜੇ ਮੋਟੇ ਅੜੇ ਬੈਠੇ ਹਨ, ਪਰ ਵਿਚਾਰੇ ਦੰਦਾਸੇ ਦਾ ਤਾਂ ਭੋਗ ਹੀ ਪੈ ਗਿਐ।

ਹੁਣ 'ਤਵੀਤਾਂ' ਵਾਲੇ ਮੁੰਡਿਆਂ ਨੂੰ 'ਦਮੜੀ ਦਾ ਸੱਕ ਮਲ' ਕੇ ਮੋਹਣ ਵਾਲੀਆਂ ਮੁਟਿਆਰਾਂ ਹੋਰ ਰੂਪ ਵਿੱਚ ਮੋਹਦੀਆਂ ਹਨ। ਉਂਝ ਵੀ ਜੇ ਨੱਢੀਆਂ ਦਾ ਦੰਦਾਸਾ ਨਹੀਂ ਰਿਹਾ ਤਾਂ ਚੋਬਰਾਂ ਦੇ ਤਵੀਤ ਵੀ ਕਿੰਨੇ ਕੁ ਰਹੇ ਹਨ।




# ਮਨੁੱਖੀ ਸਿਹਤ ਲਈ ਜ਼ਰੂਰੀ ਹੈ ਸ਼ੁੱਧ ਕੁਦਰਤੀ ਵਾਤਾਵਰਣ

## ਤਣਾਅ ਸਮੇਂ ਜੰਗਲਾਂ, ਦਰਿਆਵਾਂ ਅਤੇ ਕੁਦਰਤ ਵੱਲ ਦੌੜਦਾ ਹੈ ਮਨੁੱਖ



**ਬਾਬਾ ਮਾਇਆ ਰਾਮ**



ਦਰਿਆਵਾਂ ਅਤੇ ਪਹਾੜਾਂ ਨੇ ਹਮੇਸ਼ਾ ਹੀ ਮਨੁੱਖ ਨੂੰ ਆਕਰਸ਼ਿਤ ਕੀਤਾ ਹੈ। ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਜਦੋਂ ਵੀ ਕੋਈ ਬੋਰ ਜਾਂ ਤਣਾਅ ਵਿੱਚ ਹੁੰਦਾ ਹੈ ਤਾਂ ਉਹ ਜੰਗਲਾਂ ਅਤੇ ਦਰਿਆਵਾਂ ਵੱਲ ਜਾਂਦਾ ਹੈ। ਕੁਦਰਤ ਵੱਲ ਦੌੜਦਾ ਹੈ। ਉੱਥੇ ਉਸਨੂੰ ਬਹੁਤ ਸ਼ਾਂਤੀ ਅਤੇ ਤਾਕਤ ਮਿਲਦੀ ਹੈ ਅਤੇ ਆਤਮ-ਵਿਸ਼ਵਾਸ ਹੋ ਜਾਂਦਾ ਹੈ। ਨਦੀਆਂ ਦੇ ਕੰਢਿਆਂ 'ਤੇ ਬਚਪਨ ਵੀ ਖੁਸ਼ਹਾਲ ਹੁੰਦਾ ਹੈ। ਬੱਚੇ ਨਦੀ ਦੇ ਪਾਣੀ ਅਤੇ ਰੇਤ ਵਿੱਚ ਖੇਡਦੇ, ਨਹਾਉਂਦੇ ਅਤੇ ਮਸਤੀ ਕਰਦੇ ਹਨ। ਜੇਕਰ ਦਰਿਆ ਸੁੱਕ ਜਾਂਦਾ ਹੈ ਤਾਂ ਉਸ ਦੇ ਨਾਲ ਬਚਪਨ ਵੀ ਤਬਾਹ ਹੋ ਜਾਂਦਾ ਹੈ।

ਪਾਣੀ ਹੁਣ ਮੌਸਮੀ ਨਹੀਂ ਸਗੋਂ ਸਥਾਈ ਸਮੱਸਿਆ ਬਣ ਗਿਆ ਹੈ। ਸਾਡੇ ਬਹੁਤੇ ਪਿੰਡ, ਕਸਬੇ ਅਤੇ ਸ਼ਹਿਰ ਪਿਆਸੇ ਹੋ ਗਏ ਹਨ। ਉਨ੍ਹਾਂ ਨੇ ਪਾਣੀ ਲਈ ਬਾਹਰੀ ਸਰੋਤਾਂ 'ਤੇ ਨਿਰਭਰ ਹੋਣਾ ਸ਼ੁਰੂ ਕਰ ਦਿੱਤਾ ਹੈ ਪਰ ਅਤੀਤ ਵਿੱਚ ਅਜਿਹੀ ਸਥਿਤੀ ਨਹੀਂ ਸੀ।

ਕੁਝ ਸਮਾਂ ਪਹਿਲਾਂ ਤੱਕ ਅਸੀਂ ਪਾਣੀ ਦੇ ਮਾਮਲੇ ਵਿੱਚ ਖੁਸ਼ਹਾਲ ਮੰਨੇ ਜਾਂਦੇ ਸੀ। ਸਾਡੇ ਕੋਲ ਖੂਹ, ਛੱਪੜ, ਚਸ਼ਮੇ ਅਤੇ ਝੀਲਾਂ ਸਨ। ਸਦੀਵੀ ਨਦੀਆਂ ਸਨ। ਚੰਗੇ ਹਰੇ-ਭਰੇ ਜੰਗਲ ਸਨ, ਪਰ ਹੁਣ ਖੂਹ ਨਹੀਂ ਰਹੇ, ਛੱਪੜ ਘਟ ਗਏ ਹਨ ਅਤੇ ਨਦੀਆਂ ਨਹੀਂ ਬਚੀਆਂ ਹਨ। ਇੱਥੋਂ ਤੱਕ ਕਿ ਨਿੱਕੀਆਂ ਨਿੱਕੀਆਂ ਨਦੀਆਂ ਵੀ ਮੌਸਮੀ ਬਣ ਗਈਆਂ ਹਨ।

ਮੱਧ ਪ੍ਰਦੇਸ਼ ਦੇ ਸਤਪੁਰਾ ਖੇਤਰ ਦੀਆਂ ਬਹੁਤੀਆਂ ਸਦੀਵੀ ਨਦੀਆਂ ਸੁੱਕ ਗਈਆਂ ਹਨ। ਇੱਥੋਂ ਦੀਆਂ ਨਦੀਆਂ ਦੱਖਣ ਵਿੱਚ ਸਤਪੁਰਾ ਪਹਾੜਾਂ ਵਿੱਚੋਂ ਨਿਕਲਦੀਆਂ ਹਨ ਅਤੇ ਉੱਤਰ ਵਿੱਚ ਨਰਮਦਾ ਵਿੱਚ ਮਿਲਦੀਆਂ ਹਨ। ਪਰ ਇਨ੍ਹਾਂ ਦੇ ਸੁੱਕਣ ਕਾਰਨ ਨਰਮਦਾ ਵੀ ਕਮਜ਼ੋਰ ਹੋ ਗਈ ਹੈ। ਇਸ ਇਲਾਕੇ ਵਿੱਚ ਜੰਗਲ ਦੀ ਬਹੁਤਾਤ ਸੀ। ਇਹ ਹਰੇ-ਭਰੇ ਜੰਗਲ ਦਰਿਆਵਾਂ ਦੇ ਸੋਮੇ ਸਨ। ਇਸ ਲਈ ਇਨ੍ਹਾਂ ਨਦੀਆਂ ਨੂੰ ਵਨਪੁਤਰੀ ਅਤੇ ਵਣਜਾ ਵੀ ਕਿਹਾ ਜਾਂਦਾ ਹੈ। ਜਦੋਂ ਕਿ ਉੱਤਰੀ ਭਾਰਤ ਦੀਆਂ ਨਦੀਆਂ ਨੂੰ ਹਿਮਜਾ ਕਿਹਾ ਜਾਂਦਾ ਹੈ ਅਰਥਾਤ ਬਰਫ਼ ਤੋਂ ਵਗਦੀਆਂ ਨਦੀਆਂ। ਇਹ ਦਰਿਆ ਅਤੇ ਝਰਨੇ ਹਰ ਰੋਜ਼ ਵਹਿੰਦੇ ਸਨ।

ਦਰਿਆਵਾਂ ਦੇ ਕੰਢੇ ਸੱਭਿਅਤਾਵਾਂ ਵਧੀਆਂ ਹਨ। ਕਲਾ ਅਤੇ ਸੱਭਿਆਚਾਰ ਦਾ ਵਿਕਾਸ ਹੋਇਆ ਹੈ। ਇਨ੍ਹਾਂ ਕਿਨਾਰਿਆਂ ਦੇ ਨਾਲ-ਨਾਲ ਉਪਜਾਊ ਮਿੱਟੀ ਹੁੰਦੀ ਸੀ, ਜੋ ਲੋਕਾਂ ਦੀਆਂ ਖੁਰਾਕੀ ਲੋੜਾਂ ਪੂਰੀਆਂ ਕਰਦੀ ਸੀ। ਭੋਜਨ ਅਤੇ ਪਾਣੀ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਹਨ, ਜੋ ਉਨ੍ਹਾਂ ਨੇ ਪੂਰੀਆਂ ਕੀਤੀਆਂ ਹਨ।

ਨਦੀਆਂ ਨੂੰ ਪਵਿੱਤਰ ਮੰਨਿਆ ਜਾਂਦਾ ਹੈ ਅਤੇ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ। ਇਨ੍ਹਾਂ ਦੀਆਂ ਕਹਾਣੀਆਂ ਧਾਰਮਿਕ ਗ੍ਰੰਥਾਂ ਅਤੇ ਪੁਰਾਣਾਂ ਵਿੱਚ ਵੀ ਮਿਲਦੀਆਂ ਹਨ। ਇੱਥੇ ਭਰਪੂਰ ਲੋਕ ਸਾਹਿਤ ਹੈ। ਸੱਭਿਆਚਾਰਕ ਤੌਰ 'ਤੇ ਉਨ੍ਹਾਂ ਦਾ ਜੀਵਨ ਵਿੱਚ ਅਹਿਮ ਸਥਾਨ ਹੈ। ਸ਼ਰਧਾਲੂ ਨਰਮਦਾ ਦੀ ਪੈਦਲ ਪਰਿਕਰਮਾ ਕਰਦੇ ਹਨ। ਇਸ ਦੇ ਕੰਢੇ ਲੱਗਣ ਵਾਲੇ ਮੇਲੇ ਮਸ਼ਹੂਰ ਹਨ। ਮੇਲੇ ਵਿੱਚ ਵੱਡੀ ਗਿਣਤੀ ਵਿੱਚ ਸ਼ਰਧਾਲੂ ਇਕੱਠੇ ਹੁੰਦੇ ਹਨ।

ਕਿਸੇ ਸਮੇਂ ਦਰਿਆ ਦੀ ਰੇਤ ਵਿੱਚ ਡੰਗਰਵਾੜੀ (ਤਰਬੂਜ-ਖਰਬੂਜੇ ਦੀ ਖੇਤੀ) ਕੀਤੀ ਜਾਂਦੀ ਸੀ। ਕਿਸਾਨ ਕੇਵਤ-ਕਹਾਰ ਬਰਾਦਰੀ ਦੇ ਲੋਕ ਦਰਿਆ ਵਿੱਚ ਡੇਰੇ ਲਾਉਂਦੇ ਸਨ। ਉਹ ਇੱਥੇ ਖੇਤੀ ਕਰਦੇ, ਰਹਿੰਦੇ ਅਤੇ ਨਦੀ ਦੀ ਉਸਤਤ ਕਰਦੇ ਗੀਤ ਗਾਉਂਦੇ ਸਨ। ਇਹੀ ਉਨ੍ਹਾਂ ਦੀ ਰੋਜ਼ੀ-ਰੋਟੀ ਸੀ ਪਰ ਹੁਣ ਸਥਿਤੀ ਬਦਲ ਗਈ ਹੈ। ਸੈਂਕੜੇ ਸਾਲਾਂ ਤੋਂ, ਸਦੀਵੀ ਦਰਿਆ, ਝੀਲਾਂ, ਝਰਨੇ, ਖੂਹ ਅਤੇ ਪੌੜੀਆਂ ਸੁੱਕ ਗਈਆਂ ਹਨ ਜਾਂ ਸੁੱਕਣ ਦੀ ਕਗਾਰ 'ਤੇ ਹਨ। ਇਸ ਕਾਰਨ ਸਿਰਫ਼ ਮਨੁੱਖਾਂ ਲਈ ਹੀ ਨਹੀਂ ਸਗੋਂ ਪਸ਼ੂ-ਪੰਛੀਆਂ ਦੇ ਨਾਲ-ਨਾਲ ਸਮੁੱਚੇ ਜੀਵਤ ਸੰਸਾਰ ਲਈ ਪਾਣੀ ਦੀ ਸਮੱਸਿਆ ਪੈਦਾ ਹੋ ਗਈ ਹੈ।

ਪਾਣੀ ਦੇ ਸੰਕਟ ਦੇ ਡੂੰਘੇ ਹੋਣ ਅਤੇ ਦਰਿਆਵਾਂ ਦੇ ਸੁੱਕਣ ਦਾ ਇੱਕ ਕਾਰਨ ਜੰਗਲਾਂ ਦੀ ਤਬਾਹੀ ਵੀ ਹੈ। ਜਿਸ ਤਰ੍ਹਾਂ ਗੰਜੇ ਦੇ ਸਿਰ 'ਤੇ ਪਾਣੀ ਪਾ ਦਿੱਤਾ ਜਾਵੇ ਤਾਂ ਉਹ ਵਹਿ ਜਾਵੇਗਾ, ਇਸੇ ਤਰ੍ਹਾਂ ਜੇਕਰ ਜੰਗਲ ਨਾ ਹੋਣ ਤਾਂ ਪਾਣੀ ਵਹਿ ਜਾਵੇਗਾ। ਇਸ ਨੂੰ ਰੋਕਣ ਲਈ ਜੰਗਲ ਬਹੁਤ ਜ਼ਰੂਰੀ ਹਨ। ਪਹਿਲੀ ਗੱਲ ਤਾਂ ਜੰਗਲਾਂ ਕਾਰਨ ਜ਼ਿਆਦਾ ਬਰਸਾਤ ਹੁੰਦੀ ਹੈ ਪਰ ਜੰਗਲਾਂ ਦੀ ਅਣਹੋਂਦ ਕਾਰਨ ਘੱਟ ਜਾਂ ਅਨਿਯਮਿਤ ਬਰਸਾਤ ਹੋਣ ਦੀਆਂ ਰਿਪੋਰਟਾਂ ਹਨ।

ਜੰਗਲਾਂ ਦੇ ਅੰਦਰ ਝਾੜੀਆਂ, ਪੌਦਿਆਂ ਅਤੇ ਵੇਲਾਂ ਦੀਆਂ ਜੜ੍ਹਾਂ ਹੋਣ ਕਾਰਨ ਮਿੱਟੀ ਨਮੀਦਾਰ ਅਤੇ ਹਵਾਦਾਰ ਰਹੀ। ਇਸ ਲਈ ਪਾਣੀ ਧਰਤੀ ਵਿੱਚ ਸਮਾ ਗਿਆ। ਇਸ ਵਿੱਚ ਜੰਗਲੀ ਜਾਨਵਰ, ਕੀੜੇ, ਡੱਡੂ ਅਤੇ ਸੱਪ ਘੁਰਨੇ ਬਣਾਉਂਦੇ ਸਨ, ਜੋ ਧਰਤੀ ਹੇਠਲੇ ਪਾਣੀ ਨੂੰ ਲੀਕ ਕਰਨ ਵਿੱਚ ਮਦਦ ਕਰਦੇ ਸਨ। ਰੁੱਖਾਂ ਦੇ ਪੱਤਿਆਂ ਅਤੇ ਟਾਹਣੀਆਂ ਰਾਹੀਂ ਪਾਣੀ ਧਰਤੀ ਨੂੰ ਭਰ ਦਿੰਦਾ ਹੈ ਅਤੇ ਇਸ ਨਾਲ ਮਿੱਟੀ ਦੀ ਕਟੌਤੀ ਨਹੀਂ ਹੁੰਦੀ ਸੀ। ਕੁਦਰਤ ਕੋਲ ਪਾਣੀ, ਜੰਗਲਾਂ ਅਤੇ ਜੈਵਿਕ ਵਿਭਿੰਨਤਾ ਨੂੰ ਬਚਾਉਣ ਦਾ ਇੱਕ ਤਰੀਕਾ ਸੀ, ਜੋ ਵਿਗੜ ਗਿਆ ਹੈ।

ਜੰਗਲਾਂ ਵਿੱਚ ਕਮੀ ਕਾਰਨ ਤਾਪਮਾਨ ਵਿੱਚ ਕਾਫੀ ਵਾਧਾ ਹੋਇਆ ਹੈ। ਰੁੱਖ ਵੀ ਪਾਣੀ ਦਾ ਹੀ ਰੂਪ ਹਨ। ਜੰਗਲ ਨਾ ਸਿਰਫ਼ ਪਾਣੀ ਦੇ ਸਰੋਤ ਹਨ ਸਗੋਂ ਤਾਪਮਾਨ ਨੂੰ ਵੀ ਕੰਟਰੋਲ ਕਰਦੇ ਹਨ ਅਤੇ ਰੁੱਖਾਂ ਦੇ ਪੱਤੇ ਅਤੇ ਛੋਟੀਆਂ ਟਾਹਣੀਆਂ ਸੜ ਕੇ ਜੈਵਿਕ ਖਾਦ ਬਣਾਉਂਦੀਆਂ ਹਨ, ਜੋ ਖੇਤ ਨੂੰ ਉਪਜਾਊ ਬਣਾਉਂਦੀਆਂ ਹਨ, ਜਿਸ ਨਾਲ ਕਿਸਾਨਾਂ ਨੂੰ ਚੰਗਾ ਝਾੜ ਮਿਲਦਾ ਹੈ।

ਅੱਜ ਦਰਿਆਵਾਂ ਨੂੰ ਬੰਨ੍ਹਿਆ ਜਾ ਰਿਹਾ ਹੈ। ਇਨ੍ਹਾਂ ਵਿੱਚ ਕੂੜਾ ਛੱਡਿਆ ਜਾ ਰਿਹਾ ਹੈ। ਰੇਤ ਦੀ ਖੁਦਾਈ ਕੀਤੀ ਗਈ ਹੈ ਜੋ ਪਾਣੀ ਨੂੰ ਸੋਖਣ ਵਾਲੇ ਵਾਂਗ ਆਪਣੇ ਆਪ ਨੂੰ ਜਜ਼ਬ ਕਰ ਲੈਂਦੀ ਹੈ। ਇਸ ਕਾਰਨ ਨਦੀਆਂ ਦਾ ਵਹਾਅ ਰੋਕਿਆ ਜਾ ਰਿਹਾ ਹੈ। ਪਾਣੀ ਦੀ ਜੈਵ ਵਿਭਿੰਨਤਾ ਅਲੋਪ ਹੋ ਰਹੀ ਹੈ। ਪਹਾੜ ਪੁੱਟੇ ਜਾ ਰਹੇ ਹਨ, ਜਿਸ ਕਾਰਨ ਕਈ ਨਦੀਆਂ ਅਤੇ ਪਾਣੀ ਦੇ ਸੋਮੇ ਸੁੱਕ ਰਹੇ ਹਨ। ਇਸ ਸਭ ਲਈ ਲੋਕਾਂ ਨੂੰ ਵੱਡੇ ਪੱਧਰ 'ਤੇ ਤਬਾਹ ਕੀਤਾ ਜਾ ਰਿਹਾ ਹੈ।

ਸ਼ਹਿਰੀਕਰਨ ਵਧ ਰਿਹਾ ਹੈ ਪਰ ਸ਼ਹਿਰਾਂ ਵਿੱਚ ਪਾਣੀ ਦਾ ਕੋਈ ਸਰੋਤ ਨਹੀਂ ਹੈ। ਬਾਹਰੋਂ ਪਾਣੀ ਲਿਆ ਕੇ ਇਮਾਰਤਾਂ ਬਣਾਈਆਂ ਜਾਂਦੀਆਂ ਹਨ ਤੇ ਹੁਣ ਤਾਂ ਪੀਣ ਵਾਲਾ ਪਾਣੀ ਵੀ ਬਾਹਰੋਂ ਆਉਂਦਾ ਹੈ। ਪਾਣੀ ਦੀ ਬੇਤਹਾਸ਼ਾ ਦੁਰਵਰਤੋਂ ਹੋ ਰਹੀ ਹੈ।

ਕੰਕਰੀਟ ਦੇ ਘਰਾਂ ਅਤੇ ਸੜਕਾਂ ਦੀ ਮੌਜੂਦਗੀ ਕਾਰਨ, ਪਾਣੀ ਜ਼ਮੀਨ ਵਿੱਚ ਨਹੀਂ ਜਾ ਸਕਦਾ। ਇਸ ਤੋਂ ਇਲਾਵਾ ਰਸਾਇਣਕ ਖੇਤੀ ਕਾਰਨ ਜ਼ਮੀਨ ਵੀ ਸਖ਼ਤ ਹੋ ਗਈ ਹੈ, ਜਿਸ ਕਾਰਨ ਧਰਤੀ ਆਪਣਾ ਢਿੱਡ ਭਰਨ ਦੇ ਸਮਰੱਥ ਨਹੀਂ ਹੈ।

ਦਰਿਆਵਾਂ ਦੇ ਕੰਢਿਆਂ 'ਤੇ ਵੱਡੀ ਗਿਣਤੀ ਵਿੱਚ ਟਿਊਬਵੈੱਲਾਂ ਦੀ ਖੁਦਾਈ ਕੀਤੀ ਜਾ ਰਹੀ ਹੈ। ਡੀਜ਼ਲ ਪੰਪਾਂ ਨਾਲ ਸਿੱਧਾ ਖੇਤਾਂ ਵਿੱਚ ਪਾਣੀ ਚੁੱਕ ਕੇ ਸਿੰਚਾਈ ਕੀਤੀ ਜਾ ਰਹੀ ਹੈ। ਪਾਣੀ ਦਾ ਵਹਾਅ ਰੁਕ ਜਾਂਦਾ ਹੈ। ਇਸ ਲਈ ਨਦੀ ਹੌਲੀ-ਹੌਲੀ ਖਤਮ ਹੋ ਜਾਂਦੀ ਹੈ। ਜ਼ਿਆਦਾ ਪਾਣੀ ਪੀਣ ਵਾਲੀਆਂ ਫ਼ਸਲਾਂ ਬੀਜੀਆਂ ਜਾ ਰਹੀਆਂ ਹਨ। ਪਾਣੀ ਦੀ ਜ਼ਿਆਦਾ ਵਰਤੋਂ ਕੀਤੀ ਜਾ ਰਹੀ ਹੈ।



# ਹਰਿਆਵਲ ਲਹਿਰ ਦਾ ਹਿੱਸਾ ਬਣਨ ਆਮ ਲੋਕ

**ਡਾ. ਇਕਬਾਲ ਸਿੰਘ ਸਕਰੌਦੀ**



ਜਿਸ ਤਰ੍ਹਾਂ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਹਰ ਸਾਲ ਸਾਵਣ ਭਾਦੋਂ ਦੇ ਮਹੀਨੇ ਆਰੰਭ ਹੁੰਦਿਆਂ ਹੀ ਪੰਜਾਬ ਸਰਕਾਰ ਦੇ ਮੰਤਰੀਆਂ, ਵਿਧਾਇਕਾਂ, ਵੱਖ-ਵੱਖ ਅਦਾਰਿਆਂ ਦੇ ਚੇਅਰਮੈਨਾਂ, ਸਮਾਜਿਕ, ਧਾਰਮਿਕ, ਸੱਭਿਆਚਾਰਕ, ਸਰਕਾਰੀ , ਅਰਧ ਸਰਕਾਰੀ ਅਤੇ ਪ੍ਰਾਈਵੇਟ ਸੰਸਥਾਵਾਂ, ਵੱਖ-ਵੱਖ ਬੈਂਕਾਂ ਦੇ ਉੱਚ ਅਧਿਕਾਰੀਆਂ, ਸੀਨੀਅਰ ਸਿਟੀਜ਼ਨ ਸੁਸਾਇਟੀਆਂ, ਸ਼ਹਿਰਾਂ, ਕਸਬਿਆਂ, ਪਿੰਡਾਂ ਵਿਚਲੇ ਖੇਡ ਕਲੱਬਾਂ, ਯੂਥ ਕਲੱਬਾਂ, ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਧੜਾਧੜ ਨਵੇਂ ਬੂਟੇ ਲਾਉਣ ਦੀਆਂ ਖ਼ਬਰਾਂ ਸੋਸ਼ਲ ਮੀਡੀਆ, ਪ੍ਰਿੰਟ ਮੀਡੀਆ, ਟੀਵੀ ਚੈਨਲਾਂ 'ਤੇ ਬਹੁਤ ਹੀ ਜ਼ੋਰ-ਸ਼ੋਰ ਨਾਲ ਦੇਖਣ ਨੂੰ ਮਿਲਦੀਆਂ ਹਨ।

ਇਸ ਨਾਲ ਆਮ ਜਨਤਾ ਨੂੰ ਤਾਂ ਇੱਕ ਵਾਰ ਇਹ ਭੁਲੇਖਾ ਪੈ ਜਾਂਦਾ ਹੈ ਕਿ ਆਉਣ ਵਾਲ ਕੁਝ ਮਹੀਨਿਆਂ ਵਿਚ ਸਾਡੀ ਇਹ ਪੰਜਾਬ ਦੀ ਉਪਜਾਊ ਧਰਤੀ ਪੂਰੀ ਤਰ੍ਹਾਂ ਹਰਿਆਵਲ ਨਾਲ ਢਕੀ ਜਾਵੇਗੀ ਅਤੇ ਅਗਲੇ ਸਾਲ ਸੌਣ ਭਾਦੋਂ ਦੇ ਮਹੀਨਿਆਂ ਵਿੱਚ ਹੋਰ ਨਵੇਂ ਬੂਟੇ ਲਾਉਣ ਲਈ ਕੋਈ ਵੀ ਥਾਂ ਬਾਕੀ ਨਹੀਂ ਰਹੇਗੀ।

ਪਰੰਤੂ ਜੇਕਰ ਨਵੇਂ ਬੂਟੇ ਲਾਉਣ ਦੀ ਦਿਸ਼ਾ ਵਿੱਚ ਇਹ ਸਭ ਕੁਝ ਅਮਲੀ ਰੂਪ ਵਿੱਚ ਕੀਤਾ ਗਿਆ ਹੁੰਦਾ ਤਾਂ ਪੰਜਾਬ ਦੀ ਇਹ ਰੰਗਲੀ ਧਰਤੀ ਅੱਜ ਤੋਂ ਕਈ ਸਾਲ ਪਹਿਲਾਂ ਸੱਚਮੁੱਚ ਹੀ ਹਰੀ ਭਰੀ ਹੋ ਜਾਣੀ ਸੀ। ਪਰ ਅਜਿਹਾ ਕੁਝ ਵੀ ਨਹੀਂ ਹੋ ਸਕਿਆ। ਇਸ ਦਾ ਕਾਰਨ ਬਿਲਕੁਲ ਸਾਫ਼ ਅਤੇ ਸਪੱਸ਼ਟ ਹੈ ਕਿ ਉਪਰੋਕਤ ਸਾਰੀਆਂ ਸੰਸਥਾਵਾਂ ਵੱਲੋਂ ਹਰ ਸਾਲ ਨਵੇਂ ਬੂਟੇ ਲਾਉਣ ਦਾ ਕੀਤਾ ਜਾ ਰਿਹਾ ਪ੍ਰਚਾਰ ਕੇਵਲ ਵਾਹਵਾ ਖੱਟਣ ਲਈ, ਤਸਵੀਰਾਂ ਖਿਚਵਾਉਣ ਲਈ, ਫੇਸਬੁੱਕ 'ਤੇ ਪਾਉਣ ਲਈ ਤੇ ਝੂਠੀ ਸ਼ਾਨ ਬਣਾਉਣ ਲਈ ਹੀ ਕੀਤਾ ਜਾਂਦਾ ਰਿਹਾ ਹੈ।

ਅਜਿਹਾ ਕਰਕੇ ਉਹ ਕੇਵਲ ਆਉਣ ਵਾਲੀਆਂ ਪੀੜ੍ਹੀਆਂ ਦਾ ਹੀ ਨੁਕਸਾਨ ਨਹੀਂ ਕਰ ਰਹੇ, ਸਗੋਂ ਆਪਣੇ ਲਈ ਵੀ ਇੱਕ ਅਜਿਹਾ ਪ੍ਰਦੂਸ਼ਿਤ ਵਾਤਾਵਰਣ ਬਣਾਉਣ ਦੇ ਰਾਹ ਪਏ ਹੋਏ ਹਨ ਜਿਸ ਵਿੱਚ ਉਨ੍ਹਾਂ ਨੇ ਖ਼ੁਦ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਵੀ ਸਾਹ ਲੈਣਾ ਹੈ। ਆਉਣ ਵਾਲੇ ਸਮੇਂ ਵਿੱਚ ਅਜਿਹੀ ਸਥਿਤੀ ਸਾਡੇ ਸਾਰਿਆਂ ਲਈ ਬਹੁਤ ਹੀ ਤਬਾਹਕੁੰਨ ਅਤੇ ਖ਼ਤਰਨਾਕ ਸਿੱਧ ਹੋਣ ਵਾਲੀ ਹੈ। ਜੇਕਰ ਪੰਜਾਬ ਸਰਕਾਰ, ਹੋਰ ਸਰਕਾਰੀ ਅਤੇ ਗ਼ੈਰ ਸਰਕਾਰੀ ਅਦਾਰੇ ਸਹੀ ਅਰਥਾਂ ਵਿੱਚ ਪੰਜਾਬ ਦੀ ਧਰਤੀ ਨੂੰ ਸੋਹਣੀ ਅਤੇ ਹਰੀ ਭਰੀ ਬਣਾਉਣਾ ਚਾਹੁੰਦੇ ਹਨ ਜਾਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਕੁਝ ਚੰਗਾ ਕਰਨਾ ਚਾਹੁੰਦੇ ਹਨ ਤਾਂ ਇਸ ਖੇਤਰ ਵਿੱਚ ਝੂਠਾ ਲੋਕ ਦਿਖਾਵਾ ਛੱਡ ਕੇ ਅਮਲੀ ਰੂਪ ਵਿੱਚ ਕੰਮ ਕਰਨ ਦੀ ਲੋੜ ਹੈ ਤੇ ਇੱਕ ਤਰ੍ਹਾਂ ਜੰਗ ਲੜਨ ਦੀ ਲੋੜ ਹੈ। ਇਸ ਲਈ ਜ਼ਰੂਰੀ ਹੈ ਕਿ ਜਦੋਂ ਵੀ ਸਰਕਾਰੀ, ਅਰਧ ਸਰਕਾਰੀ, ਗ਼ੈਰ ਸਰਕਾਰੀ ਸੰਸਥਾਵਾਂ ਵੱਲੋਂ ਨਵੇਂ ਬੂਟੇ ਲਗਾਏ ਜਾਣ ਦਾ ਪ੍ਰੋਗਰਾਮ ਉਲੀਕਿਆ ਜਾਵੇ ਤਾਂ ਬਾਕਾਇਦਾ ਉਸ ਸਥਾਨ ਦਾ ਨਾਂ, ਲਗਾਏ ਗਏ ਨਵੇਂ ਬੂਟਿਆਂ ਦੀ ਗਿਣਤੀ, ਕਿਹੜੀ-ਕਿਹੜੀ ਕਿਸਮ ਦੇ ਕਿੰਨੇ ਬੂਟੇ ਲਗਾਏ ਗਏ, ਬੂਟੇ ਕਿੰਨੇ-ਕਿੰਨੇ ਫ਼ਾਸਲੇ ਉੱਤੇ ਲਗਾਏ ਗਏ, ਬੂਟਿਆਂ ਨੂੰ ਆਵਾਰਾ ਪਸ਼ੂਆਂ ਤੋਂ ਬਚਾਉਣ ਦਾ ਕੀ ਪ੍ਰਬੰਧ ਕੀਤਾ ਗਿਆ ਹੈ, ਬੂਟਿਆਂ ਨੂੰ ਕਿੰਨੇ ਸਮੇਂ ਬਾਅਦ ਪਾਣੀ ਦੇਣਾ ਹੈ, ਕਿੰਨਾ ਪਾਣੀ ਦੇਣਾ ਹੈ, ਪਾਣੀ ਕਿਸ ਨੇ ਦੇਣਾ ਹੈ ਆਦਿ ਦਾ ਬਿਉਰਾ ਲਿਖ਼ਤੀ ਰੂਪ ਵਿੱਚ ਰੱਖਿਆ ਜਾਵੇ।ਹੋਰ ਵੀ ਵਧੇਰੇ ਚੰਗਾ ਹੋਵੇ, ਜੇਕਰ ਬੂਟਿਆਂ ਦੀ ਸਾਂਭ-ਸੰਭਾਲ ਅਤੇ ਹਿਸਾਬ ਕਿਤਾਬ ਰੱਖਣ ਲਈ ਇੱਕ ਵੱਖਰਾ ਵਿੰਗ ਸਥਾਪਤ ਕਰ ਲਿਆ ਜਾਵੇ, ਜੋ ਕਿ ਡਿਪਟੀ ਕਮਿਸ਼ਨਰ ਦੇ ਅਧੀਨ ਹੋਵੇ। ਪਿੰਡਾਂ ਦੀਆਂ ਪੰਚਾਇਤਾਂ, ਨਗਰ ਕੌਂਸਲ ਦੇ ਐੱਮਸੀ ਅਤੇ ਉਨ੍ਹਾਂ ਪਤਵੰਤੇ ਸੱਜਣਾਂ ਨੂੰ ਸੇਵਾ ਦਾ ਇਹ ਕਾਰਜ ਸੌਂਪਿਆ ਜਾਣਾ ਚਾਹੀਦਾ ਹੈ, ਜਿਹੜੇ ਇਸ ਖੇਤਰ ਵਿੱਚ ਆਪਣੀ ਦਿਲਚਸਪੀ ਨਾਲ ਆਉਣਾ ਚਾਹੁੰਦੇ ਹੋਣ। ਇਸੇ ਤਰ੍ਹਾਂ ਵਿੱਦਿਅਕ ਸੰਸਥਾਵਾਂ ਵਿੱਚ ਲਗਾਏ ਜਾਣ ਵਾਲੇ ਹਰ ਨਵੇਂ ਬੂਟੇ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਉਸ ਸੰਸਥਾ ਵਿੱਚ ਪੜ੍ਹਦੇ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤੀ ਜਾਵੇ, ਜੋ ਬੂਟਿਆਂ ਨੂੰ ਦਿਲੋਂ ਪਿਆਰ ਕਰਦੇ ਹੋਣ। ਵਿਦਿਆਰਥੀ ਵੱਲੋਂ ਨਵੇਂ ਬੂਟੇ ਦੀ ਕੀਤੀ ਗਈ ਸਾਂਭ-ਸੰਭਾਲ ਉਪਰੰਤ ਜਦੋਂ ਬੂਟਾ ਪਲ ਜਾਵੇ ਤਾਂ ਇੱਕ ਸਾਲ ਬਾਅਦ ਉਸ ਵਿਦਿਆਰਥੀ ਨੂੰ ਵਿਸ਼ੇਸ਼ ਸਮਾਗਮ ਦੌਰਾਨ ਸਨਮਾਨ ਚਿੰਨ੍ਹ ਭੇਟ ਕੀਤਾ ਜਾਵੇ ਅਧਿਆਪਕਾਂ ਨੂੰ ਸਟੇਟ ਐਵਾਰਡ, ਨੈਸ਼ਨਲ ਐਵਾਰਡ ਦਿੰਦੇ ਸਮੇਂ ਵੀ ਉਸ ਅਧਿਆਪਕ ਵੱਲੋਂ ਨਵੇਂ ਪੌਦਿਆਂ ਦੀ ਕੀਤੀ ਸਾਂਭ-ਸੰਭਾਲ ਨੂੰ ਜ਼ਰੂਰ ਧਿਆਨ ਵਿੱਚ ਰੱਖਿਆ ਜਾਵੇ। ਨਵੀਆਂ ਬਣ ਰਹੀਆਂ ਫਿਲਮਾਂ, ਡਾਕੂਮੈਂਟਰੀਆਂ, ਨਾਟਕਾਂ, ਇਕਾਂਗੀਆਂ ਵਿੱਚ ਇਸ ਪ੍ਰਕਾਰ ਦਾ ਮਾਹੌਲ ਸਿਰਜਿਆ ਜਾਵੇ ਕਿ ਆਮ ਜਨਤਾ ਖ਼ੁਦ-ਬ-ਖ਼ੁਦ ਇਸ ਹਰਿਆਵਲ ਲਹਿਰ ਦਾ ਹਿੱਸਾ ਬਣ ਜਾਵੇ। ਹਰਿਆਵਲ ਲਹਿਰ ਨੂੰ ਉਤਸ਼ਾਹਿਤ ਕਰਨ ਵਾਲੇ ਲੇਖਕਾਂ ਨੂੰ ਯੋਗ ਸਤਿਕਾਰ ਅਤੇ ਸਨਮਾਨ ਦਿੱਤਾ ਜਾਵੇ। ਸੋਸ਼ਲ ਮੀਡੀਆ, ਪ੍ਰਿੰਟ ਮੀਡੀਆ ਅਤੇ ਟੀਵੀ ਚੈਨਲਾਂ 'ਤੇ ਵੀ ਇਸ ਸਬੰਧੀ ਪ੍ਰਚਾਰ ਕੀਤਾ ਜਾਵੇ। ਅਜਿਹੇ ਕੰਮ ਕਰ ਕੇ ਹੀ ਸਹੀ ਅਰਥਾਂ ਵਿਚ ਪੰਜਾਬ ਨੂੰ ਹਰਿਆ-ਭਰਿਆ ਬਣਾਇਆ ਜਾ ਸਕਦਾ ਹੈ।




ਪਹੁ-ਫੁਟਾਲਾ ਹੋਣ ਤੋਂ ਪਹਿਲਾਂ ਉੱਠਣਾ ਤੇ ਸਰਬੱਤ ਦੇ ਭਲੇ ਲਈ ਅਰਦਾਸ ਕਰ ਕੇ ਦਿਨ ਦੇ ਕੰਮਾਕਾਰ ਨੂੰ ਹੱਥ ਪਾਉਣਾ ਜੰਗੀਰੋ ਦੀ ਰੋਜ਼ ਦੀ ਆਦਤ ਸੀ। ਆਪਣੇ ਨਿੱਜੀ ਕੰਮਾਂ ਤੋਂ ਵਿਹਲੀ ਹੋ ਕੇ ਉਹ ਝਬਦੇ ਹੀ ਘਰ ਦੇ ਕੰਮਾਂ ਵਿੱਚ ਜੁਟ ਜਾਂਦੀ। ਉਸ ਦਿਨ ਵੀ ਆਪਣੇ ਕਰਨ ਗੋਚਰੇ ਘਰ ਦੇ ਸਾਰੇ ਕੰਮ ਨਿਪਟਾ ਕੇ ਉਹ ਮੂੰਹ ਝਾਖਰੇ ਵੇਲੇ ਦੇ ਘਰੋਂ ਤੁਰੇ ਹਾਲੀਆਂ ਦਾ ਹਾਜ਼ਰੀ ਵੇਲਾ ਲੈ ਕੇ ਖੇਤ ਨੂੰ ਜਾਣ ਦੀ ਤਿਆਰੀ ਕਰ ਰਹੀ ਸੀ। ਧੋਤੇ ਸੰਵਾਰੇ ਚਿੱਟੇ ਖੱਦਰ ਦੇ ਪੋਣੇ ਵਿੱਚ ਹੱਥ ਲਾਵੀਆਂ ਵੇਸਣੀਆਂ ਰੋਟੀਆਂ ਬੰਨ੍ਹ ਕੇ, ਦਹੀਂ ਵਾਲੀ ਗੜਵੀ, ਭੂਕਾਂ ਵਾਲੇ ਹਰੇ ਗੰਢੇ ਤੇ ਅੰਬ ਦਾ ਅਚਾਰ ਇੱਕ ਵੱਖਰੇ ਮਿੱਟੀ ਦੇ ਕੌਲੇ ਵਿੱਚ ਰੱਖ ਕੇ ਉਸ ਨੇ ਸਾਰਾ ਸਾਮਾਨ ਇੱਕ ਛੋਟੀ ਜਿਹੀ ਟੋਕਰੀ ਵਿੱਚ ਪਾ ਲਿਆ। ਟੋਕਰੀ ਦੇ ਹੇਠਾਂ ਈਨੂੰ ਰੱਖ ਕੇ ਲੱਸੀ ਵਾਲਾ ਚਟੂਰਾ ਸਿਰ 'ਤੇ ਟਿਕਾਇਆ ਤੇ ਸੱਤ ਕੁ ਵਜਦਿਆਂ ਨੂੰ ਉਹ ਘਰੋਂ ਤੁਰ ਪਈ।

ਜਦੋਂ ਦੀ ਉਹ ਪੇਕੀਂ ਆਈ ਸੀ, ਸਾਰਾ ਦਿਨ ਟੁੱਟ-ਟੁੱਟ ਮਰਦੀ, ਵਿੱਤੋਂ ਬਾਹਰਾ ਕੰਮ ਕਰਦੀ, ਇਸ ਡਰੋਂ ਕਿ ਕਿਤੇ ਭਰਜਾਈਆਂ ਨੂੰ ਉਸ ਦੀ ਤਿੰਨ ਵੇਲਿਆਂ ਦੀ ਰੁੱਖੀ ਮਿੱਸੀ ਰੋਟੀ ਨਾ ਚੁਭਣ ਲੱਗ ਜਾਵੇ। ਰਾਹ ਤੁਰੀ ਜਾਂਦੀ ਉਹ ਸੋਚ ਰਹੀ ਸੀ, 'ਅੱਛਾ ਮਾਲਕਾ! ਤੇਰੇ ਰੰਗ ਬੜੇ ਨਿਆਰੇ ਨੇ ਦਾਤਿਆ! ਜਿਵੇਂ ਤੂੰ ਰੱਖੇਂ, ਤੇਰੀ ਰਜ਼ਾ ਵਿੱਚ ਉਵੇਂ ਹੀ ਰਹਿਣਾ ਪੈਂਦੈ ਬੰਦੇ ਨੂੰ, ਕਿਹੜਾ ਕਿਸੇ ਦੇ ਵੱਸ ਦੀ ਗੱਲ ਏ! ਆਪਣਾ ਭਰਿਆ ਭਕੁੰਨਿਆ ਘਰ ਛੱਡ ਕੇ, ਘਰ ਦੀ ਬਾਦਸ਼ਾਹੀ ਤਿਆਗ ਕੇ, ਮੈਨੂੰ ਆਹ ਦਿਨ ਵੀ ਵੇਖਣੇ ਪੈਣੇ ਸੀ!' ਇੱਕ ਠੰਢਾ ਹਾਉਕਾ ਉਸ ਦੇ ਹੋਠਾਂ 'ਚੋਂ ਨਿਕਲ ਕੇ ਪੁਰੇ ਦੀ ਵਗਦੀ ਹਵਾ ਵਿੱਚ ਜਾ ਰਲਿਆ। ਅਜੇ ਤਾਂ ਪਤਾ ਨਹੀਂ ਕਿੰਨਾ ਕੁ ਚਿਰ ਉਸ ਦੇ ਮਨ ਨੇ ਘਾੜੀਂ ਪਿਆ ਰਹਿਣਾ ਸੀ ਕਿ ਦੂਰੋਂ ਤੁਰੇ ਆਉਂਦੇ ਦੋ ਮਨੁੱਖੀ ਆਕਾਰਾਂ ਨੇ ਉਸ ਦੀ ਸੋਚ ਲੜੀ ਤੋੜ ਦਿੱਤੀ। ਉਸ ਦੀ ਨਜ਼ਰ ਪਹੀ ਪਹੀ ਤੁਰੀਆਂ ਆਉਂਦੀਆਂ ਦੋ ਔਰਤਾਂ 'ਤੇ ਜਾ ਪਈ। ਨੇੜੇ ਆਉਣ 'ਤੇ ਉਨ੍ਹਾਂ ਦੋਵੇਂ ਜਣੀਆਂ ਨੂੰ ਉਸ ਨੇ ਚੰਗੀ ਤਰ੍ਹਾਂ ਪਛਾਣ ਲਿਆ ਸੀ। ਸ਼ਾਇਦ ਉਹ ਪਿੰਡੋਂ ਬਾਹਰਵਾਰ ਪੈਂਦੇ ਗੁਰੂਘਰ 'ਚ ਮੱਥਾ ਟੇਕ ਕੇ ਵਾਪਸ ਆ ਰਹੀਆਂ ਸਨ। ਇੱਕ ਸ਼ਰੀਕੇ ਵਿੱਚੋਂ ਚਾਚੀ ਲਗਦੀ ਸ਼ਾਮ ਕੌਰ ਸੀ ਤੇ ਦੂਜੀ ਵੀਹ ਕੁ ਸਾਲਾਂ ਦੀ ਸੱਜ-ਵਿਆਹੀ ਮੁਟਿਆਰ, ਜਿਸ ਨੇ ਲਾਲ ਸੂਹਾ ਕਢਾਈਦਾਰ ਸੂਟ ਪਾਇਆ ਹੋਇਆ ਸੀ। ਗੋਰੀਆਂ ਗੁਲਾਬੀ ਬਾਹਾਂ 'ਚ ਰੱਤਾ ਚੂੜਾ, ਰੱਜ ਕੇ ਸੋਹਣੀ ਉਹ ਅੱਲੜ੍ਹ ਮੁਟਿਆਰ ਪਰੀਆਂ ਨੂੰ ਮਾਤ ਪਾਉਂਦੀ ਜਾਪ ਰਹੀ ਸੀ। ਉਸ ਦਾ ਰੰਗ ਰੂਪ ਅਜਿਹਾ ਅੱਖਾਂ ਨੂੰ ਚੁੰਧਿਆ ਦੇਣ ਵਾਲਾ ਸੀ ਕਿ ਵੇਖਣ ਵਾਲੇ ਦੀ ਨਜ਼ਰ ਨੂੰ ਇੱਕ ਵਾਰ ਤਾਂ ਉਸ ਦੇ ਚਿਹਰੇ ਤੋਂ ਨਜ਼ਰਾਂ ਪਾਸੇ ਹਟਾਉਣ ਦਾ ਚੇਤਾ ਹੀ ਭੁੱਲ ਜਾਵੇ।

ਹੋਰ ਨੇੜੇ ਆਉਣ 'ਤੇ ਬਜ਼ੁਰਗ ਔਰਤ ਸ਼ਾਮ ਕੁਰ ਨੇ ਵੀ ਸਾਹਮਣੇ ਤੋਂ ਤੁਰੀ ਆਉਂਦੀ ਜੰਗੀਰੋ ਨੂੰ ਪਛਾਣ ਲਿਆ। ਉਹ ਆਪਣੀ ਪੋਤ ਨੂੰਹ ਨੂੰ ਕਹਿਣ ਲੱਗੀ, "ਲੈ ਕੁੜੇ! ਕੁਲਦੀਪ ਕੁਰੇ! ਆਹ ਤਾਂ ਤੇਰੀ ਭੂਆ ਸੱਸ ਜੰਗੀਰੋ ਤੁਰੀ ਆਉਂਦੀ ਐ, ਪੈਰੀਂ ਹੱਥ ਲਾ ਦੇਈਂ ਪੁੱਤ! ਕੋਲ ਆਈ ਤੋਂ।"

ਨੇੜੇ ਆਉਣ 'ਤੇ ਬਹੂ ਨੇ ਸਤਿਕਾਰ ਨਾਲ ਦੁਪੱਟੇ ਦਾ ਲੜ ਉਸ ਦੇ ਪੈਰਾਂ ਨੂੰ ਛੁਹਾਉਣ ਤੋਂ ਬਾਅਦ ਆਪਣੇ ਮੱਥੇ ਨੂੰ ਲਾ ਕੇ ਪੈਰੀਂ ਪੈਣਾ ਕੀਤਾ। ਉਸ ਦਾ ਸਿਰ ਪਲੋਸਦੀ ਹੋਈ ਜੰਗੀਰੋ ਨੇ ਦੁੱਧ ਪੁੱਤ ਦੀਆਂ ਅਸੀਸਾਂ ਦੀ ਝੜੀ ਲਾ ਦਿੱਤੀ। ਫਿਰ ਉਹ ਸ਼ਾਮ ਕੌਰ ਚਾਚੀ ਵੱਲ ਤੱਕਦੀ ਹੋਈ ਬੋਲੀ "ਤਕੜੀ ਏਂ ਚਾਚੀ, ਹੋਰ ਸੁਣਾ ਰਾਜ਼ੀ ਖ਼ੁਸ਼ੀ ਐ ਆਪਣਾ ਸਾਰਾ ਮਹੈਂਣ? ਵਧਾਈਆਂ ਹੋਣ ਤੈਨੂੰ, ਪੋਤੇ ਦੇ ਵਿਆਹ ਦੀਆਂ।" "ਸਵਾ ਵਧਾਈਆਂ ਧੀਏ! ਮਹਾਰਾਜ ਭਾਈ ਸਭਨਾਂ ਨੂੰ ਵਧਾਵੇ।" ਚਾਚੀ ਨੇ ਖ਼ੁਸ਼ ਹੁੰਦਿਆਂ ਕਿਹਾ। "ਦੋਹਾਂ ਭਰਾਵਾਂ ਵਿੱਚੋਂ ਕਿਹੜੇ ਦਾ ਮੁੰਡਾ ਵਿਆਹ ਲਿਐ? ਸੁਖਦਿਆਲ ਦਾ ਕਿ ਗੁਰਦਿਆਲ ਦਾ?"

"ਵੱਡੇ ਮੁੰਡੇ ਗੁਰਦਿਆਲ ਦਾ ਮੁੰਡਾ ਵਿਆਹਿਐ, ਜੰਗੀਰੋ! ਸੁਖਦਿਆਲ ਦੇ ਮੁੰਡੇ ਤਾਂ ਹਾਲੇ ਛੋਟੇ ਨੇ। ਹੋਰ ਸੁਣਾ, ਤੂੰ ਕਦੋਂ ਆਈ ਸੀ?"

"ਹੋ 'ਗੇ ਚਾਚੀ! ਮੈਨੂੰ ਵੀ ਵੀਹ-ਬਾਈ ਦਿਨ ਆਈ ਨੂੰ।"

"ਲੈ ਹੋਰ! ਰਹਿ ਜਾ ਅਜੇ ਪੰਜ ਦਸ ਦਿਨ, ਹੁਣ ਤਾਂ ਕੁੜੇ! ਸੁੱਖ ਨਾਲ ਤੇਰਾ ਵੀ ਘਰੇ ਸਰਦੈ, ਪਹਿਲਾਂ ਤਾਂ ਕਹਿੰਦੀ ਹੁੰਦੀ ਸੀ, ਕਿੱਥੇ ਰਹਿ ਹੁੰਦੈ ਕਲਾਪਿਆਂ ਤੋਂ, ਹੁਣ ਤਾਂ ਸੁੱਖ ਨਾਲ ਘਰੇ ਹੈ 'ਗੀ ਐ ਘਰ ਦੇ ਧੰਦਾਲ ਕਰਨ ਵਾਲੀ, ਪਿਛਲੇ ਕੰਮ ਧੰਦੇ ਦਾ ਫ਼ਿਕਰ ਕਰਨ ਵਾਲੀ ਹੁਣ ਤਾਂ ਕੋਈ ਗੱਲ ਈ ਨ੍ਹੀਂ।"

ਜੰਗੀਰੋ ਦੀਆਂ ਅੱਖਾਂ ਭਰ ਆਈਆਂ। ਉਸ ਨੂੰ ਇਉਂ ਲੱਗਾ ਜਿਵੇਂ ਚਾਚੀ ਉਸ ਨੂੰ ਲਾ ਲਾ ਕੇ ਗੱਲਾਂ ਕਹਿ ਰਹੀ ਹੋਵੇ।

"ਕੀ ਗੱਲ ਕੁੜੇ? ਘਰੇ ਸੁੱਖ ਤਾਂ ਹੈ? ਮਾਂ ਸਦਕੇ! ਅੱਖਾਂ ਕਾਹਤੋਂ ਭਰ ਲਈਆਂ ਧੀਏ? ਸਹੁਰਿਆਂ ਤੋਂ ਰਾਜੀਬੰਦੇ ਤਾਂ ਆਈ ਏਂ ਨਾ?" ਸਭ ਕੁਝ ਜਾਣਦਿਆਂ ਹੋਇਆਂ ਵੀ ਸ਼ਾਮ ਕੌਰ ਨੇ ਜਾਣਬੁੱਝ ਕੇ ਉਸ ਦੇ ਮੂੰਹੋਂ ਸਾਰੀ ਵਿਥਿਆ ਸੁਣਨ ਲਈ ਉਸ ਦੇ ਮੋਢੇ 'ਤੇ ਹੱਥ ਰੱਖ ਕੇ ਪੁੱਛਿਆ।

"ਨਹੀਂ ਚਾਚੀ! ਸੁੱਖ ਨਾਲ ਤਾਂ ਮੈਂ ਕਾਹਨੂੰ ਆਈ ਆਂ, ਤੈਥੋਂ ਹੁਣ ਕਿਹੜਾ ਕੁਝ ਭੁੱਲਿਆ ਹੋਇਐ, ਤੈਨੂੰ ਦਾਨੀ ਸ਼ਾਨੀ ਨੂੰ ਇਹ ਤਾਂ ਪਤਾ ਈ ਐ ਬਈ ਇੱਕ ਮਿਆਨ 'ਚ ਵੀ ਕਦੇ ਦੋ ਤਲਵਾਰਾਂ ਮਿਉਂਦੀਆਂ ਹੁੰਦੀਆਂ ਨੇ?"

"ਲੈ ਕੁੜੇ! ਫੇਰ ਤਾਂ ਭਾਈ! ਮਾੜਾ ਕੰਮ ਈ ਹੋਇਆ, ਨਾ ਪ੍ਰਾਹੁਣਾ ਆਇਆ ਨ੍ਹੀਂ ਫੇਰ ਤੈਨੂੰ ਮਨਾਉਣ ਵਾਸਤੇ? ਚਲ ਉਹ ਜਾਣੇ! ਫੇਰ ਵੀ ਤੂੰ ਪੱਚੀ ਤੀਹ ਸਾਲ ਉਹ ਦੇ ਘਰ ਵਸੀ ਰਸੀ ਏਂ, ਫੂਹੀ ਫੂਹੀ ਕਰਕੇ ਘਰ ਬੰਨ੍ਹਦੀ ਨੂੰ ਆਹ ਦਿਨ ਆ 'ਗੇ... ਚਲ ਉਹ ਜਾਣੇ! ਘਰਾਂ ਵਿੱਚ ਤਾਂ ਵੀਹ ਵਾਰੀ ਕਜੀਏ ਕਲੇਸ਼ ਹੋ ਜਾਂਦੇ ਨੇ, ਇਹ ਤਾਂ ਭਾਈ ਕੁੜੀਏ! ਫੇਰ ਮਾੜੀ ਗੱਲ ਐ ਉਹਦੇ ਵਾਸਤੇ।"

"ਉਹ ਹੁਣ ਮੈਨੂੰ ਕਾਹਤੋਂ ਲੈਣ ਆਉਣ ਲੱਗਾ? ਅਗਲਾ ਰੰਗੀਂ ਵਸਦੈ, ਐਸ਼ਾਂ ਕਰਦੈ, ਬੁੱਲੇ ਲੁੱਟਦੈ, ਉਹਨੂੰ ਤਾਂ ਉਹਦੀ ਖ਼ਾਹਿਸ਼ ਮੁਤਾਬਕ ਸਭ ਕੁਝ ਮਿਲ ਗਿਐ, ਤੀਵੀਂ ਦੀ ਥਾਂ ਤੀਵੀਂ ਮਿਲ 'ਗੀ, ਔਲਾਦ ਦੀ ਥਾਂ ਔਲਾਦ, ਰੁਲਦੀ ਤਾਂ ਮੈਂ ਫਿਰਦੀ ਆਂ ਮਾੜੇ ਕਰਮਾਂ ਵਾਲੀ, ਮੈਥੋਂ ਕੀ ਹੁਣ ਉਹ ਨੇ ਕਾਢਾ ਕਢਾਉਣੈ।" ਅੰਦਰੋਂ ਭਰੀ ਪੀਤੀ ਜੰਗੀਰੋ ਨੇ ਮਨ ਦੀ ਦੱਸੀ।

"ਫੇਰ ਕੁੜੇ, ਤੂੰ ਜਮਾਂ ਈ ਤੋੜ ਵਿਛੋੜਾ ਕਰਕੇ ਆਈ ਐਂ?"

"ਹਾਂ ਚਾਚੀ, ਬੱਸ ਤੂੰ ਇਉਂ ਈਂ ਸਮਝ ਲੈ, ਮੈਥੋਂ ਨੀਂ ਐਸ ਉਮਰੇ ਨਿੱਤ ਹੱਡ ਤੁੜਵਾਏ ਜਾਂਦੇ।"

"ਪਰ ਕੁੜੀਏ! ਸੁਣ ਮੇਰੀ ਗੱਲ, ਧੀਆਂ ਧਿਆਣੀਆਂ ਤਾਂ ਆਵਦੇ ਘਰੇ ਵਸਦੀਆਂ ਈ ਸੋਂਹਦੀਆਂ ਨੇ ਵੀਰ, ਭਾਵੇਂ ਸਿਰੋਂ ਪਰੰਦ ਔਖੀਆਂ ਹੋਣ, ਪੇਕੀਂ ਮਰੀਆਂ ਵਿਆਹੀਆਂ ਵਰੀਆਂ ਕੁੜੀਆਂ ਨੂੰ ਤਾਂ ਅਗਲੇ ਜਹਾਨ 'ਚ ਵੀ ਢੋਈ ਨ੍ਹੀਂ ਮਿਲਦੀ। ਚੰਗਾ ਫੇਰ ਅਸੀਂ ਤਾਂ ਚਲਦੀਆਂ ਹੁਣ, ਕੱਟ ਲੈ ਭਾਈ! ਸਬਰ ਸੰਤੋਖ ਨਾਲ, ਜਿਹੜੀਆਂ ਲੇਖਾਂ ਵਿੱਚ ਲਿਖ 'ਤੀਆਂ ਮਹਾਰਾਜ ਨੇ, ਹੁਣ ਹੋਰ ਤਾਂ ਕੋਈ ਚਾਰਾ ਨ੍ਹੀਂ ਧੀਏ!" ਜੰਗੀਰੋ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਸਿਆਣੀ ਬਿਆਣੀ, ਧੌਲੇ ਝਾਟੇ ਵਾਲੀ ਤੀਵੀਂ ਉਸ ਨਾਲ ਹਮਦਰਦੀ ਕਰਕੇ ਗਈ ਹੈ ਜਾਂ ਉਸ ਦੇ ਜ਼ਖਮਾਂ 'ਤੇ ਲੂਣ ਭੁੱਕ ਕੇ? ਜੰਗੀਰੋ ਖ਼ੁਦ ਵਿੱਚ ਹੀ ਪਛਤਾ ਰਹੀ ਸੀ ਕਿ ਕਾਹਨੂੰ ਉਸ ਨੇ ਚਾਚੀ ਕੋਲ ਢਿੱਡ ਫਰੋਲਣਾ ਸੀ! ਫਿਰ ਝੱਟ ਹੀ ਉਸ ਦੇ ਮਨ ਨੇ ਜਵਾਬ ਦਿੱਤਾ, 'ਦੁਖੀ ਬੰਦਾ ਤਾਂ ਕੰਧਾਂ ਕੌਲਿਆਂ ਕੋਲੋਂ ਵੀ ਚਾਰ ਬੋਲ ਹਮਦਰਦੀ ਦੇ ਭਾਲਦੈ, ਬਈ ਕੋਈ ਉਸ ਦਾ ਦੁੱਖ ਸੁੱਖ ਸੁਣਨ ਵਾਲਾ ਮਿਲ ਜਾਵੇ ਪਰ ਜੀਹਦੇ ਕਦੇ ਆਵਦੇ ਪੈਰ 'ਚ ਬਿਆਈ ਨਾ ਪਾਟੀ ਹੋਵੇ ਉਹ ਪਰਾਈ ਪੀੜ ਦਾ ਦਰਦ ਕਿਵੇਂ ਮਹਿਸੂਸ ਕਰ ਸਕਦੈ?'

ਜੰਗੀਰੋ ਨੂੰ ਵੀਹ ਸਾਲ ਹੋ ਗਏ ਸਨ ਵਸਦੀ ਰਸਦੀ ਨੂੰ, ਪਰ ਉਸ ਦੀ ਝੋਲੀ ਔਲਾਦ ਖੁਣੋਂ ਸੱਖਣੀ ਸੀ। ਬਥੇਰਾ ਇਲਾਜ ਕਰਵਾਇਆ, ਸਾਧੂਆਂ ਸੰਤਾਂ ਦੇ ਡੇਰਿਆਂ 'ਤੇ ਜਾ ਕੇ ਮੱਥੇ ਰਗੜੇ, ਸੁੱਖਣਾਂ ਸੁੱਖੀਆਂ ਪਰ ਕਿਤੋਂ ਵੀ ਉਨ੍ਹਾਂ ਦੀ ਝੋਲੀ ਖ਼ੈਰ ਨਾ ਪਈ। ਬਲਵੰਤ ਸਿੰਘ ਨੇ ਤਾਂ ਡਾਕਟਰਾਂ ਦੇ ਘਰ ਭਰਨ ਲੱਗੇ ਨੇ ਵੀ ਕਦੇ ਸੀ ਨਾ ਕੀਤੀ ਪਰ ਡਾਢੀ ਕਿਸਮਤ ਨੇ ਡਾਹ ਨਾ ਦਿੱਤੀ। 'ਕੀ ਮੇਰੀ ਜ਼ਮੀਨ ਜਾਇਦਾਦ ਹੁਣ ਸ਼ਰੀਕ ਸਾਂਭਣਗੇ? ਔਤ ਗਿਆਂ ਦੇ ਘਰ ਤੇ ਜ਼ਮੀਨਾਂ ਤਾਂ ਸ਼ਰੀਕ ਰੱਸੀਆਂ ਧਰ ਧਰ ਕੇ ਮਿਣਦੇ ਹੁੰਦੇ ਨੇ।' ਹਰ ਵੇਲੇ ਬਲਵੰਤ ਸਿੰਘ ਦੇ ਦਿਮਾਗ਼ ਵਿੱਚ ਇਹ ਗੱਲ ਵਾਵਰੋਲੇ ਦੀ ਖੱਖ ਵਾਂਗ ਚੜ੍ਹੀ ਰਹਿੰਦੀ।

ਉਹ ਜੰਗੀਰੋ ਤੋਂ ਚੋਰੀਓਂ ਜਣੇ ਖਣੇ ਨੂੰ ਆਪਣੇ ਵਾਸਤੇ ਰਿਸ਼ਤੇ ਦੀ ਦੱਸ ਪਾਉਣ ਦੀਆਂ ਮਿੰਨਤਾਂ ਕਰਦਾ ਰਹਿੰਦਾ। ਹੁਣ ਇਹੋ ਜਿਹੀ ਗੱਲ ਗੁੱਝੀ ਕਿੱਥੇ ਰਹਿਣੀ ਸੀ! ਨਾਲੇ ਜੰਗੀਰੋ ਕਿਹੜਾ ਹੁਣ ਨਿਆਣੀ ਸੀ, ਉਹ ਸਭ ਕੁਝ ਸਮਝਦੀ ਸੀ। ਉੱਡਦੀ-ਉੱਡਦੀ ਇਸ ਗੱਲ ਦੀ ਬਿੜਕ ਉਸ ਦੇ ਕੰਨੀਂ ਵੀ ਪੈ ਗਈ। ਦੰਪਤੀ ਜੀਵਨ ਵਿੱਚ ਕਿਸੇ ਤੀਜੇ ਬੰਦੇ ਨੂੰ ਬਰਦਾਸ਼ਤ ਕਰਨਾ ਕਿਤੇ ਸੌਖਾ ਕੰਮ ਨਹੀਂ ਹੁੰਦਾ। ਇੱਕ ਵਾਰ ਤਾਂ ਉਸ ਦੇ ਦਿਲ ਨੂੰ ਡੋਬੂ ਜਿਹੇ ਪਏ। ਫਿਰ ਉਹ ਘਰ ਦੀ ਜੜ੍ਹ ਮੇਖ ਲੱਗਣ ਦੀ ਖ਼ਾਹਿਸ਼ ਨਾਲ ਪਤੀ ਦਾ ਦੂਜਾ ਵਿਆਹ ਆਪਣੇ ਹੱਥੀਂ ਕਰਨ ਵਾਸਤੇ ਖ਼ੁਦ ਹੀ ਸਹਿਮਤ ਹੋ ਗਈ। ਵੱਡੀ ਉਮਰ ਦੇ ਬਲਵੰਤ ਸਿੰਘ ਨੂੰ ਇਸ ਉਮਰੇ ਕੋਈ ਚੱਜ ਦੀ ਕੁੜੀ ਤਾਂ ਕਿੱਥੋਂ ਮਿਲਣੀ ਸੀ!

ਉਸ ਨੂੰ ਤਾਂ ਕੋਈ ਬੱਜੋਰੱਤੀ, ਵੱਡੀ ਉਮਰ ਦੀ ਰਹੀ ਰਵਿੰਨੀ ਕੁੜੀ ਹੀ ਜੁੜਨੀ ਸੀ। ਕਿਸੇ ਨੇ ਇੱਕ ਕੁੜੀ ਦੀ ਦੱਸ ਪਾਈ ਜਿਹੜੀ ਦਿਮਾਗ਼ੀ ਪੱਖੋਂ ਸਹੀ ਨਹੀਂ ਸੀ। ਉਸ ਨੂੰ ਕੋਈ ਵੀ ਕੰਮ ਕਰਨਾ ਨਹੀਂ ਸੀ ਆਉਂਦਾ। ਘਰੇਲੂ ਕੰਮਾਂ ਦਾ ਤਾਂ ਉਨ੍ਹਾਂ ਦੋਹਾਂ ਜੀਆਂ ਨੂੰ ਭੋਰਾ ਜਿੰਨਾ ਵੀ ਫ਼ਿਕਰ ਨਹੀਂ ਸੀ। ਘਰ ਦਾ ਕੋਈ ਕੰਮ ਨਾ ਵੀ ਕਰੂ ਤਾਂ ਵੀ ਸਰ ਹੀ ਜਾਣਾ ਸੀ। ਜੰਗੀਰੋ ਬਥੇਰੀ ਤਕੜੀ ਸੀ ਕੰਮ ਧੰਦੇ ਨੂੰ। ਜਦੋਂ ਪ੍ਰੀਤੋ ਵਿਆਹੀ ਆਈ ਤਾਂ ਉਹ ਦੋਵੇਂ ਜੀਅ ਹੈਰਾਨ ਰਹਿ ਗਏ। ਉਸ ਨੂੰ ਘਰ ਦਾ ਕੰਮ ਤਾਂ ਇੱਕ ਪਾਸੇ, ਆਪਣਾ ਆਪ ਵੀ ਸੰਭਾਲਣਾ ਨਹੀਂ ਸੀ ਆਉਂਦਾ। ਕਈ ਕਈ ਦਿਨ ਉਹ ਨਹਾਉਂਦੀ ਹੀ ਨਾ, ਹਫ਼ਤਾ ਹਫ਼ਤਾ ਸਿਰ ਨਾ ਵਾਹੁੰਦੀ। ਕੇਸੀ ਮਹੀਨੇ ਬਾਅਦ ਵਾਰ ਵਾਰ ਕਹਿਣ 'ਤੇ ਮਸਾਂ ਨਹਾਉਂਦੀ। ਬਲਵੰਤ ਸਿੰਘ ਉਸ ਨੂੰ ਬਿੱਜੜੇ ਦੇ ਆਲਣੇ ਵਾਂਗ ਉਲਝੇ ਤੇ ਖਿੱਲਰੇ ਵਾਲ ਲੈ ਕੇ ਤੁਰੀ ਫਿਰਦੀ ਨੂੰ ਦੇਖ ਕੇ ਖਿਝਦਾ ਖਪਦਾ ਰਹਿੰਦਾ। ਉਸ ਦੇ ਵਾਲਾਂ ਦੀ ਲਿਟ ਹੱਥ ਵਿੱਚ ਫੜ ਕੇ ਉਸ ਨੂੰ ਇਸ਼ਾਰੇ ਨਾਲ ਸਮਝਾਉਣ ਦੀ ਕੋਸ਼ਿਸ਼ ਕਰਦਾ ਕਿ ਇਨ੍ਹਾਂ ਨੂੰ ਕਦੇ ਕੰਘੀ ਵੀ ਕਰ ਲਿਆ ਕਰ। ਵਿਚਾਰੀ ਜੰਗੀਰੋ ਪਿਆਰ ਨਾਲ ਆਹਿਸਤਾ ਆਹਿਸਤਾ ਉਸ ਨੂੰ ਘਰ ਦਾ ਸਾਰਾ ਕੰਮ ਅਤੇ ਬਣ ਫਬ ਕੇ ਰਹਿਣ ਦੇ ਢੰਗ ਤਰੀਕੇ ਸਿਖਾ ਰਹੀ ਸੀ। ਸਮਾਂ ਆਪਣੀ ਚਾਲੇ ਚਲਦਾ ਗਿਆ। ਹੁਣ ਤੱਕ ਪ੍ਰੀਤੋ ਇੱਕ ਧੀ ਤੇ ਇੱਕ ਪੁੱਤ ਦੀ ਮਾਂ ਬਣ ਗਈ ਸੀ। ਬੱਚੇ ਵੱਡੇ ਹੋ ਗਏ ਸਨ। ਹੌਲੀ ਹੌਲੀ ਪ੍ਰੀਤੋ ਨੇ ਜੰਗੀਰੋ ਤੋਂ ਘਰ ਦਾ ਸਾਰਾ ਕੰਮ ਸਿੱਖ ਲਿਆ ਸੀ। ਪ੍ਰੀਤੋ ਜਿੰਨੀ ਸਿੱਧਰੀ ਸੀ, ਉਸ ਦੇ ਜਵਾਕ ਉਨੇ ਹੀ ਤੇਜ਼ ਤਰਾਰ ਸਨ। ਮਤਰੇਈ ਮਾਂ ਜੇ ਕਿਸੇ ਕੋਲ ਕੋਈ ਦੁਖ-ਸੁਖ ਦੀ ਗੱਲ ਕਰਕੇ ਮਨ ਦਾ ਬੋਝ ਹਲਕਾ ਕਰ ਲੈਂਦੀ ਤਾਂ ਉਹ ਝੱਟ ਆਪਣੀ ਮਾਂ ਨੂੰ ਲੂਤੀਆਂ ਲਾ ਕੇ ਲੜਾਈ ਪਵਾ ਦਿੰਦੇ। ਜਸੂਸਾਂ ਵਾਂਗ ਉਹ ਦੋਵੇਂ ਭੈਣ ਭਰਾ ਜੰਗੀਰੋ ਦੇ ਪਿੱਛੇ ਪਿੱਛੇ ਰਹਿੰਦੇ। ਔਲਾਦ ਮੁਰਾਦ ਵਾਲੀ ਹੋ ਜਾਣ ਕਾਰਨ ਪ੍ਰੀਤੋ ਦੇ ਘਰ ਵਿੱਚ ਪੈਰ ਜੰਮ ਗਏ ਸਨ। ਹੁਣ ਉਹ ਜੰਗੀਰੋ ਨਾਲ ਪੂਰਾ ਸੌਂਕਣਪੁਣਾ ਵਿਹਾਜ ਕੇ ਰੱਖਦੀ। ਦਿਨ ਰਾਤ ਜੰਗੀਰੋ ਨਾਲ ਆਢਾ ਲਾਈ ਰੱਖਦੀ। ਬਲਵੰਤ ਸਿੰਘ ਨੂੰ ਇੱਕ ਦੀਆਂ ਦਸ ਲਾ ਕੇ ਉਹ ਉਸ ਦੇ ਕੁੱਟ ਪਵਾ ਦਿੰਦੀ। ਉਹਦੀ ਚੁੱਕ ਵਿੱਚ ਆ ਕੇ ਬਲਵੰਤ ਸਿੰਘ ਉਸ ਨੂੰ ਗੰਦੀਆਂ ਗਾਲ੍ਹਾਂ ਕੱਢਦਾ, ਸੋਟੀ ਫੜ ਕੇ ਐਸਾ ਕੁੱਟਦਾ ਕਿ ਉਸ ਦਾ ਅੰਗ ਅੰਗ ਪਰੁੰਨ ਦਿੰਦਾ। ਘਰ ਵਿੱਚ ਹੁਣ ਜੰਗੀਰੋ ਦੀ ਅਹਿਮੀਅਤ ਕਿਸੇ ਬੇਕਾਰ ਚੀਜ਼ ਨਾਲੋਂ ਵੀ ਘਟ ਗਈ ਸੀ। ਅੰਦਰ ਵੜ ਕੇ ਬਥੇਰਾ ਚਿਰ ਕੁੱਟ ਖਾਂਦੀ ਰਹੀ, ਸਾਰੇ ਟੱਬਰ ਦੀਆਂ ਤੱਤੀਆਂ ਠੰਢੀਆਂ ਸੁਣਦੀ ਰਹੀ। ਪਰ ਜਦੋਂ ਉਸ ਦੀ ਨਾਂਹ ਹੋ ਗਈ ਤਾਂ ਪਤੀ ਤੇ ਸੌਕਣ ਦੀਆਂ ਵਧੀਕੀਆਂ ਤੋਂ ਤੰਗ ਆ ਕੇ ਉਹ ਪੇਕਿਆਂ ਦੇ ਬੂਹੇ ਜਾ ਬੈਠੀ।

ਵਰ੍ਹਿਆਂ ਦੇ ਵਰ੍ਹੇ ਲੰਘ ਗਏ ਕੋਈ ਵੀ ਉਸ ਨੂੰ ਲੈਣ ਨਾ ਆਇਆ। ਜੰਗੀਰੋ ਦੇ ਭਰਾ ਆਪਣੇ ਭਣੋਈਏ ਨੂੰ ਉਡੀਕਦੇ ਰਹੇ। ਅੱਜ ਵੀ ਆਇਆ ਕੱਲ੍ਹ ਵੀ ਆਇਆ ਪਰ ਜੰਗੀਰੋ ਨੂੰ ਮਨਾਉਣ ਤਾਂ ਕੀ, ਉਸ ਦਾ ਹਾਲ-ਚਾਲ ਪੁੱਛਣ ਵੀ ਕੋਈ ਨਾ ਆਇਆ। ਸ਼ਰਮ ਦੇ ਮਾਰੇ ਉਸ ਦੇ ਭਰਾ ਉਸ ਨੂੰ ਸਹੁਰੇ ਘਰ ਛੱਡਣ ਨਾ ਗਏ ਬਈ ਲੋਕ ਕੀ ਕਹਿਣਗੇ ਇਨ੍ਹਾਂ ਵੱਡਿਆਂ ਸਰਦਾਰਾਂ ਤੋਂ ਭੈਣ ਨੂੰ ਦੋ ਵੇਲੇ ਦੀ ਰੋਟੀ ਨਾ ਦੇ ਹੋਈ? ਇਉਂ ਉਸ ਨੂੰ ਪੇਕੀਂ ਬੈਠੀ ਨੂੰ ਮੁੱਦਤਾਂ ਬੀਤ ਗਈਆਂ ਸਨ। ਹੁਣ ਉਸ ਦੇ ਜੀਵਨ ਦਾ ਅੰਤਿਮ ਪੜਾਅ ਨੇੜੇ ਆ ਰਿਹਾ ਸੀ।

ਜੰਗੀਰੋ ਜਦੋਂ ਕਿਤੇ ਇਕੱਲੀ ਬੈਠੀ ਹੁੰਦੀ ਤਾਂ ਉਸ ਨੂੰ ਆਪਣਾ ਘਰ ਬੜਾ ਯਾਦ ਆਉਂਦਾ। ਇਹ ਹੇਰਵਾ ਤਾਂ ਸਾਰੀ ਉਮਰ ਉਸ ਦੇ ਢਿੱਡ ਵਿੱਚੋਂ ਨਹੀਂ ਸੀ ਨਿਕਲਿਆ। ਆਪਣੇ ਘਰ ਨੂੰ ਯਾਦ ਕਰਕੇ ਇੱਕ ਵਾਰੀ ਤਾਂ ਉਸ ਦੇ ਸਰੀਰ ਵਿੱਚ ਸੀਤ ਫਿਰ ਜਾਂਦਾ, ਨਾਲ ਹੀ ਚਾਚੀ ਸ਼ਾਮ ਕੌਰ ਦੀ ਆਖੀ ਉਹ ਗੱਲ ਵੀ ਕੰਨਾਂ 'ਚ ਗੂੰਜਣ ਲੱਗਦੀ 'ਜਦੋਂ ਵਿਆਹੀਆਂ ਵਰੀਆਂ ਧੀਆਂ ਪੇਕੇ ਘਰ ਮਰਦੀਆਂ ਨੇ ਤਾਂ ਉਨ੍ਹਾਂ ਨੂੰ ਅਗਲੇ ਜਹਾਨ 'ਚ ਢੋਈ ਨ੍ਹੀਂ ਮਿਲਦੀ ਹੁੰਦੀ।' ਉਸ ਦਾ ਦਿਲ ਕਰਦਾ ਭਾਈਆਂ ਭਤੀਜਿਆਂ ਨੂੰ ਕਹੇ, 'ਮੈਨੂੰ ਮਰੀ ਨੂੰ ਚੁੱਕ ਕੇ ਮੇਰੇ ਸਹੁਰੇ ਘਰ ਲੈ ਜਾਇਓ, ਮੇਰਾ ਸਸਕਾਰ ਉੱਥੇ ਹੀ ਕਰਿਓ।' ਫਿਰ ਠੰਢਾ ਹਾਉਕਾ ਭਰ ਕੇ ਖ਼ੁਦ ਹੀ ਇਸ ਖ਼ਾਹਿਸ਼ ਨੂੰ ਆਪਣੇ ਸੀਨੇ ਵਿੱਚ ਅੰਦਰੇ ਹੀ ਦਫ਼ਨ ਕਰ ਲੈਂਦੀ। 'ਉੱਥੋਂ ਤਾਂ ਅਗਲਿਆਂ ਨੇ ਧੱਕੇ ਮਾਰ ਕੇ ਉਦੋਂ ਘਰੋਂ ਬਾਹਰ ਕੱਢ ਦਿੱਤਾ ਸੀ ਜਦੋਂ ਮੈਂ ਕਾਲੇ ਬਲਦ ਵਾਂਗੂੰ ਕਮੱਤਦੀ ਸੀ, ਮੇਰੇ ਮੁਰਦਾ ਸਰੀਰ ਨੂੰ ਉੱਥੇ ਕੀਹਨੇ ਮੋਢਾ ਦੇਣੈ? ਕੌਣ ਏ ਉੱਥੇ ਮੇਰਾ ਆਪਣਾ? ਓ ਕਮਲਿਆ ਮਨਾ! ਦੱਸ ਤਾਂ ਸਹੀ ਉੱਥੇ ਹੈ ਕੋਈ ਮੇਰਾ ਹਮਦਰਦ? ਚੱਲ ਉਹ ਜਾਣੇ! ਇੱਥੇ ਹੀ ਮੇਰੇ ਟੱਬਰ ਦੇ ਜੀਅ ਮੇਰੀ ਮਿੱਟੀ ਕਿਉਂਟ ਦੇਣਗੇ। ਨਾ ਹੋਵੇ ਮੇਰੀ ਗਤੀ ਜੇ ਨਹੀਂ ਹੁੰਦੀ ਤਾਂ। ਨਾਲੇ ਗਤੀ ਹੁੰਦੀ ਦੱਸਣ ਮੁੜ ਕੇ ਕੌਣ ਆਇਐ ਇੱਥੇ?'

# ਪਰਵਾਜ਼

ਡਾ. ਇਕਬਾਲ ਸਿੰਘ ਸਕਰੌਦੀ

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਛਾਜਲੀ ਵਿੱਚ ਬਤੌਰ ਪ੍ਰਿੰਸੀਪਲ ਸੇਵਾ ਨਿਭਾਅ ਰਿਹਾ ਸਾਂ। ਨਵੰਬਰ ਦੇ ਪਹਿਲੇ ਹਫ਼ਤੇ ਮੈਂ ਕਿਸੇ ਪ੍ਰਾਈਵੇਟ ਕਾਲਜ ਦੇ ਡੰਮੀ ਦਾਖ਼ਲੇ ਦੀ ਪੜਤਾਲ ਕਰਨ ਪਿੱਛੋਂ ਲਹਿਰਾ ਗਾਗਾ ਤੋਂ ਵਾਪਸ ਆ ਰਿਹਾ ਸਾਂ। ਛਾਜਲੀ ਪਿੰਡ ਤੋਂ ਬਾਹਰਵਾਰ ਗੱਡੀਆਂ ਵਾਲਿਆਂ ਦੀਆਂ ਝੁੱਗੀਆਂ ਝੌਂਪੜੀਆਂ ਸਨ। ਉੱਥੇ ਕੁਝ ਬੱਚਿਆਂ ਨੂੰ ਖੇਡਦਿਆਂ ਦੇਖ ਕੇ ਆਪਣੀ ਕਾਰ ਇੱਕ ਪਾਸੇ ਲਾ ਦਿੱਤੀ। ਜਿਉਂ ਹੀ ਇਨ੍ਹਾਂ ਝੌਂਪੜੀ ਨੁਮਾ ਛੋਟੇ-ਛੋਟੇ ਘਰਾਂ ਵਿੱਚ ਗਿਆ, ਬੱਚਿਆਂ ਦੀਆਂ ਮਾਵਾਂ ਮੇਰੇ ਕੁਝ ਬੋਲਣ ਤੋਂ ਪਹਿਲਾਂ ਹੀ ਬੁੜ-ਬੁੜ ਕਰਨ ਲੱਗ ਪਈਆਂ। ਉਨ੍ਹਾਂ ਵਿੱਚੋਂ ਇੱਕ ਔਰਤ ਗੁੱਸੇ ਵਿੱਚ ਭਰੀ ਪੀਤੀ ਮੈਨੂੰ ਬੋਲੀ, ਅਸੀਂ ਆਪਣੇ ਬੱਚਿਆਂ ਨੂੰ ਸਕੂਲੇ ਪੜ੍ਹਨੇ ਨੀਂ ਲੌਣਾ।


ਤੀਹ ਬੱਤੀ ਸਾਲ ਦੀ ਇੱਕ ਸੁਆਣੀ ਨੂੰ ਮੈਂ ਕਿਹਾ, ਭੈਣ, ਮੈਂ ਤੁਹਾਡੇ ਬੱਚਿਆਂ ਨੂੰ ਆਪਣੇ ਸਕੂਲ ਦਾਖ਼ਲ ਕਰਨ ਲਈ ਤਾਂ ਆਇਆ ਈ ਨੀ। ਮੈਂ ਤਾਂ ਆਪਣੀ ਛੋਟੀ ਭੈਣ ਦੇ ਘਰ ਚਾਹ ਪੀਣ ਆਇਆ ਹਾਂ। ਮੇਰੇ ਮੂੰਹੋਂ 'ਭੈਣ' ਸੁਣ ਕੇ ਅਤੇ ਬੋਲਾਂ



ਵਿੱਚ ਨਿਮਰਤਾ ਦੇਖ ਉਹਦਾ ਗੁੱਸਾ ਜਿਵੇਂ ਖੰਭ ਲਾ ਕੇ ਉੱਡ-ਪੁੱਡ ਗਿਆ ਹੋਵੇ। ਉਹਨੇ ਵਾਣ ਦੇ ਢਿੱਲੇ ਜਿਹੇ ਮੰਜੇ ਵੱਲ ਇਸ਼ਾਰਾ ਕਰ ਕੇ ਮੈਨੂੰ ਬੈਠਣ ਲਈ ਕਿਹਾ, ਤੇ ਆਪ ਚਾਹ ਧਰਨ ਲਈ ਇੱਕ ਝੌਂਪੜੀ ਵੱਲ ਚਲੀ ਗਈ। ਮੈਂ ਬੜੇ ਸਹਿਜ ਭਾਅ ਮੰਜੇ ਉੱਤੇ ਬੈਠ ਗਿਆ। ਚੌਦਾਂ ਪੰਦਰਾਂ ਛੋਟੇ ਬਾਲ ਇੱਧਰ ਉੱਧਰ ਖੇਡਦੇ ਫਿਰਦੇ ਸਨ। ਉਨ੍ਹਾਂ ਵਿੱਚੋਂ ਚਾਰ ਬੱਚੇ ਝਿਜਕਦੇ-ਝਿਜਕਦੇ ਮੇਰੇ ਕੋਲ ਆ ਗਏ। ਉਨ੍ਹਾਂ ਵਿੱਚੋਂ ਇੱਕ ਛੋਟੀ ਬੱਚੀ ਦੇ ਹੱਥ ਵਿੱਚ ਪਲਾਸਟਿਕ ਦਾ ਖਿਡੌਣਾ ਪਿਸਤੌਲ ਸੀ। ਇੱਕ ਹੋਰ ਮੁੰਡੇ ਦੇ ਹੱਥ ਵਿੱਚ ਪਲਾਸਟਿਕ ਦੀ ਹੀ ਖਿਡੌਣਾ ਸਟੇਨਗੰਨ ਸੀ। ਮੈਂ ਉਨ੍ਹਾਂ ਨੂੰ ਪਿਆਰ ਨਾਲ ਆਪਣੇ ਕੋਲ ਬੁਲਾਇਆ। ਝਿਜਕਦੇ ਜਿਹੇ ਉਹ ਮੇਰੇ ਕੋਲ ਆ ਗਏ। ਫਿਰ ਹੌਲੀ-ਹੌਲੀ ਮੇਰੇ ਨਾਲ ਗੱਲੀਂ ਪੈ ਗਏ। ਕਈ ਬੱਚਿਆਂ ਦੀਆਂ ਮਾਵਾਂ ਵੀ ਮੰਜੇ ਨੇੜੇ ਆ ਗਈਆਂ ਸਨ। ਖਿਡੌਣੇ ਵਾਲੇ ਬੱਚਿਆਂ ਨੂੰ ਪਿਆਰ ਨਾਲ ਕਿਹਾ, ਜੇ ਤੁਸੀਂ ਮੇਰੇ ਸਕੂਲ ਵਿੱਚ ਪੜ੍ਹਨ ਲਈ ਆਓਗੇ ਤਾਂ ਮੈਂ ਤੁਹਾਨੂੰ ਪੜ੍ਹਾ ਕੇ ਕਮਾਂਡੋ ਬਣਾ ਦਿਆਂਗਾ। ਜਦੋਂ ਤੁਸੀਂ ਫ਼ੌਜ ਵਿੱਚ ਭਰਤੀ ਹੋਵੋਗੇ, ਤਦ ਤੁਹਾਨੂੰ ਅਸਲੀ ਪਿਸਤੌਲ ਅਤੇ ਅਸਲੀ ਸਟੇਨਗੰਨ ਮਿਲੇਗੀ। ਮੈਂ ਮਹਿਸੂਸ ਕੀਤਾ ਕਿ ਬੱਚਿਆਂ ਅਤੇ ਉਨ੍ਹਾਂ ਦੀਆਂ ਮਾਵਾਂ ਉੱਤੇ ਮੇਰੀਆਂ ਗੱਲਾਂ ਦਾ ਕੁਝ ਅਸਰ ਹੋ ਰਿਹਾ ਸੀ। ਉਸੇ ਸਮੇਂ ਉਸ ਕਬੀਲੇ ਦਾ ਮੁਖੀ ਵੀ ਉੱਥੇ ਆ ਗਿਆ ਸੀ। ਮੈਂ ਉਹਨੂੰ ਬੇਨਤੀ ਕੀਤੀ ਕਿ ਤੁਸੀਂ ਆਪਣੇ ਬੱਚਿਆਂ ਨੂੰ ਮੇਰੇ ਸਕੂਲ ਪੜ੍ਹਨ ਲਈ ਭੇਜੋ। ਮੁਖੀ ਨੇ ਵਾਅਦਾ ਕੀਤਾ ਕਿ ਉਹ ਕੱਲ੍ਹ ਨੂੰ ਇਸ ਬਸਤੀ ਦੇ ਸਾਰੇ ਬੱਚਿਆਂ ਨੂੰ ਸਕੂਲੇ ਪੜ੍ਹਨ ਲਈ ਭੇਜ ਦੇਵੇਗਾ। ਮੈਂ ਚਾਹ ਪੀਤੀ, ਛੋਟੀ ਭੈਣ ਨੂੰ ਫ਼ਤਹਿ ਬੁਲਾਈ ਤੇ ਵਾਪਸ ਆਪਣੇ ਸਕੂਲ ਆ ਗਿਆ। ਅਗਲੇ ਦਿਨ ਬਸਤੀ ਦੇ ਸੋਲ਼ਾਂ ਬੱਚੇ ਕੋਮਲ, ਮਨਪ੍ਰੀਤ, ਗੀਨਾ, ਕਾਜਲ, ਸਿਮਰਨ, ਰਮਨ, ਅੰਜੂ, ਝਾਂਜਰ, ਸੰਮੂ, ਅਰਮਾਨ, ਸਾਹਿਲ, ਦਿਲਦਾਰ, ਰਮਨਜੀਤ, ਸ਼ਾਇਰਾ, ਨਜ਼ਮਾ ਆਪੋ-ਆਪਣੀਆਂ ਮਾਵਾਂ ਨਾਲ ਸਕੂਲ ਪਹੁੰਚ ਗਏ। ਆਪਣੇ ਵੱਲੋਂ ਮੈਂ ਵੀ ਤਿਆਰੀ ਕੀਤੀ ਹੋਈ ਸੀ। ਸੋਲ਼ਾਂ ਬਸਤੇ ਖ਼ਰੀਦ ਕੇ ਉਨ੍ਹਾਂ ਵਿੱਚ ਚਾਰ-ਚਾਰ ਕਾਪੀਆਂ, ਰੰਗਦਾਰ ਪੈਂਸਲਾਂ, ਸਕੇਲ ਅਤੇ ਸਟੇਸ਼ਨਰੀ ਦਾ ਹੋਰ ਸਮਾਨ ਪਾ ਕੇ ਰੱਖੇ ਹੋਏ ਸਨ। ਆਪਣੇ ਹੱਥੀਂ ਬੱਚਿਆਂ ਦਾ ਮੂੰਹ ਮਿੱਠਾ ਕਰਵਾਇਆ। ਫਿਰ ਇਨ੍ਹਾਂ ਬੱਚਿਆਂ ਨੂੰ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਛਾਜਲੀ ਦੀਆਂ ਚਾਰ ਇਸਤਰੀ ਅਧਿਆਪਕਾਵਾਂ ਨੂੰ ਬੁਲਾ ਕੇ ਉੱਥੇ ਦਾਖ਼ਲ ਕਰਵਾ ਦਿੱਤਾ।

ਇਸ ਗੱਲ ਨੂੰ ਪੰਜ ਸਾਲ ਤੋਂ ਵੱਧ ਸਮਾਂ ਬੀਤ ਚੁੱਕਾ ਹੈ। ਕਬੀਲੇ ਦੇ ਮੁਖੀ ਤੋਂ ਪਤਾ ਲੱਗਾ ਹੈ ਕਿ ਉਹ ਸੋਲ਼ਾਂ ਦੇ ਸੋਲ਼ਾਂ ਬੱਚੇ ਪਿੰਡ ਦੇ ਸੈਕੰਡਰੀ ਸਕੂਲ ਵਿੱਚ ਛੇਵੀਂ ਜਮਾਤ ਵਿੱਚ ਪੜ੍ਹ ਰਹੇ ਹਨ।

# ਕਾਵਿ ਸੰਸਾਰ





## ਅੰਤਰ ਝਾਤ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308



ਨਾ ਕਹਿ ਬੁਰਾ ਜ਼ਿੰਦਗੀ ਨੂੰ ਸੱਜਣਾ, ਜੇ ਵਕਤ ਹੈ ਚੱਲਦਾ ਔਖਾ,
ਕਰਨਾ ਸਿੱਖ ਸਤਿਕਾਰ ਪਲਾਂ ਦਾ, ਜੇ ਰਹਿਣਾ ਚਾਹੁਨੈਂ ਸੌਖਾ।
ਇਹ ਜੀਵਨ ਹੈ ਦਾਤਾਂ ਦੀ ਗੁੱਥਲੀ, ਜੋ ਭਰੀ ਹੈ ਰੱਜ ਕੇ ਚੋਖੀ,
ਲੱਭਣਗੇ ਤੈਨੂੰ ਹਰ ਖੂੰਜੇ ਚੋਂ, ਜੇ ਲੱਭਣੇ ਚਾਹੇਂ ਮੋਤੀ।
ਪੂਰੀਆਂ ਹੋਣਗੀਆਂ ਆਖਿਰ ਸਭ, ਜੋ ਆਸਾਂ ਤੂੰ ਰੱਖੀਆਂ,
ਝੋਲੀਆਂ ਭਰ ਕੇ ਮਿਲ ਜਾਣਗੀਆਂ, ਤੈਨੂੰ ਸਾਰੀਆਂ ਖੁਸ਼ੀਆਂ।
ਜੀਵਨ ਹੀ ਦੂਜਾ ਨਾਂ ਹੈ ਸੱਜਣਾ, ਮੁਸ਼ੱਕਤ ਦੀ ਚੱਕੀ ਦਾ,
ਕਦੀ ਵੀ ਦੂਜਾ ਬਦਲ ਨ੍ਹੀਂ ਲੱਭਦਾ, ਸੋਲਾਂ ਆਨੇ ਸੱਚੀ ਦਾ।
ਹੱਥ ਦੀ ਪੂੰਜੀ ਸਾਂਭ ਕੇ ਰੱਖ ਤੂੰ, ਦੂਜੇ ਵੱਲ ਝਾਤ ਨਾ ਮਾਰ,
ਨਹੀਂ ਤਾਂ ਖੁੱਸ ਜਾਵੇਗੀ ਸਾਰੀ, ਤੂੰ ਅੱਧੀ ਨਾਲ ਹੀ ਸਾਰ।
ਕਈ ਦੇਖੇ ਬਹੁਤੀ ਨੂੰ ਭੱਜਦੇ, ਅੱਧੀ ਨੂੰ ਹੱਥੋਂ ਤੱਜ ਕੇ,
ਉਹ ਅੱਧੀ ਵੀ ਗਵਾ ਬਹਿੰਦੇ ਨੇ, ਨਿੱਤ ਇੱਧਰ ਉੱਧਰ ਭੱਜ ਕੇ।
ਆਪਣੇ ਵਿਤ ਤੇ ਕੱਦ ਤੋਂ ਵਧ ਕੇ, ਨਾ ਆਪਣੇ ਪੈਰ ਪਸਾਰ,
ਨਹੀਂ ਤਾਂ ਚਾਦਰ ਨਿੱਕਲੂ ਛੋਟੀ, ਤੂੰ ਹੋ ਜਾਵੇਂਗਾ ਖੁਆਰ।
ਨਾ ਕਹਿ ਬੁਰਾ ਜ਼ਿੰਦਗੀ ਨੂੰ ਸੱਜਣਾ, ਜੇ ਵਕਤ ਹੈ ਚੱਲਦਾ ਔਖਾ,
ਕਰਨਾ ਸਿੱਖ ਸਤਿਕਾਰ ਪਲਾਂ ਦਾ, ਜੇ ਰਹਿਣਾ ਚਾਹੁਨੈਂ ਸੌਖਾ।

## ਧੀਆਂ ਦੀ ਸਰਦਾਰੀ

ਹਰਪ੍ਰੀਤ ਪੱਤੋ

ਧੀਆਂ ਮਾਰਨ ਮੱਲਾਂ ਅੱਜਕੱਲ੍ਹ,
ਹਰ ਖੇਤਰ ਵਿੱਚ ਰਹਿ ਕੇ।
ਕਰਨ ਸੁਰੱਖਿਆ ਦੇਸ਼ ਆਪਣੇ ਦੀ,
ਮੀਂਹ ਹਨੇਰੀਆਂ ਸਹਿ ਕੇ।
ਦੁਸ਼ਮਣ ਤਾਈਂ ਲੜਨ ਸ਼ੇਰਨੀਆਂ,
ਮਰਨੋਂ ਮੂਲ ਨਾ ਡਰਦੀਆਂ।
ਵਿੱਚ ਹਵਾਵਾਂ ਲਾਉਣ ਉਡਾਰੀ,
ਜਾ ਸਮੁੰਦਰੀ ਤਰਦੀਆਂ।
ਖੇਡਾਂ ਦੇ ਵਿੱਚ ਨਾਂ ਚਮਕਾਇਆ,
ਐਸੀ ਧਾਂਕ ਜਮਾਈ।
ਜਿੱਤ ਦਾ ਸਿਹਰਾ ਲੈ ਕੇ ਆਈਆਂ,
ਸਭ ਨੇ ਖ਼ੁਸ਼ੀ ਮਨਾਈ।

ਉਹ ਦੇਸ਼ ਨਾ ਕਰਨ ਤਰੱਕੀ,
ਜੋ ਧੀਆਂ ਨੂੰ ਦੁਰਕਾਰਨ।
ਮਾਣਨ ਕਦੇ ਨਾ ਉਹ ਖੁਸ਼ਹਾਲੀ,
ਜੋ ਕਲੀਆਂ ਨੂੰ ਸਾੜਨ।
ਧੀਆਂ ਦਾ ਦਰਜਾ ਸਭ ਤੋਂ ਉੱਚਾ,
ਗੁਰੂਆਂ ਨੇ ਫ਼ਰਮਾਇਆ।
ਹੋਵੇ ਕਿੱਡਾ ਖੱਬੀ ਖਾਨ, ਉਹ
ਹੈ ਇਨ੍ਹਾਂ ਦਾ ਜਾਇਆ।

ਇਨ੍ਹਾਂ ਧੀਆਂ ਤੋਂ ਲੈ ਕੇ ਸੇਧ
ਧੀਆਂ ਭਵਿੱਖ ਸੰਵਾਰਨ।
ਬੜਾ ਕੀਮਤੀ ਸਮਾਂ ਹੈ ਹੁੰਦਾ,
ਨਾ ਫੁਟਕਲ ਵਿੱਚ ਗੁਜ਼ਾਰਨ।
ਮਾਪਿਆਂ ਦਾ ਸਿਰ ਉੱਚਾ ਕਰਿਓ,
ਦੇਸ਼ ਦੁਨੀਆ ਦੇ ਅੰਦਰ।
'ਪੱਤੋ' ਮੰਗਦਾ ਸਦਾ ਦੁਆਵਾਂ,
ਰਹੇ ਧੀਆਂ ਦਾ ਪਹਿਲਾ ਨੰਬਰ।



## ਗ਼ਜ਼ਲ

ਬਲਵਿੰਦਰ ਬਾਲਮ ਗੁਰਦਾਸਪੁਰ

ਦਰਿਆ ਕੋਲ ਪਿਆਸ ਖੜ੍ਹੀ ਸੀ ਨਿੰਮੋਝੂਣੀ ਹੋ ਕੇ।
ਲਹਿਰਾਂ ਏਨਾ ਸ਼ੋਰ ਮਚਾਇਆ ਹੱਸ-ਹੱਸ ਕੇ ਰੋ-ਰੋ ਕੇ।
ਨੇਰ੍ਹਾ ਫਿਰ ਵੀ ਨੇਰ੍ਹੇ ਜੋਗਾ ਨੇਰ੍ਹੇ ਦੇ ਗੁਣ ਗਾਏ,
ਜੁਗਨੂੰ ਐਵੇਂ ਕਾਲਖ਼ ਲਾਹਵੇ ਮਲ-ਮਲ ਕੇ ਧੋ-ਧੋ ਕੇ।
ਬੱਦਲ ਦੀ ਬੇਰਹਿਮੀ ਨੇ ਐਸਾ ਕਹਿਰ ਕਮਾਇਆ,
ਛੱਤ ਹਾਲੋ-ਬੇਹਾਲ ਸੀ ਹੋਈ ਬਾਰਿਸ਼ ਵਿੱਚ ਚੋ-ਚੋ ਕੇ।
ਬੱਤੀ ਨੇ ਮਜ਼ਬੂਤੀ ਦੇ ਨਾਲ ਲੋਅ ਨਾ ਬੁਝਣ ਦਿੱਤੀ,
ਤੇਜ਼ ਹਵਾਵਾਂ ਦੀਵੇ ਉੱਪਰ ਆਈਆਂ ਨੇ ਹੋ-ਹੋ ਕੇ।
ਉਜਰਤ ਦੇ ਨਾਲ ਤਨ ਦੇ ਉੱਤੋਂ ਮੁੜ੍ਹਕਾ ਵੀ ਨਾ ਸੁੱਕਾ,
ਸਾਰੇ ਕਾਮੇ ਪੱਥਰ ਰੋੜੇ ਮਰ ਗਏ ਨੇ ਢੋਹ-ਢੋਹ ਕੇ।
ਪ੍ਰਸ਼ਾਸਨ ਤਕ ਆਏ ਸੀ ਜੋ ਲੋਕ ਸ਼ਿਕਾਇਤ ਕਰਤਾ,
ਝੂਠੇ ਇੱਕ ਮੁਕਦਮੇ ਅੰਦਰ ਮਾਰੇ ਨੇ ਕੋਹ-ਕੋਹ ਕੇ।
ਝੁੱਗੀਆਂ ਦੇ ਵਿੱਚ ਭੁੱਖ ਵਿਚਾਰੀ ਤੜਪ-ਤੜਪ ਕੇ ਮੋਈ,
ਰੱਜੇ ਲੋਕੀਂ ਲੈ ਗਏ ਰਾਸ਼ਨ ਹੱਥੋਂ-ਹੱਥੀਂ ਖੋਹ ਕੇ।
ਪੀੜ ਪਿਆਰੀ ਨੇ ਤਾਂ ਬਿਲਕੁਲ ਉੱਘ-ਸੁੱਘ ਵੀ ਨਾ ਕੱਢੀ,
ਹੰਝੂਆਂ ਆਤਮ-ਹੱਤਿਆ ਕੀਤੀ ਅੱਖਾਂ ਵਿੱਚ ਸਮੋ ਕੇ।
ਬਾਲਮ ਕਿਧਰੇ ਦੱਸ ਨਾ ਬੈਠੀਂ ਲੋਕੀਂ ਵਿੱਚੋਂ ਖਚਰੇ,
ਅਪਣੇ ਦਿਲ ਦੇ ਅੰਦਰ ਰੱਖੀਂ ਖ਼ੁਸ਼ੀਆਂ ਜ਼ਖ਼ਮ ਲੁਕੋ ਕੇ।

## ਨਵਾਂ ਸਾਲ ਇੱਕ ਫ਼ਾਸਲੇ ਤੋਂ

ਰਜਿੰਦਰ ਹਰਗੜ੍ਹੀਆ



ਲੰਘੇ ਕਈ ਸਾਲਾਂ ਵਾਂਗ
ਇਸ ਵਾਰ ਵੀ ਸੈਂਕੜੇ ਕਾਰਡ ਦੇਖ ਕੇ
ਤੇਰੇ ਲਈ ਖਰੀਦਿਆ
ਨਵੇਂ ਸਾਲ ਦਾ
ਨਿਵੇਕਲਾ ਜਿਹਾ ਗਰੀਟਿੰਗ ਕਾਰਡ।
ਫਿਰ ਬਿਨਾਂ ਕਿਤੇ ਭੇਜੇ
ਰੱਖ ਲਿਆ ਹੈ ਛੁਪਾ ਕੇ
ਤੇਰੀਆਂ ਪਸੰਦੀਦਾ ਕਿਤਾਬਾਂ 'ਚ।
ਕਾਰਡ, ਜਿਸ ਵਿੱਚ ਲਿਖੀ ਹੋਈ ਹੈ
ਤੇਰੀ ਨਿੱਕੀ ਤੋਂ ਨਿੱਕੀ
ਹਰ ਹਾਸੇ ਦੀ ਗੱਲ
ਤੇ ਮੇਰੀ ਹਰ ਉਦਾਸੀ ਦੀ ਗੱਲ।
ਲਿਖ ਕੇ ਕੱਟੀ ਹੋਈ ਸਤਰ
ਆਏ ਦਿਨ
ਇਨਕਲਾਬ ਦੇ ਬਦਲਦੇ ਅਰਥਾਂ ਬਾਰੇ
ਕੁਝ ਸ਼ਬਦ।
ਤੇਰੇ ਪਿੰਡ ਦੇ ਮੀਲਪੱਥਰ 'ਤੇ ਲੱਗੇ
ਆਇਲਜ਼ ਦੇ ਫਟੇ ਹੋਏ ਇਸ਼ਤਿਹਾਰ ਬਾਰੇ।
ਚਾਹੁੰਦਾ ਹੋਇਆ ਵੀ ਲਿਖ ਨਹੀਂ ਸਕਿਆ
ਕਿ
ਲੰਘੇ ਸਾਲ ਵੀ ਫਿਰ ਤੋਂ ਫ਼ਾਸਲਾ ਰਹਿ
ਗਿਆ
ਤੇਰੇ ਘੁੱਗ ਵਸਦੇ ਸ਼ਹਿਰ ਤੋਂ
ਸਾਡੇ ਪਿੰਡ ਦੀ ਸੁੱਕੀ ਨਹਿਰ ਤੱਕ।
ਏ ਆਈ ਦੇ ਯੁੱਗ ਵਿੱਚ
ਖਾਨਾਬਦੋਸ਼ ਸਾਥੀਆਂ ਦੀ ਲਹਿਰ ਤੱਕ।

ਉਂਝ ਅਸੀਂ ਜੀਅ ਤਾਂ ਰਹੇ ਹਾਂ
ਕਰਦੇ ਹੋਏ ਇੰਤਜ਼ਾਰ
ਕਿਉਂਕਿ
ਹਰੇਕ ਫ਼ਾਸਲਾ ਮਿਟਾਉਣ ਲਈ
ਫ਼ੈਸਲਾ ਲੈਣ 'ਚ ਸਾਥੀਆਂ ਦੀ ਦੇਰੀ ਹੈ।
ਸਾਡੀ ਰੂਹ ਦੇ ਪੰਛੀ
ਉਡਾਣ ਤਾਂ ਨਹੀਂ ਭੁੱਲੇ ਪਰ
ਰੀਂਗਦੇ ਹੋਏ ਜੀਣਾ ਸਮਿਆਂ ਦੀ ਸਾਜ਼ਿਸ਼
ਤੇ ਅੰਦਰੋਂ ਕੋਂਹਦੀ ਮਜਬੂਰੀ ਹੈ
ਤਦ ਤੱਕ ਸਾਂਭਣਾ।

ਬਚਪਨ ਵਿੱਚ ਮਾਪਿਆਂ ਤੋਂ ਚੋਰੀ
ਦੱਬੇ ਬੰਟਿਆਂ ਦੀ ਯਾਦ ਜਿਹੀ
ਧੁੰਦਲੀ ਪੈਂਦੀ ਆਪਣੇ ਰਿਸ਼ਤੇ ਦੀ ਯਾਦ।
ਤੇ ਕਰੀਂ ਸਾਡੀ ਜਿੱਤ ਜਾਂ ਅੰਤ ਦਾ ਇੰਤਜ਼ਾਰ
ਸ਼ਾਇਦ ਇਸ ਚੜ੍ਹੇ ਜਾਂ ਆਉਂਦੇ ਕਿਸੇ ਵਰ੍ਹੇ
ਦੇ ਅੰਤ
ਇਹ ਦਰਜਨਾਂ ਗਰੀਟਿੰਗ ਕਾਰਡ ਹੱਥ ਫੜੀ
ਹਾਜ਼ਰ ਹੋਵਾਂ
ਤੇਰੇ ਦੁਆਰ।
* * * ****

## ਨ.ਫਰਤ ਦੀ ਮੰਡੀ

ਪ੍ਰਸ਼ੋਤਮ 'ਪੱਤੋ'



ਅੱਜ-ਕੱਲ੍ਹ ਦੁਨੀਆ ਦੀ ਵੰਡੀ,
ਦੇਖੀ ਨ੍ਹੀਂ ਜਾਂਦੀ।
ਹੋ ਰਹੀ ਮਨੁੱਖਤਾ ਦੀ ਭੰਡੀ,
ਦੇਖੀ ਨ੍ਹੀਂ ਜਾਂਦੀ।
ਵੱਖੋ-ਵੱਖਰੇ ਸੰਖ ਅੱਜ
ਆਵਾਜ਼ਾਂ ਕੱਢ ਰਹੇ ਨੇ,
ਇਹ ਫੁਕਰਿਆਂ ਦੀ ਝੰਡੀ,
ਦੇਖੀ ਨ੍ਹੀਂ ਜਾਂਦੀ।
ਇਨਸਾਫ਼ ਅਤੇ ਸੱਚ,
ਵਿੱਚ ਭਲਾ ਸਾਰਿਆਂ ਦਾ,
ਕਿਉਂ ਇਹ ਸਿੱਧੀ ਜਿਹੀ ਡੰਡੀ,
ਦੇਖੀ ਨ੍ਹੀਂ ਜਾਂਦੀ?
ਹਿੰਦੂ, ਮੁਸਲਿਮ ਜਾਂ ਸਿੱਖ, ਇਸਾਈ,
ਹੱਥ ਇੱਕ ਦੂਜੇ ਦੇ ਘੰਡੀ,
ਦੇਖੀ ਨ੍ਹੀਂ ਜਾਂਦੀ।
ਇਹ ਹਾਲ ਹੈ ਦੁਨੀਆ ਦਾ,
ਬਸ ਬੇੜਾ ਗ਼ਰਕ ਹੈ,
ਚੜ੍ਹ ਰਹੀ ਪਖੰਡੀ 'ਤੇ ਪਖੰਡੀ,
ਦੇਖੀ ਨ੍ਹੀਂ ਜਾਂਦੀ।
ਵਿਸਫੋਟਾਂ ਦੀ ਦੁਨੀਆ,
ਮਾਸੂਮਾਂ ਦਾ ਮਾਤਮ,
ਸਭ ਮੁਖੀਆਂ ਦੀ ਘੁਮੰਡੀ,
ਦੇਖੀ ਨ੍ਹੀਂ ਜਾਂਦੀ।
ਜੇ ਇਹੀ ਹਾਲ ਰਿਹਾ,
ਆਖ਼ਰ ਕੀ ਬਣੇਗਾ?
ਐਸੀ ਭਿਆਨਕ ਪਗਡੰਡੀ,
ਦੇਖੀ ਨ੍ਹੀਂ ਜਾਂਦੀ।
ਆਓ ਰਲ ਕੇ ਕਰੀਏ,
ਇਨਸਾਨੀਅਤ ਦੀ ਗੱਲ,
'ਪੱਤੋ' ਨਫ਼ਰਤਾਂ ਦੀ ਮੰਡੀ,
ਹੁਣ ਦੇਖੀ ਨ੍ਹੀਂ ਜਾਂਦੀ।

## ਬੰਦੀ

ਅਮਰਜੀਤ ਸਿੰਘ ਫ਼ੌਜੀ

ਬੰਦਾ ਉਹ ਜੋ ਸਦਾ ਵਿੱਚ ਰਹੇ ਬੰਦੀ,
ਬਾਹਰ ਬੰਦੀਓਂ ਬੰਦਾ ਸ਼ੈਤਾਨ ਹੋਵੇ।
ਬੰਦੀ ਹੋਵੇ ਤਾਂ ਲੱਖ ਨੂੰ ਕੱਖ ਜਾਣੇ,
ਬਾਹਰ ਬੰਦੀਓਂ ਕੱਖ ਤੇ ਬੇਈਮਾਨ ਹੋਵੇ।
ਬੰਦਾ ਹੋਵੇ ਜੋ ਵਕਤ ਵਿਚਾਰ ਜਾਵੇ,
ਬਿਨਾਂ ਬੰਦੀ ਤੋਂ ਸਦਾ ਖੁਆਰ ਹੋਵੇ।
ਵਿੱਚ ਬੰਦੀ ਦੇ ਮਿਲੇ ਸਤਿਕਾਰ ਪੂਰਾ,
ਬਾਹਰ ਬੰਦੀਓਂ ਸਦਾ ਸ਼ਰਮਸਾਰ ਹੋਵੇ।
ਵਿੱਚ ਬੰਦੀ ਦੇ ਬੰਦੇ ਦੀ ਹੋਏ ਸੇਵਾ,
ਬਾਹਰ ਬੰਦੀ ਦੇ ਦਰਕਿਨਾਰ ਹੋਵੇ।
ਵਿੱਚ ਬੰਦੀ ਮਸਕੀਨ ਨੂੰ ਮਿਲੇ ਸ਼ੋਹਰਤ,
ਬਾਹਰ ਬੰਦੀਓਂ ਦੁਖੀ ਸ਼ਾਹੂਕਾਰ ਹੋਵੇ।
ਵਿੱਚ ਬੰਦੀ ਦੇ ਸਿਰ ਦਾ ਤਾਜ ਬਣ ਜੇ,
ਬਿਨਾਂ ਬੰਦੀ ਦੇ ਬੰਦਾ ਰੁਲ ਜਾਵੇ।

ਬੰਦੀ ਵਿੱਚ ਰਹਿਣ ਦਾ ਕਰੇ ਨਾਟਕ,
ਭੇਤ ਬੰਦੇ ਦਾ ਇੱਕ ਦਿਨ ਖੁੱਲ੍ਹ ਜਾਵੇ।
ਵਿੱਚ ਬੰਦੀ ਦੇ ਬੰਦੇ ਦੀ ਕਦਰ ਹੁੰਦੀ,
ਬਾਹਰ ਬੰਦੀਓਂ ਬੇਕਦਰਾ ਫਿਰੇ ਬੰਦਾ।
ਵਿੱਚ ਬੰਦੀ, ਸੱਜਣ ਬਣ ਜਾਣ ਸਾਰੇ,
ਬਾਹਰ ਬੰਦੀਓਂ ਨਫ਼ਰਤੀਂ ਘਿਰੇ ਬੰਦਾ।
ਕਾਮ ਕ੍ਰੋਧ ਬੰਦੀ ਵਿੱਚ ਵੱਸ ਹੋਵਣ,
ਲੋਭ ਲਾਲਚ, ਬੰਦੀ ਵਿੱਚ ਰੱਖ ਬੰਦੇ।

ਬਾਝ ਬੰਦੀਓਂ ਬੇਲਗਾਮ ਹੋਵਣ,
ਪੱਲੇ ਬੰਦੇ ਦੇ ਛੱਡੇ ਨਾ ਕੱਖ ਬੰਦੇ।
ਵਿੱਚ ਬੰਦੀ, ਪਰਾਈਆਂ ਵੀ ਦਿਸਣ ਧੀਆਂ,
ਬਾਹਰ ਬੰਦੀਓਂ ਦ੍ਰਿਸ਼ਟ ਮਲੀਨ ਹੋਵੇ।
ਬਾਹਰ ਬੰਦੀਓਂ ਬੰਦੇ ਨੂੰ ਇਉਂ ਜਾਣੋ,
ਜਿਵੇਂ ਕੱਲਰੀ ਬੰਜਰ ਜ਼ਮੀਨ ਹੋਵੇ।
ਬੰਦੀ, ਬੰਦੀ ਵਿੱਚ ਵੀ ਫ਼ਰਕ ਹੁੰਦੈ,
ਬੰਦੀ ਹੁੰਦੀ, ਸਮਾਜਿਕ ਅਸੂਲ ਬੰਦੇ।
ਵਿੱਚ ਬੰਦੀ ਦੇ ਰਹਿ ਕੇ ਮਾਣ ਮੌਜਾਂ,
ਬਾਹਰ ਇਸ ਤੋਂ ਜਾਈਂ ਨਾ ਮੂਲ ਬੰਦੇ।
ਦੀਨੇ ਵਾਲਿਆ ਊਟ ਪਟਾਂਗ ਲਿਖਦੇ,
ਪਰ ਲਿਖਦੇ ਬੰਦੀ ਦੇ ਵਿੱਚ ਰਹਿ ਕੇ।
ਪੜ੍ਹਨ ਵਾਲੇ 'ਫ਼ੌਜੀਆ' ਪਿਆਰ ਬਖ਼ਸ਼ਣ,
ਝੋਲੀਆਂ ਭਰ ਲੈ ਚਰਨਾਂ ਵਿੱਚ ਬਹਿ ਕੇ।

## ਬੋਲੀਆਂ

ਲੋਕ ਬੰਧੂ

ਫੇਸਬੁੱਕ ਨੂੰ ਦੇਖੀ ਜਾਵੇ ਮੇਰਾ ਫੇਸ ਨਾ ਦੇਖੇ
ਏਸ ਖੇਡ 'ਚੋਂ ਕੀ ਕੱਢ ਲਊਗਾ ਫਿਰਦਾ ਵਿੱਚ ਭੁਲੇਖੇ
ਆਈ ਤੇ ਜੇ ਆ ਗਈ ਲੈ ਲਊਂ ਸਾਰੇ ਲੇਖੇ...।
ਤਾਮਕੋਟ ਤੋਂ ਮੇਲ ਨਾਨਕਾ ਆ ਗਿਆ ਕੈਂਟਰ ਭਰਕੇ
ਖੁਰਗੋ ਪੱਟਦਾ ਨੱਚਦਾ ਆਉਂਦਾਲੋਕ ਦੇਖਦੇ ਖੜ੍ਹ ਕੇ
ਕੁੱਟਦਾ ਕਮਲ ਫਿਰੇ ਵਿਹੜੇ ਦੇ ਵਿੱਚ ਵੜ ਕੇ...।
ਮੌੜਾਂ ਵਾਲਾ ਮਾਸੜ ਸਾਡਾ ਕਰਦਾ ਗੱਲ ਅਵੱਲੀ
ਸ਼ੌਕ ਓਸਦੇ ਬੜੇ ਨਿਰਾਲੇ ਚਾਹ ਨਾਲ ਖਾਵੇ ਛੱਲੀ
ਬਿਨਾਂ ਕਿਸੇ ਦੀ ਗੱਲ ਸੁਣੇਂ ਤੋਂ ਦਿੰਦਾ ਫਿਰੇ ਤਸੱਲੀ
ਕਮਲੇ ਮਾਸੜ ਨੂੰ ਮਾਸੀ ਫਿਰੇ ਦਵੱਲੀ...।
ਲੋਕੀਂ ਹੋਗੇ ਹੋਛੇ ਬਾਹਲੇ ਲੋੜੋਂ ਵੱਧ ਖਰਚੀਲੇ
ਜਿੰਨੇ ਅੰਦਰੋਂ ਔਖੇ ਬਾਹਰੋਂ ਓਨੇ ਹੀ ਚਮਕੀਲੇ
ਕਰਜ਼ ਚੜ੍ਹਾਅ ਕੇ ਖੇਡਾਂ ਖੇਡਣ ਪਿੱਛੋਂ ਕਰਦੇ ਹੀਲੇ
ਵਿਆਹ ਦੀ ਦਾਅਵਤ ਦੇ ਗਿਣੇ ਨਾ ਜਾਣ ਪਤੀਲੇ।

## ਅਖਾਣ ਪੱਥਰ 'ਤੇ ਲੀਕ

ਤਰਲੋਚਨ ਸਿੰਘ ਦੁਪਾਲ ਪੁਰ

'ਸੌ ਦਿਨ' ਚੋਰ ਦੇ ਹੁੰਦੇ ਨੇ ਬਹੁਤ ਭਾਵੇਂ,
ਦਿਨ ਸਾਧ ਦਾ ਹੁੰਦਾ ਨਜ਼ਦੀਕ ਯਾਰੋ।
ਮਾਤਾ ਚੋਰ ਦੀ 'ਕੋਠੀ ਵਿੱਚ ਮੂੰਹ' ਰੱਖੇ,
ਹੱਸੇ ਦੁਨੀਆ ਤੇ ਨਾਲ ਸ਼ਰੀਕ ਯਾਰੋ।
ਖਾਂਦੇ ਚੋਰਾਂ ਨੂੰ ਹੁੱਬ ਹੁੱਬ ਕੇ ਦੇਖੀਏ ਨਾ,
ਪੈ ਰਹੀ ਕੁੱਟ ਹੀ ਦੇਖਣੀ ਠੀਕ ਯਾਰੋ।
ਮਿਣਦੇ 'ਕੱਪੜੇ ਚੋਰੀ' ਦੇ ਨਾਲ ਡਾਂਗਾਂ,
ਆਵੇ ਯਾਦ ਜਦ ਨਿਕਲੇ ਚੀਕ ਯਾਰੋ।
ਇਹ 'ਅਖਾਣ' ਜੋ ਬੈਂਤ ਦੇ ਵਿੱਚ ਵਰਤੇ,
ਝੂਠੇ ਨਹੀਂ ਇਹ ਪੱਥਰ 'ਤੇ ਲੀਕ ਯਾਰੋ।
ਚਲਦੀ 'ਬਾਬੇ ਦੀ ਚੱਕੀ' ਬੇਸ਼ੱਕ ਹੌਲੀ,
ਪਰ ਪੀਂਹਦੀ ਐ ਬਹੁਤ ਬਰੀਕ ਯਾਰੋ।

## ਟੀ-20 ਵਿਸ਼ਵ ਕੱਪ

# ਦਿਲਪ੍ਰੀਤ ਦੀ ਅਗਵਾਈ ਵਿੱਚ ਖੇਡੇਗੀ ਕੈਨੇਡੀਅਨ ਟੀਮ

ਗੁਰਦਾਸਪੁਰ ਵਿੱਚ ਜੰਮਿਆ ਪਲਿਆ ਦਿਲਪ੍ਰੀਤ ਬਾਜਵਾ ਅਗਾਮੀ ਆਈਸੀਸੀ ਪੁਰਸ਼ ਟੀ-20 ਵਿਸ਼ਵ ਕੱਪ ਵਿੱਚ ਕੈਨੇਡੀਅਨ ਕ੍ਰਿਕਟ ਟੀਮ ਦੀ ਅਗਵਾਈ ਕਰੇਗਾ। ਬਾਜਵਾ 2020 ਵਿੱਚ ਕੈਨੇਡਾ ਸ਼ਿਫਟ ਹੋ ਗਿਆ ਸੀ ਤੇ ਪਿਛਲੇ ਸਾਲ ਮੌਂਟਰੀਅਲ ਟਾਈਗਰਜ਼ ਲਈ ਗਲੋਬਲ ਟੀ-20 ਕੈਨੇਡਾ ਟੂਰਨਾਮੈਂਟ ਵਿੱਚ ਸੈਂਕੜਾ ਲਗਾਉਣ ਵਾਲਾ ਪਹਿਲਾ ਕੈਨੇਡੀਅਨ ਬਣਿਆ ਸੀ। ਆਪਣੇ ਪਿਛਲੇ ਕੁਝ ਇੰਟਰਵਿਊਜ਼ ਵਿੱਚ ਬਾਜਵਾ ਨੇ ਦਾਅਵਾ ਕੀਤਾ ਸੀ ਕਿ ਪੰਜਾਬ ਵਿੱਚ ਖੇਡਦੇ ਸਮੇਂ ਉਸ ਨੂੰ ਰਿਜੈਕਸ਼ਨ ਦਾ ਸਾਹਮਣਾ ਕਰਨਾ ਪਿਆ ਸੀ। ਉਸ ਨੇ ਕਿਹਾ ਕਿ ਇਹ ਇੱਕ ਅਜਿਹਾ ਕਦਮ ਸੀ ਜਿਸ ਕਾਰਨ ਉਨ੍ਹਾਂ ਨੂੰ ਆਪਣਾ ਬੇਸ ਕੈਨੇਡਾ ਸ਼ਿਫਟ ਕਰਨਾ ਪਿਆ।



2024 ਵਿੱਚ ਟੀ-20 ਵਿਸ਼ਵ ਕੱਪ ਵਿੱਚ ਆਪਣਾ ਡੈਬਿਊ ਕਰਦੇ ਹੋਏ ਕੈਨੇਡਾ ਗਰੁੱਪ ਪੜਾਅ ਵਿੱਚ ਚੌਥੇ ਸਥਾਨ ’ਤੇ ਰਿਹਾ ਸੀ, ਪਰ ਤਿੰਨ ਅੰਕ ਹਾਸਲ ਕਰਨ ਵਿੱਚ ਸਫ਼ਲ ਰਿਹਾ। ਇਸ ਵਿੱਚ ਯੂਰਪੀਅਨ ਟੀਮ ਆਇਰਲੈਂਡ ਖਿਲਾਫ਼ 12 ਦੌੜਾਂ ਦੀ ਜਿੱਤ ਵੀ ਸ਼ਾਮਲ ਸੀ। ਟੀਮ ਨੇ ਆਈਸੀਸੀ ਪੁਰਸ਼ ਟੀ-20 ਵਿਸ਼ਵ ਕੱਪ ਅਮਰੀਕਾ ਰੀਜਨਲ ਫਾਈਨਲ ਜਿੱਤ ਕੇ ਟੂਰਨਾਮੈਂਟ ਦੇ ਇਸ ਐਡੀਸ਼ਨ ਵਿੱਚ ਜਗ੍ਹਾ ਬਣਾਈ ਹੈ। ਟੀਮ ਨੇ ਛੇ ਮੈਚ ਖੇਡੇ ਅਤੇ ਸਾਰੇ ਜਿੱਤੇ, ਇਸ ਤਰ੍ਹਾਂ ਟੇਬਲ ਵਿੱਚ ਸਿਖਰ ’ਤੇ ਰਹੀ, ਅਤੇ ਟੀ-20 ਵਿਸ਼ਵ ਕੱਪ ਲਈ ਆਪਣਾ ਟਿਕਟ ਬੁੱਕ ਕੀਤਾ। ਅਮਰੀਕਾ ਰੀਜਨਲ ਕੁਆਲੀਫਾਇਰ ਦੌਰਾਨ, ਸ਼ਿਵਮ ਸ਼ਰਮਾ ਦੀ ਆਫ-ਸਪਿਨ (7.81 ਦੀ ਔਸਤ ਨਾਲ 11 ਵਿਕਟਾਂ) ਅਤੇ ਕਲੀਮ ਸਨਾ ਦੀ ਖੱਬੇ ਹੱਥ ਦੀ ਗਤੀ (7.5 ਦੀ ਔਸਤ ਨਾਲ 10 ਵਿਕਟਾਂ) ਕਾਫ਼ੀ ਪ੍ਰਭਾਵਸ਼ਾਲੀ ਸਾਬਤ ਹੋਈਆਂ।

ਬੱਲੇਬਾਜ਼ੀ ਦੀ ਗੱਲ ਕਰੀਏ ਤਾਂ ਕੈਨੇਡੀਅਨ ਟੀਮ ਕੋਲ ਹਮਲਾਵਰ ਬੱਲੇਬਾਜ਼ ਨਿਕੋਲਸ ਕਿਰਟਨ ਹੈ, ਜਿਸ ਨੂੰ ਸਾਥੀ ਯੁਵਰਾਜ ਸਮਰਾ ਤੋਂ ਚੰਗੇ ਸਾਥ ਦੀ ਉਮੀਦ ਹੈ। ਸਮਰਾ ਦਾ ਸਟ੍ਰਾਈਕ-ਰੇਟ 160.72 ਹੈ। ਕੈਨੇਡਾ ਨੂੰ ਵਿਸ਼ਵ ਕੱਪ ਵਿਚ ਸ਼ੁਰੂਆਤੀ ਪੜਾਅ ਵਿੱਚ ਹੀ ਕਾਫ਼ੀ ਮਿਹਨਤ ਕਰਨੀ ਪੈ ਸਕਦੀ ਹੈ ਕਿਉਂਕਿ ਉਨ੍ਹਾਂ ਦੇ ਗਰੁੱਪ ਵਿੱਚ ਦੱਖਣੀ ਅਫਰੀਕਾ, ਨਿਊਜ਼ੀਲੈਂਡ, ਅਫਗਾਨਿਸਤਾਨ ਅਤੇ ਯੂਏਈ ਹਨ। ਉਹ 9 ਫਰਵਰੀ ਨੂੰ ਅਹਿਮਦਾਬਾਦ ਵਿੱਚ ਦੱਖਣੀ ਅਫਰੀਕਾ ਵਿਰੁੱਧ ਆਪਣੀ ਮੁਹਿੰਮ ਦੀ ਸ਼ੁਰੂਆਤ ਕਰਨਗੇ।

ਹਾਲਾਂਕਿ ਕੈਨੇਡੀਅਨ ਮੀਡੀਆ ਨੇ ਦਾਅਵਾ ਕੀਤਾ ਹੈ ਕਿ ਕੋਚ ਇੰਗਲਟਨ ਲਿਬਰਡ, ਜੋ ਕਿ ਕੈਨੇਡਾ ਦੇ ਸਾਬਕਾ ਅੰਤਰਰਾਸ਼ਟਰੀ ਖਿਡਾਰੀ ਹਨ, ਨੇ 20 ਮੈਂਬਰੀ ਟੀਮ ਟੀਮ ਬਣਾਈ ਸੀ ਜਿਸ ਵਿੱਚ ਨਿਕੋਲਸ ਕਿਰਟਨ ਨੂੰ ਕਪਤਾਨ ਬਣਾਇਆ ਗਿਆ ਸੀ। ਹਾਲਾਂਕਿ ਬਾਜਵਾ ਨੂੰ ਟੂਰਨਾਮੈਂਟ ਲਈ ਕਿਰਟਨ ਦੀ ਜਗ੍ਹਾ ਕਪਤਾਨ ਬਣਾਇਆ ਗਿਆ ਸੀ। ਕਿਰਟਨ ਨੇ 2024 ਵਿੱਚ ਸਾਬਕਾ ਕਪਤਾਨ ਸਾਦ ਬਿਨ ਜ਼ਫਰ ਦੀ ਜਗ੍ਹਾ ਲਈ ਸੀ।

ਕੈਨੇਡੀਅਨ ਟੀਮ ਇਸ ਤਰ੍ਹਾਂ ਹੈ:

ਟੀਮ: ਦਿਲਪ੍ਰੀਤ ਬਾਜਵਾ (ਕਪਤਾਨ), ਅਜੈਵੀਰ ਹੁੰਦਲ, ਅੰਸ਼ ਪਟੇਲ, ਦਿਲੋਨ ਹੇਲੀਗਰ, ਹਰਸ਼ ਠਾਕਰ, ਜਸਕਰਨਦੀਪ ਬੁੱਟਰ, ਕਲੀਮ ਸਨਾ, ਕੰਵਰਪਾਲ ਤੱਥਗੁਰ, ਨਵਨੀਤ ਧਾਲੀਵਾਲ, ਨਿਕੋਲਸ ਕਿਰਟਨ, ਰਵਿੰਦਰਪਾਲ ਸਿੰਘ, ਸਾਦ ਬਿਨ ਜ਼ਫਰ, ਸ਼ਿਵਮ ਸ਼ਰਮਾ, ਸ਼੍ਰੇਅਸ ਮੋਵਾ, ਯੁਵਰਾਜ ਸਮਰਾ।

# ਅਥਲੈਟਿਕ ਚੈਂਪੀਅਨਸ਼ਿਪ 6 ਫਰਵਰੀ ਤੋਂ

## ਤਜਿੰਦਰਪਾਲ ਸਿੰਘ ਤੂਰ ਦੀ ਅਗਵਾਈ ’ਚ ਜਾਵੇਗੀ ਭਾਰਤੀ ਟੀਮ



ਏਸ਼ਿਆਈ ਖੇਡਾਂ ’ਚ ਦੋ ਵਾਰ ਸੋਨ ਤਗ਼ਮਾ ਜਿੱਤ ਚੁੱਕਾ ਸ਼ਾਟ ਪੁੱਟਰ ਤਜਿੰਦਰਪਾਲ ਸਿੰਘ ਤੂਰ 6 ਤੋਂ 8 ਫਰਵਰੀ ਤੱਕ ਚੀਨ ਦੇ ਤਿਆਨਜਿਨ ’ਚ ਹੋਣ ਵਾਲੀ 12ਵੀਂ ਏਸ਼ਿਆਈ ਇਨਡੋਰ ਅਥਲੈਟਿਕ ਚੈਂਪੀਅਨਸ਼ਿਪ ’ਚ 18 ਮੈਂਬਰੀ ਭਾਰਤੀ ਟੀਮ ਦੀ ਅਗਵਾਈ ਕਰੇਗਾ। ਇਸ ਚੈਂਪੀਅਨਸ਼ਿਪ ਲਈ ਟੀਮ ਤਿੰਨ ਫਰਵਰੀ ਨੂੰ ਰਵਾਨਾ ਹੋਵੇਗੀ।

ਟੀਮ ’ਚ ਤੂਰ ਤੋਂ ਇਲਾਵਾ ਨੌਜਵਾਨ ਸ਼ਾਟ ਪੁੱਟਰ ਸਮਰਦੀਪ ਸਿੰਘ ਗਿੱਲ ਵੀ ਸ਼ਾਮਲ ਹੈ। ਤੂਰ ਤਿਆਨਜਿਨ ’ਚ ਸੋਨ ਤਗ਼ਮਾ ਜਿੱਤਣ ਦੇ ਮਜ਼ਬੂਤ ਦਾਅਵੇਦਾਰਾਂ ’ਚੋਂ ਇੱਕ ਹੈ, ਕਿਉਂਕਿ ਉਸ ਨੇ ਪਿਛਲੇ ਕਈ ਸਾਲਾਂ ਤੋਂ ਏਸ਼ਿਆਈ ਇਨਡੋਰ ਚੈਂਪੀਅਨਸ਼ਿਪ ’ਚ ਆਪਣੇ ਵਰਗ ਵਿੱਚ ਦਬਦਬਾ ਬਣਾਇਆ ਹੋਇਆ ਹੈ। ਤੂਰ ਨੇ 2024 ’ਚ ਤਹਿਰਾਨ ’ਚ ਕਰਵਾਈ ਗਈ 11ਵੀਂ ਏਸ਼ਿਆਈ ਇਨਡੋਰ ਚੈਂਪੀਅਨਸ਼ਿਪ ’ਚ 19.72 ਮੀਟਰ ਗੋਲਾ ਸੁੱਟ ਕੇ ਸੋਨੇ ਦਾ ਤਗ਼ਮਾ ਜਿੱਤਿਆ ਸੀ। ਪੰਜਾਬ ਦੇ 31 ਸਾਲਾ ਖਿਡਾਰੀ ਨੇ ਅਸਤਾਨਾ ’ਚ 2023 ’ਚ ਵੀ ਸਿਖਰਲਾ ਸਥਾਨ ਹਾਸਲ ਕੀਤਾ ਸੀ। ਉਸੇ ਸਾਲ ਉਸ ਨੇ ਭੁਵਨੇਸ਼ਵਰ ’ਚ 21.77 ਮੀਟਰ ਦਾ ਕੌਮੀ ਰਿਕਾਰਡ ਬਣਾਇਆ ਸੀ।

# ਦੁਨੀਆ ਦਾ ਨੰਬਰ ਇੱਕ ਬੱਲੇਬਾਜ਼ ਬਣਿਆ ਕੋਹਲੀ

ਦੁਬਈ/ਏ.ਟੀ.ਨਿਊਜ਼: ਭਾਰਤੀ ਕ੍ਰਿਕਟ ਟੀਮ ਦਾ ਸਟਾਰ ਬੱਲੇਬਾਜ਼ ਵਿਰਾਟ ਕੋਹਲੀ ਆਈ ਸੀ ਸੀ ਇੱਕ ਰੋਜ਼ਾ ਦਰਜਾਬੰਦੀ ਵਿੱਚ ਇੱਕ ਵਾਰ ਫਿਰ ਸਿਖਰ ’ਤੇ ਪਹੁੰਚ ਗਿਆ ਹੈ। ਵਡੋਦਰਾ ਵਿੱਚ ਨਿਊਜ਼ੀਲੈਂਡ ਖ਼ਿਲਾਫ਼ ਖੇਡੇ ਗਏ ਪਹਿਲੇ ਇੱਕ ਰੋਜ਼ਾ ਮੈਚ ਵਿੱਚ 93 ਦੌੜਾਂ ਦੀ ਸ਼ਾਨਦਾਰ ਪਾਰੀ ਖੇਡ ਕੇ ਕੋਹਲੀ ਨੇ ਰੋਹਿਤ ਸ਼ਰਮਾ ਨੂੰ ਪਛਾੜਦਿਆਂ ਇਹ ਪ੍ਰਾਪਤੀ ਹਾਸਲ ਕੀਤੀ। 37 ਸਾਲਾ ਕੋਹਲੀ ਜੁਲਾਈ 2021 ਤੋਂ ਬਾਅਦ ਪਹਿਲੀ ਵਾਰ ਸਿਖਰਲੇ ਸਥਾਨ ’ਤੇ ਪਹੁੰਚਿਆ ਹੈ।



ਕੋਹਲੀ ਦਾ ਹਾਲੀਆ ਪ੍ਰਦਰਸ਼ਨ ਸ਼ਾਨਦਾਰ ਰਿਹਾ ਹੈ। ਉਸ ਨੇ ਆਸਟ੍ਰੇਲੀਆ ਖ਼ਿਲਾਫ਼ ਨਾਬਾਦ 74 ਅਤੇ ਦੱਖਣੀ ਅਫਰੀਕਾ ਖ਼ਿਲਾਫ਼ 135, 102 ਅਤੇ ਨਾਬਾਦ 65 ਦੌੜਾਂ ਦੀਆਂ ਪਾਰੀਆਂ ਖੇਡੀਆਂ ਸਨ। ਨਿਊਜ਼ੀਲੈਂਡ ਖ਼ਿਲਾਫ਼ 93 ਦੌੜਾਂ ਨਾਲ ਉਹ ਅੰਤਰਰਾਸ਼ਟਰੀ ਕ੍ਰਿਕਟ ਵਿੱਚ ਸਚਿਨ ਤੇਂਦੁਲਕਰ ਤੋਂ ਬਾਅਦ ਸਭ ਤੋਂ ਵੱਧ ਦੌੜਾਂ ਬਣਾਉਣ ਵਾਲਾ ਦੂਜਾ ਖਿਡਾਰੀ ਬਣ ਗਿਆ ਹੈ। ਉਹ 11ਵੀਂ ਵਾਰ ਦੁਨੀਆ ਦਾ ਨੰਬਰ ਇੱਕ ਬੱਲੇਬਾਜ਼ ਬਣਿਆ ਹੈ। ਉਹ ਹੁਣ ਤੱਕ ਕੁੱਲ 825 ਦਿਨ ਇਸ ਸਥਾਨ ’ਤੇ ਰਹਿ ਚੁੱਕਾ ਹੈ, ਜੋ ਕਿਸੇ ਵੀ ਭਾਰਤੀ ਬੱਲੇਬਾਜ਼ ਲਈ ਇੱਕ ਰਿਕਾਰਡ ਹੈ। ਸਾਬਕਾ ਕਪਤਾਨ ਰੋਹਿਤ ਸ਼ਰਮਾ ਤੀਜੇ ਸਥਾਨ ’ਤੇ ਖਿਸਕ ਗਿਆ ਹੈ। ਭਾਰਤੀ ਕਪਤਾਨ ਸ਼ੁਭਮਨ ਗਿੱਲ ਪੰਜਵੇਂ ਸਥਾਨ ’ਤੇ ਬਰਕਰਾਰ ਹਨ ਅਤੇ ਸ਼੍ਰੇਅਸ ਅਈਅਰ ਵੀ ਸਿਖਰਲੇ 10 ਬੱਲੇਬਾਜ਼ਾਂ ਵਿੱਚ ਸ਼ਾਮਲ ਹਨ। ਨਿਊਜ਼ੀਲੈਂਡ ਦਾ ਡੈਰਿਲ ਮਿਸ਼ੇਲ 84 ਦੌੜਾਂ ਦੀ ਪਾਰੀ ਨਾਲ ਦੂਜੇ ਸਥਾਨ ’ਤੇ ਪਹੁੰਚ ਗਿਆ ਹੈ ਅਤੇ ਉਹ ਕੋਹਲੀ ਤੋਂ ਮਹਿਜ਼ ਇੱਕ ਅੰਕ ਪਿੱਛੇ ਹੈ। ਗੇਂਦਬਾਜ਼ੀ ਰੈਂਕਿੰਗ ਵਿੱਚ ਭਾਰਤ ਦਾ ਮੁਹੰਮਦ ਸਿਰਾਜ ਪੰਜ ਸਥਾਨਾਂ ਦੀ ਛਾਲ ਮਾਰ ਕੇ 15ਵੇਂ ਨੰਬਰ ’ਤੇ ਆ ਗਿਆ ਹੈ। ਨਿਊਜ਼ੀਲੈਂਡ ਦਾ ਕਾਇਲ ਜੈਮੀਸਨ ਵੀ 27 ਸਥਾਨ ਉੱਪਰ ਭਾਰਤੀ ਤੇਜ਼ ਗੇਂਦਬਾਜ਼ ਅਰਸ਼ਦੀਪ ਸਿੰਘ ਨਾਲ ਸਾਂਝੇ ਤੌਰ ’ਤੇ 69ਵੇਂ ਸਥਾਨ ’ਤੇ ਪਹੁੰਚ ਗਿਆ ਹੈ।

ਸੁਦੀਪ ਸਿੰਘ ਢਿੱਲੋਂ

# ਯੂਰਪੀਅਨ ਦੇਸ਼ਾਂ ’ਚ ਫ਼ੈਲਿਆ ਫ਼ੁੱਟਬਾਲ ਦਾ ਜਾਦੂ

ਨਵੇਂ ਵਰ੍ਹੇ ਦਾ ਆਗ਼ਾਜ਼ ਹੋ ਗਿਆ ਹੈ ਪਰ ਕਲੱਬ ਫੁੱਟਬਾਲ ਦੀ ਦੁਨੀਆ ਵਿੱਚ ਸਾਲ ਦਾ ਇਹ ਸਮਾਂ ਸੀਜ਼ਨ ਦੇ ਮੱਧ ਦਾ ਸਮਾਂ ਹੁੰਦਾ ਹੈ ਜਦੋਂ ਹਰੇਕ ਫੁੱਟਬਾਲ ਲੀਗ ਵਿੱਚ ਅੱਧੇ ਮੈਚ ਖੇਡੇ ਜਾ ਚੁੱਕੇ ਹੁੰਦੇ ਹਨ ਅਤੇ ਇਸ ਸਮੇਂ ਟੀਮਾਂ ਦੀ ਸਥਿਤੀ ਦਾ ਅੰਦਾਜ਼ਾ ਅਤੇ ਸੰਭਾਵਿਤ ਜੇਤੂ ਖ਼ਿਤਾਬ ਜਿੱਤਣ ਦੇ ਦਾਅਵੇਦਾਰਾਂ ਬਾਰੇ ਵੀ ਪਤਾ ਲੱਗਣਾ ਸ਼ੁਰੂ ਹੋ ਜਾਂਦਾ ਹੈ। ਦੁਨੀਆ ਦੀਆਂ ਚੋਟੀ ਦੀਆਂ ਪੰਜ ਲੀਗਾਂ-ਇੰਗਲੈਂਡ ਦੀ ਪ੍ਰੀਮੀਅਰ ਲੀਗ, ਸਪੇਨ ਦੀ ‘ਲਾ ਲੀਗਾ’, ਇਟਲੀ ਦੀ ‘ਸੀਰੀਆ ਆ’, ਜਰਮਨੀ ਦੀ ‘ਬੁੰਡੇਸਲੀਗਾ’, ਤੇ ਫਰਾਂਸ ਦੀ ‘ਲੀਗ 1’ ਦੀ ਸਥਿਤੀ ਵਿੱਚ ਐਤਕੀਂ ਨਾਟਕੀ ਬਦਲਾਅ ਆ ਰਹੇ ਹਨ। ਸੋ ਜਨਵਰੀ ਮਹੀਨੇ ਕਲੱਬ ਫੁੱਟਬਾਲ ਦੇ ਸੀਜ਼ਨ ਦੇ ਅੱਧ ਸਮੇਂ ਤੱਕ ਦੁਨੀਆ ਦੀਆਂ ਚੋਟੀ ਦੀਆਂ ਫੁੱਟਬਾਲ ਲੀਗਾਂ ਵਿੱਚ ਟੀਮਾਂ ਦੀ ਕੀ ਸਥਿਤੀ ਹੈ ਆਓ ਇਸ ਬਾਰੇ ਜਾਣਦੇ ਹਾਂ.......



ਦੁਨੀਆ ਦੀ ਸਭ ਤੋਂ ਪ੍ਰਸਿੱਧ ਅਤੇ ਰੋਮਾਂਚਕ ਲੀਗ, ਇੰਗਲੈਂਡ ਦੀ ‘ਪ੍ਰੀਮੀਅਰ ਲੀਗ’ ਵਿੱਚ, ਜਨਵਰੀ 2026 ਦੀ ਸ਼ੁਰੂਆਤ ਮੌਕੇ ਅੰਕ ਸੂਚੀ ਪਿਛਲੇ ਕਈ ਦਹਾਕਿਆਂ ਵਿੱਚ ਆਪਣੇ ਪਹਿਲੇ ਖ਼ਿਤਾਬ ਵੱਲ ਆਰਸਨਲ ਕਲੱਬ ਦੇ ਮਜ਼ਬੂਤ ਦਾਅਵੇ ਦੀ ਨਿਰੰਤਰਤਾ ਨੂੰ ਦਰਸਾ ਰਹੀ ਹੈ। ਆਰਸਨਲ ਕਲੱਬ ਨੇ 20 ਮੈਚਾਂ ਵਿੱਚੋਂ 48 ਅੰਕਾਂ ਨਾਲ ਸਿਖ਼ਰ ’ਤੇ ਮਜ਼ਬੂਤੀ ਬਣਾਈ ਹੋਈ ਹੈ ਅਤੇ ਹੈੱਡ ਕੋਚ, ਮਿਕੇਲ ਆਰਟੇਟਾ ਦੇ ਮਾਰਗਦਰਸ਼ਨ ਵਿੱਚ ਸ਼ਾਨਦਾਰ ਇਕਸਾਰਤਾ ਅਤੇ ਲਚਕੀਲਾਪਣ ਦਾ ਪ੍ਰਦਰਸ਼ਨ ਕੀਤਾ ਹੈ। ਆਰਸਨਲ ਤੋਂ ਠੀਕ ਬਾਅਦ, ਮੈਨਚੈਸਟਰ ਸਿਟੀ, ਘਰੇਲੂ ਅਤੇ ਮਹਾਦੀਪੀ ਮੁਕਾਬਲਿਆਂ ਦੋਵਾਂ ਵਿੱਚ ਦਾਅਵੇਦਾਰ ਹੋਣ ਲਈ ਪੂਰਾ ਜ਼ੋਰ ਲਾ ਰਿਹਾ ਕਲੱਬ ਹੈ। ਇਸੇ ਤਰ੍ਹਾਂ, ਐਸਟਨ ਵਿਲਾ ਕਲੱਬ ਸਭ ਨੂੰ ਹੈਰਾਨ ਕਰਦੇ ਹੋਏ 42 ਅੰਕਾਂ ਨਾਲ ਦਾਅਵੇਦਾਰ ਬਣਿਆ ਹੋਇਆ ਹੈ, ਜਿਸ ਬਾਰੇ ਬਹੁਤ ਘੱਟ ਲੋਕਾਂ ਨੇ ਭਵਿੱਖਬਾਣੀ ਕੀਤੀ ਹੋਵੇਗੀ। ਉਨਾਈ ਐਮਰੀ ਦੀ ਅਗਵਾਈ ਵਿੱਚ ਐਸਟਨ ਵਿਲਾ ਦਾ ਪੁਨਰ-ਉਥਾਨ ਇੱਕ ਸ਼ਕਤੀਸ਼ਾਲੀ ਘਰੇਲੂ ਰਿਕਾਰਡ ਅਤੇ ਚੋਟੀ ਦੇ ਵਿਰੋਧੀਆਂ ਦੇ ਵਿਰੁੱਧ ਸਖ਼ਤ ਨਤੀਜੇ ਪ੍ਰਾਪਤ ਕਰਨ ਦੀ ਯੋਗਤਾ ’ਤੇ ਸਥਾਪਤ ਹੈ। ਮੌਜੂਦਾ ਜੇਤੂ ਲਿਵਰਪੂਲ ਫੁੱਟਬਾਲ ਕਲੱਬ 33 ਅੰਕਾਂ ਨਾਲ ਚੌਥੇ ਸਥਾਨ ’ਤੇ ਹੈ ਅਤੇ ਉਨ੍ਹਾਂ ਨੇ ਇਸ ਸੀਜ਼ਨ ਵਿੱਚ ਕਈ ਮੌਕਿਆਂ ’ਤੇ ਕੀਮਤੀ ਅੰਕ ਗੁਆਏ ਹਨ। ਚੈਲਸੀ ਅਤੇ ਮੈਨਚੈਸਟਰ ਯੂਨਾਈਟਿਡ ਵਰਗੇ ਸਥਾਪਿਤ ਕਲੱਬ ਲਗਾਤਾਰ ਉੱਪਰ-ਹੇਠਾਂ ਹੋ ਰਹੇ ਹਨ, ਜਦਕਿ ਅੰਕ ਸੂਚੀ ਦੇ ਹੇਠਲੇ ਸਥਾਨਾਂ ਵੱਲ ਵੁਲਵਰਹੈਂਪਟਨ ਵਾਂਡਰਰਜ਼ ਅਤੇ ਵੈਸਟ ਹੈਮ ਵਰਗੀਆਂ ਟੀਮਾਂ ਲੀਗ ’ਚ ਬਣੇ ਰਹਿਣ ਲਈ ਸੰਘਰਸ਼ ਕਰ ਰਹੀਆਂ ਹਨ। ਕੁੱਲ ਮਿਲਾ ਕੇ, ‘ਪ੍ਰੀਮੀਅਰ ਲੀਗ’ ਵਿਚ ਆਰਸਨਲ ਦੀ ਟੀਮ ਸਭ ਤੋਂ ਮਜ਼ਬੂਤ ਲੱਗ ਰਹੀ ਹੈ ਜੋ ਕਿ ਸਾਲ 2004 ਤੋਂ ਬਾਅਦ ਆਪਣਾ ਪਹਿਲਾ ਖ਼ਿਤਾਬ ਜਿੱਤਣ ਵੱਲ ਵੱਧ ਰਹੀ ਨਜ਼ਰ ਆਉਂਦੀਹੈ।

ਸਪੇਨ ਦੀ ਘਰੇਲੂ ਲੀਗ, ‘ਲਾ ਲੀਗਾ’ ਵਿੱਚ ਬਾਰਸੀਲੋਨਾ ਅੱਗੇ ਚੱਲ ਰਿਹਾ ਹੈ, ਲਗਪਗ 20 ਮੈਚਾਂ ਤੋਂ ਬਾਅਦ 49 ਅੰਕਾਂ ਨਾਲ ਟੇਬਲ ਦੇ ਸਿਖਰ ’ਤੇ ਹੈ ਅਤੇ ਇਕ ਕੁਸ਼ਲ ਰੱਖਿਆ ਅਤੇ ਸ਼ਾਨਦਾਰ ਹਮਲਾਵਰ ਅੰਦਾਜ਼ ਤੋਂ ਬਾਅਦ ਖ਼ਿਤਾਬ ਵੱਲ ਵਾਪਸੀ ਕਰ ਰਿਹਾ ਹੈ। ਰਿਆਲ ਮੈਡ੍ਰਿਡ, 42 ਅੰਕਾਂ ਨਾਲ ਦੂਜੇ ਸਥਾਨ ’ਤੇ ਹਨ, ਜੋ ਇਹ ਦਰਸਾਉਂਦਾਹੈ ਕਿ ਇਨ੍ਹਾਂ ਦੋਵਾਂ ਕਲੱਬਾਂ ਵਿਚਕਾਰ ਇਤਿਹਾਸਕ ਦੁਸ਼ਮਣੀ ਸਪੈਨਿਸ਼ ਖ਼ਿਤਾਬ ਦੀ ਦੌੜ ਨੂੰ ਪਰਿਭਾਸ਼ਿਤ ਕਰਦੀ ਰਹਿੰਦੀ ਹੈ। ਉਨ੍ਹਾਂ ਦੇ ਨੇੜੇ, ਵਿਲਾਰੀਅਲ ਅਤੇ ਐਟਲੇਟਿਕੋ ਮੈਡ੍ਰਿਡ ਕ੍ਰਮਵਾਰ ਤੀਜੇ ਅਤੇ ਚੌਥੇ ਸਥਾਨ ’ਤੇ ਹਨ, ਜੋ ਉਪਰੋਕਤ ਰਵਾਇਤੀ ਟੀਮਾਂ ਤੋਂ ਪਰੇ ਮੁਕਾਬਲੇ ਦੀ ਡੂੰਘਾਈ ਦਾ ਪ੍ਰਦਰਸ਼ਨ ਕਰ ਰਹੇ ਹਨ। ਵਿਲਾਰੀਅਲ ਦੇ ਇਸ ਸੀਜ਼ਨ ਦੇ ਮਜ਼ਬੂਤ ਲੈਅ ਨੇ ਉਨ੍ਹਾਂ ਨੂੰ ਯੂਰਪੀਅਨ ਸਥਾਨਾਂ ਲਈ ਮੁਕਾਬਲੇ ਵਿਚ ਰਹਿ ਕੇ ਬਹੁਤਿਆਂ ਨੂੰ ਹੈਰਾਨ ਕਰ ਦਿੱਤਾ ਹੈ ਜਦਕਿ ਡਿਏਗੋ ਸਿਮਿਓਨ ਦੇ ਅਧੀਨ ਐਟਲੇਟਿਕੋ ਟੀਮ ਦੀ ਦ੍ਰਿੜਤਾ ਉਨ੍ਹਾਂ ਨੂੰ ਚੈਂਪੀਅਨਜ਼ ਲੀਗ ਕੁਆਲੀਫਾਈ ਕਰਨ ਲਈ ਦੌੜ ਵਿਚ ਰੱਖਦੀ ਹੈ। ਟੇਬਲ ਦੇ ਮੱਧ ਸਥਾਨਾਂ ਲਈ ਲੜਾਈ ਸਖ਼ਤ ਹੋ ਰਹੀ ਹੈ, ਜਿੱਥੇ ਰੀਅਲ ਬੇਟਿਸ, ਰੀਅਲ ਸੋਸੀਏਡਾਡ ਅਤੇ ਹੋਰ ਟੀਮਾਂ ਸਥਿਤੀ ਲਈ ਜੂਝ ਰਹੀਆਂ ਹਨ ਅਤੇ ਸਿਖਰਲੇ ਪੱਧਰ ’ਤੇ ਪਹੁੰਚਣ ਦੀ ਕੋਸ਼ਿਸ਼ ਕਰ ਰਹੀਆਂ ਹਨ।

ਇਟਲੀ ਦੀ ਲੀਗ ‘ਸੀਰੀ-ਆ’ ਵਿੱਚ, ਜਨਵਰੀ ਦੇ ਸ਼ੁਰੂ ਤੱਕ, ਏ.ਸੀ ਮਿਲਾਨ ਕਲੱਬ 17 ਖੇਡਾਂ ਵਿੱਚੋਂ 38 ਅੰਕਾਂ ਨਾਲ ਸਿਖ਼ਰ ’ਤੇ ਬਣਿਆ ਹੋਇਆ ਹੈ, ਜੋ ਕਿ ਇਕਸਾਰਤਾ ਅਤੇ ਮਜ਼ਬੂਤ ਰੱਖਿਆਤਮਕ ਬੁਨਿਆਦ ਦੁਆਰਾ ਚਿੰਨ੍ਹਤ ਮੁਹਿੰਮ ਨੂੰ ਦਰਸਾਉਂਦਾਹੈ। ਉਨ੍ਹਾਂ ਦੇ ਨੇੜੇ ਇੰਟਰ ਮਿਲਾਨ ਹੈ, 36 ਅੰਕਾਂ ਦੇ ਨਾਲ ਸਿਰਫ਼ ਦੋ ਅੰਕ ਪਿੱਛੇ ਹੈ ਅਤੇ ਇਤਾਲਵੀ ਫੁੱਟਬਾਲ ਦੇ ਸਿਖਰ ’ਤੇ ਇਨ੍ਹਾਂ ਇੱਕੋ ਸ਼ਹਿਰ ਮਿਲਾਨ ਦੇ ਇਨਾਂ ਦੋ ਵਿਰੋਧੀ ਕਲੱਬਾਂ ਵਿਚਕਾਰ ਇਤਿਹਾਸਕ ਮੁਕਾਬਲੇ ਨੂੰ ਦਰਸਾ ਰਿਹਾ ਹੈ। ਮੌਜੂਦਾ ਚੈਂਪੀਅਨ ਨੈਪੋਲੀ, ਵੀ 34 ਅੰਕਾਂ ਦੇ ਨਾਲ ਅੰਕ ਸੂਚੀ ’ਚ ਮਜ਼ਬੂਤੀ ਨਾਲ ਬਣਿਆ ਹੋਇਆ ਹੈ, ਜੋ ਇਤਾਲਵੀ ਫੁੱਟਬਾਲ ਵਿਚ ਕੁਲੀਨ ਵਰਗ ਵਿਚ ਆਪਣੀ ਨਿਰੰਤਰ ਮੌਜੂਦਗੀ ਅਤੇ ਖ਼ਿਤਾਬ ਦਾ ਬਚਾਅ ਕਰਨ ਦੇ ਦਬਾਅ ਦੇ ਅਨੁਕੂਲ ਹੋਣ ਵਿੱਚ ਉਨ੍ਹਾਂ ਦੀ ਲਚਕਤਾ ਨੂੰ ਉਜਾਗਰ ਕਰਦਾ ਹੈ। ਰੋਮਾ ਅਤੇ ਜੁਵੈਂਟਸ ਵਰਗੇ ਕਲੱਬ ਵੀ ਮੁਕਾਬਲੇ ਲਈ ਪੂਰਾ ਜ਼ੋਰ ਲਾ ਰਹੇ ਹਨ। ਲੀਗ ਵਿਚ ਬਣੇ ਰਹਿਣ ਲਈ ਹੇਠਲੇ ਸਥਾਨਾਂ ’ਤੇ ਹੋ ਰਹੇ ਸੰਘਰਸ਼ਾਂ ਵਿੱਚ ਕੈਗਲਿਆਰੀ, ਜੇਨੋਆ ਅਤੇ ਫਿਓਰੇਂਟੀਨਾ ਵਰਗੀਆਂ ਟੀਮਾਂ ਸ਼ਾਮਲ ਹਨ, ਜੋ ਆਪਣੇ ਆਪ ਨੂੰ ‘ਰੈਲੀਗੇਸ਼ਨ ਜ਼ੋਨ’ ਤੋਂ ਬਚਣ ਲਈ ਜੂਝਦੀਆਂ ਹੋਈਆਂ ਪਾਉਂਦੀਆਂ ਹਨ। ਇਤਾਲਵੀ ਲੀਗ ਵਿੱਚ ਐਤਕੀਂ ਫਿਲਹਾਲ ਹੁਣ ਤੱਕ ਕੋਈ ਵੀ ਕਲੱਬ ਅਜੇ ਤੱਕ ਮੁਕੰਮਲ ਦਬਦਬਾ ਨਹੀਂ ਬਣਾ ਸਕਿਆ ਭਾਵ ਕਾਫ਼ੀ ਉਤਰਾਅ-ਚੜਾਅ ਆਉਂਦੇ ਰਹਿਣ ਦੀ ਸੰਭਾਵਨਾ ਹੈ।ਜਰਮਨੀ ਦੇਸ਼ ਦੀ ਲੀਗ, ‘ਬੁੰਡੇਸਲੀਗਾ’ ਵੱਲ ਵੇਖੀਏ ਤਾਂ ਓਥੇ, ਬਾਈਰਨ ਮਿਊਨਿਖ ਕਲੱਬ 41 ਅੰਕਾਂ ਨਾਲ ਬੁੰਡੇਸਲੀਗਾ ਵਿੱਚ ਆਰਾਮ ਨਾਲ ਚੋਟੀ ’ਤੇ ਡਟਿਆ ਹੋਇਆ ਹੈ ਅਤੇ ਇਹ ਦਰਸਾਉਂਦਾ ਹੈ ਕਿ ਉਹ ਜਰਮਨ ਫੁੱਟਬਾਲ ਦੇ ਮਿਆਰੀ ਧਾਰਕ ਕਿਉਂ ਬਣੇ ਹੋਏ ਹਨ। ਖ਼ਾਸ ਗੱਲ ਇਹ ਵੀ ਹੈ ਕਿ ਬਾਈਰਨ ਮਿਊਨਿਖ ਇਸ ਸਮੇਂ ਬੁੰਡੇਸਲੀਗਾ ਵਿੱਚ ਅਜੇਤੂ ਚੱਲ ਰਿਹਾ ਹੈ।

(ਬਾਕੀ ਸਫ਼ਾ 27 ’ਤੇ)

# ਰੋਮਾਂਚਕ ਹੈ ਮਨੋਰੰਜਨ ਦਾ ਰੰਗਮੰਚ ਤੋਂ ਓਟੀਟੀ ਪਲੈਟਫਾਰਮ ਤੱਕ ਦਾ ਸਫ਼ਰ




**ਰਾਜਵਿੰਦਰ ਪਾਲ ਸਿੰਘ**

ਜਦੋਂ ਸਿਨੇਮਾ ਨਹੀਂ ਸੀ ਆਇਆ, ਉਦੋਂ ਨੁੱਕੜ ਨਾਟਕ ਅਤੇ ਰੰਗਮੰਚ ਹੀ ਮਨੋਰੰਜਨ ਦਾ ਮਹੱਤਵਪੂਰਨ ਸਾਧਨ ਹੁੰਦੇ ਸਨ। ਬਿਨਾਂ ਮੰਚ, ਬਿਨਾਂ ਪਰਦੇ ਅਤੇ ਬਿਨਾਂ ਵੱਡੇ ਸਾਜੋ-ਸਾਮਾਨ ਦੇ ਇਹ ਨਾਟਕ ਸਮਾਜ ਦੀਆਂ ਸੱਚਾਈਆਂ ਨੂੰ ਸਿੱਧੇ ਸ਼ਬਦਾਂ ਵਿੱਚ ਲੋਕਾਂ ਤੱਕ ਪਹੁੰਚਾਉਂਦੇ ਰਹੇ। ਸਮੇਂ ਦੇ ਨਾਲ ਇਹ ਲੋਕਧਾਰਾ ਹੁਣ ਓਟੀਟੀ ਪਲੈਟਫਾਰਮਾਂ ਤੱਕ ਪਹੁੰਚ ਗਈ ਹੈ, ਜਿੱਥੇ ਡਿਜ਼ੀਟਲ ਸਕਰੀਨਾਂ ਰਾਹੀਂ ਉਹ ਨਵੇਂ ਰੂਪ ਵਿੱਚ ਨਵੀਂ ਤਰ੍ਹਾਂ ਦੀ ਸਮੱਗਰੀ ਨਾਲ ਦਰਸ਼ਕਾਂ ਨਾਲ ਸੰਵਾਦ ਕਰ ਰਹੀ ਹੈ।

ਗਲੀ ਤੋਂ ਗਲੋਬਲ ਤੱਕ ਦਾ ਇਹ ਸਫ਼ਰ ਨਾਟਕ ਦੀ ਤਾਕਤ ਅਤੇ ਸਮੇਂ ਨਾਲ ਕਦਮ ਮਿਲਾਉਣ ਦੀ ਸਮਰੱਥਾ ਨੂੰ ਦਰਸਾਉਂਦਾ ਹੈ, ਪਰ ਖਾਮੀ ਇਹੀ ਹੈ ਕਿ ਜਿੱਥੇ ਪੁਰਾਣੇ ਢੰਗ ਦੇ ਮਨੋਰੰਜਨ ਦੇ ਇਹ ਸਾਧਨ ਸਮਾਜ ’ਤੇ ਕੋਈ ਬੁਰਾ ਅਸਰ ਨਹੀਂ ਪਾਉਂਦੇਸਨ, ਉੱਥੇ ਓਟੀਟੀ ’ਤੇ ਬੇਰੋਕ-ਟੋਕ ਕੁਝ ਵੀ ਪਰੋਸਿਆ ਜਾ ਰਿਹਾ ਹੈ, ਜਿਸ ਦਾ ਨੌਜਵਾਨ ਵਰਗ ’ਤੇ ਕਾਫ਼ੀ ਬੁਰਾ ਅਸਰ ਪਿਆ ਹੈ।

ਰੰਗਮੰਚ ਹੀ ਸਿਨੇਮਾ ਦੀ ਬੁਨਿਆਦ ਸੀ, ਫ਼ਰਕ ਇਹ ਸੀ ਕਿ ਸਿਨੇਮਾ ਵਿੱਚ ਪਾਤਰਾਂ ਦੁਆਰਾ ਪੇਸ਼ ਕੀਤੀਆਂ ਜਾ ਰਹੀਆਂ ਘਟਨਾਵਾਂ ਪ੍ਰਾਜੈਕਟਰ ਦੀ ਮਦਦ ਨਾਲ ਦਿਖਾਈਆਂ ਜਾਂਦੀਆਂ ਸਨ ਜਿਨ੍ਹਾਂ ਨੂੰ ਪਹਿਲਾਂ ਰਿਕਾਰਡ ਕਰ ਲਿਆ ਜਾਂਦਾ ਸੀ, ਜਦੋਂਕਿ ਰੰਗਮੰਚ ਅਤੇ ਨਾਟਕ ਲਾਈਵ ਯਾਨੀ ਬਿਲਕੁਲ ਸਾਡੇ ਸਾਹਮਣੇ ਹਕੀਕਤ ਵਿੱਚ ਪਾਤਰ ਆਪਣੀ ਕਲਾ ਨੂੰ ਪੇਸ਼ ਕਰਦੇ ਹਨ।

ਸਿਨੇਮਾ ਦੀ ਚੜ੍ਹਤ ਤੋਂ ਬਾਅਦ ਆਏ ਟੈਲੀਵਿਜ਼ਨ ਨੇ ਮਨੋਰੰਜਨ ਦੇ ਸਾਧਨਾਂ ਵਿੱਚ ਵਾਧਾ ਕੀਤਾ। ਟੈਲੀਵਿਜ਼ਨ ਰਾਹੀਂ ਲੋਕਾਂ ਨੂੰ ਹੁਣ ਖ਼ਬਰਾਂ, ਫਿਲਮਾਂ, ਖੇਤੀਬਾੜੀ, ਡੇਅਰੀ ਅਤੇ ਵੱਖ ਵੱਖ ਪ੍ਰਕਾਰ ਦੇ ਟੀਵੀ ਸੀਰੀਅਲ ਵੇਖਣ ਦਾ ਮੌਕਾ ਮਿਲਿਆ। ਟੈਲੀਵਿਜ਼ਨ ਦੇ ਇਹ ਪ੍ਰੋਗਰਾਮ ਗਾਹਕ ਦੇ ਕੰਟਰੋਲ ਵਿੱਚ ਨਹੀਂ ਸਨ, ਗਾਹਕ ਕੇਵਲ ਦੇਖ ਸਕਦੇ ਸਨ ਇਨ੍ਹਾਂ ਨੂੰ ਬਦਲ ਨਹੀਂ ਸਨ ਸਕਦੇ। ਗਾਹਕਾਂ ਦੀ ਇਸ ਸਮੱਸਿਆ ਦਾ ਹੱਲ ਡੀਟੀਐੱਚ ਜਿਸ ਦਾ ਪੂਰਾ ਨਾਮ ‘ਡਾਇਰੈਕਟ ਟੂ ਹੋਮ’ ਭਾਵ ਸਿੱਧਾ ਸਾਡੇ ਘਰ ਤੱਕ ਹੈ, ਨੇ ਕੱਢਿਆ। ਪਹਿਲਾਂ ਡੀਡੀ ਨੈਸ਼ਨਲ ’ਤੇ ਕੁਝ ਸਮਾਂ ਖੇਤਰੀ ਪ੍ਰਸਾਰਣ ਅਤੇ ਇੱਕ ਡੀਡੀ ਨਿਊਜ਼ ਚੈਨਲ ਦੇਖਣ ਵਾਲੇ ਗਾਹਕਾਂ ਕੋਲ ਹੁਣ 50-60 ਚੈਨਲਾਂ ਦਾ ਰਿਮੋਟ ਹੱਥ ਵਿੱਚ ਆ ਗਿਆ ਸੀ। ਡੀਟੀਐੱਚ ਫ੍ਰੀ ਸੇਵਾ ਸੀ ਜਿਸ ਨੇ ਮਨੋਰੰਜਨ ਦੇ ਨਾਲ ਨਾਲ ਖ਼ਬਰਾਂ, ਖੇਡਾਂ, ਖੇਤੀਬਾੜੀ ਅਤੇ ਸਿੱਖਿਆ ਨਾਲ ਸਬੰਧਤ ਪ੍ਰੋਗਰਾਮ ਪ੍ਰਸਾਰਿਤ ਕੀਤੇ।



ਇਕੱਵੀਂ ਸਦੀ ਦੇ ਦੂਜੇ ਦਹਾਕੇ ਜਾਂ ਪਿਛਲੇ ਦਸ ਸਾਲਾਂ ਦੀ ਗੱਲ ਕਰੀਏ ਤਾਂ ਇੰਟਰਨੈੱਟ ਦੇ ਵਿਸਤਾਰ ਅਤੇ ਮੋਬਾਈਲ ਫੋਨ ਦੀ ਮੰਗ ਵਿੱਚ ਹੋਏ ਵਾਧੇ ਨੇ ਸਿਨੇਮਾ ਅਤੇ ਟੈਲੀਵਿਜ਼ਨ ਨੂੰ ਪਛਾੜ ਦਿੱਤਾ ਹੈ। ਸਮਾਰਟਫੋਨ ’ਤੇ ਚੱਲ ਰਿਹਾ ਇੰਟਰਨੈੱਟ ਮਨੋਰੰਜਨ ਲਈ ਓਟੀਟੀ ਪਲੈਟਫਾਰਮ ਦਾ ਦਰਵਾਜ਼ਾ ਖੋਲ੍ਹਦਾ ਹੈ। ਓਟੀਟੀ ਪਲੈਟਫਾਰਮ ਦਾ ਪੂਰਾ ਨਾਮ ‘ਓਵਰ ਦਿ ਟਾਪ’ ਹੈ ਜੋ ਇੰਟਰਨੈੱਟ ਦੀ ਮੌਜੂਦਗੀ ਵਿੱਚ ਗਾਹਕ ਨੂੰ ਮਨੋਰੰਜਨ ਦੀ ਸੇਵਾ ਮੁਹੱਈਆ ਕਰਵਾਉਂਦਾ ਹੈ। ਅਜੋਕਾ ਸਮਾਂ ਓਟੀਟੀ ਦਾ ਸਮਾਂ ਹੈ ਜਿਸ ’ਤੇ ਫਿਲਮਾਂ ਅਤੇ ਵੈੱਬ ਸੀਰੀਜ਼ ਵਰਗੇ ਮਨੋਰੰਜਨ ਦੇ ਪ੍ਰੋਗਰਾਮ ਉਪਲੱਬਧ ਹਨ। ਵੱਖ ਵੱਖ ਓਟੀਟੀ ਪਲੈਟਫਾਰਮ ਦੀਆਂ ਆਪਣੀਆਂ ਆਪਣੀਆਂ ਨੀਤੀਆਂ ਹਨ। ਗਾਹਕ ਨੂੰ ਇਸ ਨਾਲ ਜੁੜਨ ਲਈ ਸਬਸਕ੍ਰਿਪਸ਼ਨ ਭਾਵ ਕੁਝ ਪੈਸੇ ਦੇਣੇ ਹੁੰਦੇ ਹਨ। ਅਜੋਕੇ ਸਮੇਂ ਵਿੱਚ ਬਣ ਰਹੇ ਬਹੁਤੇ ਪ੍ਰੋਗਰਾਮ ਓਟੀਟੀ ਦੀ ਮੰਗ ਦੇ ਆਧਾਰ ’ਤੇ ਬਣਾਏ ਜਾ ਰਹੇ ਹਨ। ਸਿਨੇਮਾ ਵਿੱਚ ਰਿਲੀਜ਼ ਹੋਈ ਫਿਲਮ ਲਗਭਗ ਛੇ ਸੱਤ ਹਫ਼ਤਿਆਂ ਦੇ ਅੰਦਰ ਅੰਦਰ ਕਿਸੇ ਨਾ ਕਿਸੇ ਓਟੀਟੀ ਪਲੈਟਫਾਰਮ ’ਤੇ ਰਿਲੀਜ਼ ਹੋ ਜਾਂਦੀ ਹੈ। ਇਸ ਨੂੰ ਰਿਲੀਜ਼ ਕਰਨ ਲਈ ਸਬੰਧਤ ਓਟੀਟੀ ਪਲੈਟਫਾਰਮ ਨੂੰ ਕਾਪੀਰਾਈਟ ਦਿੱਤਾ ਜਾਂਦਾ ਹੈ ਭਾਵ ਉਸ ਦੀ ਇਜਾਜ਼ਤ ਤੋਂ ਬਿਨਾਂ ਹੋਰ ਕੋਈ ਵੀ ਦੂਸਰਾ ਓਟੀਟੀ ਪਲੈਟਫਾਰਮ ਫਿਲਮ ਨੂੰ ਰਿਲੀਜ਼ ਨਹੀਂ ਕਰ ਸਕਦਾ। ਵੈੱਬ ਸੀਰੀਜ਼, ਸੀਰੀਅਲ ਅਤੇ ਕੁਝ ਫਿਲਮਾਂ ਤਾਂ ਸਿਨੇਮਾ ਦੀ ਬਜਾਏ ਸਿੱਧਾ ਓਟੀਟੀ ’ਤੇ ਹੀ ਰਿਲੀਜ਼ ਕੀਤੀਆਂ ਜਾਂਦੀਆਂ ਹਨ। ਇਹ ਪਲੈਟਫਾਰਮ ਮਨੋਰੰਜਨ ਦੇ ਨਾਲ ਨਾਲ ਕਮਾਈ ਦਾ ਵੀ ਇੱਕ ਵੱਡਾ ਸਾਧਨ ਬਣ ਕੇ ਉੱਭਰਿਆ ਹੈ।

ਅਜੋਕੇ ਸਮੇਂ ਵਿੱਚ ਓਟੀਟੀ ਪਲੈਟਫਾਰਮ ਨੈੱਟਫਲਿਕਸ, ਜੀਓ ਹਾਟਸਟਾਰ, ਐਮਾਜ਼ੋਨ ਪ੍ਰਾਈਮ ਵੀਡਿਓ, ਚੌਪਾਲ, ਕੇਵਲ ਵਨ ਵਰਗੇ ਪਲੈਟਫਾਰਮ ਦੇਖੇ ਜਾ ਰਹੇ ਹਨ। ਸਮੇਂ ਸਮੇਂ ’ਤੇ ਓਟੀਟੀ ਪਲੈਟਫਾਰਮ ਨੂੰ ਅਸ਼ਲੀਲ ਸਮੱਗਰੀ ਦੇ ਪ੍ਰਸਾਰਣ ਨੂੰ ਰੋਕਣ ਲਈ ਹਦਾਇਤਾਂ ਜਾਰੀ ਹੋਈਆਂ ਹਨ, ਪ੍ਰੰਤੂ ਉਨ੍ਹਾਂ ਦਾ ਕੋਈ ਬਹੁਤਾ ਅਸਰ ਦੇਖਣ ਨੂੰ ਨਹੀਂ ਮਿਲਿਆ। ਇੰਟਰਨੈੱਟ ਦੀ ਸੇਵਾ ਨੇ ਮਨੁੱਖ ਨੂੰ ਸੌਖਾਲਾ ਜ਼ਰੂਰ ਕੀਤਾ ਹੈ, ਪ੍ਰੰਤੂ ਕਈ ਪ੍ਰਕਾਰ ਦੀਆਂ ਚੁਣੌਤੀਆਂ ਵੀ ਪੈਦਾ ਕੀਤੀਆਂ ਹਨ।

**(ਬਾਕੀ ਸਫ਼ਾ 27 ’ਤੇ)**



# ਪੰਜਾਬ ਦੀ ਕੋਇਲ ਨੂਰ ਜਹਾਂ

**ਕੁਲਦੀਪ ਸਿੰਘ ਸਾਹਿਲ**

ਮਲਿਕਾ-ਏ-ਤਰੰਨੁਮ ਦੇ ਨਾਂਅ ਨਾਲ ਜਾਣੀ ਜਾਂਦੀ ਪੰਜਾਬੀ ਅਤੇ ਉਰਦੂ ਦੀ ਪ੍ਰਸਿੱਧ ਗਾਇਕਾ ਨੂਰ ਜਹਾਂ (ਅੱਲਾ ਵਸਾਈ) ਨੇ ਉਰਦੂ, ਪੰਜਾਬੀ ਅਤੇ ਸਿੰਧੀ ਸਮੇਤ ਵੱਖ-ਵੱਖ ਭਾਸ਼ਾਵਾਂ ਵਿੱਚ ਲਗਭਗ 30,000 ਗੀਤ ਰਿਕਾਰਡ ਕੀਤੇ। ਉਸ ਨੂੰ ਪੂਰਬ ਦੀ ਕੋਇਲ, ਕੁਈਨ ਆਫ ਹਾਰਟਸ ਅਤੇ ਪੰਜਾਬ ਦੀ ਕੋਇਲ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ।

ਪਿੱਠਵਰਤੀ ਗਾਇਕਾ, ਸੰਗੀਤ ਕੰਪੋਜ਼ਰ, ਅਭਿਨੇਤਰੀ ਅਤੇ ਨਿਰਦੇਸ਼ਕ ਵਜੋਂ ਜਾਣੀ ਜਾਂਦੀ ਨੂਰ ਜਹਾਂ ਦਾ ਜਨਮ ਦੇਸ਼ ਦੀ ਵੰਡ ਤੋਂ ਪਹਿਲਾਂ ਸਾਂਝੇ ਪੰਜਾਬ ਦੇ ਸ਼ਹਿਰ ਕਸੂਰ ਦੇ ਇੱਕ ਮੁਹੱਲੇ ਵਿੱਚ 21 ਸਤੰਬਰ 1926 ਨੂੰ ਫ਼ਤਿਹ ਬੀਬੀ ਅਤੇ ਮਦਦ ਅਲੀ ਦੇ ਘਰ ਹੋਇਆ। ਇਹ ਘਰਾਣਾ ਸ਼ੁਰੂ ਤੋਂ ਹੀ ਸੰਗੀਤ ਨਾਲ ਜੁੜਿਆ ਹੋਇਆ ਸੀ। ਇਸ ਲਈ ਨੂਰ ਜਹਾਂ ਨੇ ਮਹਿਜ਼ 5-6 ਸਾਲ ਦੀ ਉਮਰ ਵਿੱਚ ਗਾਉਣਾ ਸ਼ੁਰੂ ਕਰ ਦਿੱਤਾ ਸੀ। ਉਸ ਦੀ ਮਾਂ ਨੇ ਉਸ ਦਾ ਸ਼ੌਕ ਵੇਖ ਕੇ ਉਸ ਨੂੰ ਸੰਗੀਤ ਸਿੱਖਣ ਲਈ ਉਸਤਾਦ ਗ਼ੁਲਾਮ ਅਲੀ ਖ਼ਾਨ ਕੋਲ ਭੇਜ ਦਿੱਤਾ ਜਿੱਥੇ ਉਸ ਨੇ ਭਾਰਤੀ ਕਲਾਸੀਕਲ ਸੰਗੀਤ, ਠੁਮਰੀ, ਧਰੁਪਦ ਅਤੇ ਖਿਆਲ ਦੀ ਸਿੱਖਿਆ ਹਾਸਲ ਕੀਤੀ।

1930ਵਿਆਂ ਦੇ ਸ਼ੁਰੂ ਵਿੱਚ ਹੀ ਨੂਰ ਜਹਾਂ ਅਤੇ ਉਸ ਦੀਆਂ ਵੱਡੀਆਂ ਭੈਣਾਂ ਈਦੇਨ ਬਾਈ ਅਤੇ ਹੈਦਰ ਬੰਦੀ ਦੇ ਫਿਲਮੀਂ ਭਵਿੱਖ ਨੂੰ ਵਿਕਸਤ ਕਰਨ ਦੀ ਉਮੀਦ ਵਿੱਚ ਪੂਰਾ ਪਰਿਵਾਰ ਇੱਕ ਥੀਏਟਰ ਮਾਲਕ ਦੀਵਾਨ ਸਰਦਾਰੀ ਲਾਲ ਨਾਲ ਕਲਕੱਤਾ ਚਲਾ ਗਿਆ ਜਿੱਥੇ ਮੁਖਤਾਰ ਬੇਗ਼ਮ ਨੇ ਇਨ੍ਹਾਂ ਭੈਣਾਂ ਨੂੰ ਫਿਲਮੀਂ ਕੰਪਨੀਆਂ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਤ ਕੀਤਾ ਅਤੇ ਉਨ੍ਹਾਂ ਲਈ ਵੱਖ ਵੱਖ ਨਿਰਮਾਤਾਵਾਂ ਨੂੰ ਸਿਫਾਰਸ਼ ਕੀਤੀ। ਨੂਰ ਜਹਾਂ ਦਾ ਜ਼ਿਆਦਾ ਬਚਪਨ ਕਲਕੱਤੇ ਵਿੱਚ ਹੀ ਬੀਤਿਆ ਅਤੇ ਸ਼ੁਰੂ ਤੋਂ ਹੀ ਸੰਗੀਤਮਈ ਮਾਹੌਲ ਵਿੱਚ ਰਹਿਣ ਕਾਰਨ ਛੇ ਵਰ੍ਹਿਆਂ ਦੀ ਛੋਟੀ ਉਮਰ ਵਿੱਚ ਇਸ ਨੇ ਬੇਬੀ ਨੂਰ ਜਹਾਂ ਦੇ ਨਾਂ ਨਾਲ ਫਿਲਮਾਂ ਵਿੱਚ ਅਦਾਕਾਰੀ ਕਰਨੀ ਆਰੰਭ ਕੀਤੀ ।1935 ਵਿੱਚ ਕੇ.ਡੀ. ਮਹਿਰਾ ਦੁਆਰਾ ਨਿਰਦੇਸ਼ਿਤ ਪੰਜਾਬੀ ਫਿਲਮ ‘ਪਿੰਡ ਦੀ ਕੁੜੀ’ ਵਿੱਚ ਨੂਰ ਜਹਾਂ ਨੇ ਆਪਣੀਆਂ ਭੈਣਾਂ ਨਾਲ ਬਹੁਤ ਵਧੀਆ ਭੂਮਿਕਾ ਅਦਾ ਕੀਤੀ ਅਤੇ ਇਸ ਫਿਲਮ ਲਈ ਗੀਤ ਵੀ ਗਾਇਆ, ਜਿਸ ਦੇ ਬੋਲ ਸਨ;

ਮੇਰੇ ਗਲ ਵਿੱਚ ਸੂਹੀ ਸੂਹੀ ਅੰਗੀ ਆਂ
ਵੇ ਮੈਂ ਨਾਲ ਢੋਲੇ ਦੇ ਮੰਗੀ ਆਂ।
ਚਾਹੇ ਚੰਗੀ ਆਂ ਚਾਹੇ ਮੰਦੀ ਆਂ, ਓ ਯਾਰ!
ਲੰਘ ਆ ਜਾ ਪੱਤਣ ਝਨਾਂ ਦਾ।
ਸਿਰ ਸਦਕਾ ਮੈਂ ਜਾਵਾਂ ਤੇਰੇ ਨਾਂ ਦਾ ਯਾਰ।
ਲੰਘ ਆ ਜਾ ਪੱਤਣ ਝਨਾਂ ਦਾ।

ਇਹ ਉਸ ਦੀ ਸ਼ੁਰੂਆਤੀ ਹਿੱਟ ਫਿਲਮ ਬਣ ਗਈ। ਫਿਰ ਉਸ ਨੇ ਉਸੇ ਕੰਪਨੀ ਦੁਆਰਾ ‘ਮਿਸਰ ਕਾ ਸਿਤਾਰਾ’ (1936) ਨਾਮ ਦੀ ਇੱਕ ਫਿਲਮ ਵਿੱਚ ਕੰਮ ਕੀਤਾ ਅਤੇ ਇਸ ਵਿੱਚ ਉਸ ਨੇ ਸੰਗੀਤਕਾਰ ਦਮੋਦਰ ਸ਼ਰਮਾ ਲਈ ਗਾਇਆ। ਨੂਰ ਜਹਾਂ ਨੇ ‘ਹੀਰ-ਸਿਆਲ’ (1937) ਫਿਲਮ ਵਿੱਚ ਹੀਰ ਦੀ ਬਾਲ ਭੂਮਿਕਾ ਬਾਖ਼ੂਬੀ ਨਿਭਾਈ। ਨੂਰ ਜਹਾਂ ਨੇ ਚਾਹੇ ਆਪਣੇ ਭਵਿੱਖ ਦੀ ਸ਼ੁਰੂਆਤ ਬਤੌਰ ਗਾਇਕਾ ਹੀ ਕੀਤੀ ਸੀ, ਪਰ ਬਾਅਦ ਵਿੱਚ ਉਸ ਨੇ ਅਦਾਕਾਰੀ ਦੇ ਖੇਤਰ ਵਿੱਚ ਵੀ ਚੰਗਾ ਨਾਮਣਾ ਖੱਟਿਆ। ਸ਼ੁਰੂ ਸ਼ੁਰੂ ਵਿੱਚ ਉਸ ਨੇ ਪੰਜਾਬੀ ਫਿਲਮਾਂ ਵਿੱਚ ਹੀ ਕੰਮ ਕੀਤਾ, ਪਰ ਬਾਅਦ ਵਿੱਚ ਉਸ ਨੇ ਹਿੰਦੀ ਫਿਲਮਾਂ ਵਿੱਚ ਵੀ ਜ਼ੋਰ ਅਜ਼ਮਾਈ ਕੀਤੀ। ਫਿਰ ਉਹ ਆਪਣੀ ਪਹਿਲੀ ਹਿੰਦੀ ਫਿਲਮ ‘ਖ਼ਾਨਦਾਨ’ ਵਿੱਚ ਵੀ ਸਫਲ ਰਹੀ। 1947 ਵਿੱਚ ਹੋਏ ਦੇਸ਼ ਦੇ ਬਟਵਾਰੇ ਸਮੇਂ ਉਸ ਨੂੰ ਆਪਣੇ ਪਤੀ ਸ਼ੌਕਤ ਹੁਸੈਨ ਰਿਜ਼ਵੀ ਨਾਲ ਪਾਕਿਸਤਾਨ ਜਾਣਾ ਪਿਆ ਅਤੇ ਲਾਹੌਰ ਵਿਖੇ ਰਹਿਣ ਲਗੀ। ਇੱਥੇ ਵੀ ਉਸ ਨੇ ਫਿਲਮਾਂ ਵਿੱਚ ਕੰਮ ਕਰਨਾ ਅਤੇ ਗੀਤ ਗਾਉਣੇ ਜਾਰੀ ਰੱਖੇ। ਨੂਰ ਜਹਾਂ ਦੇ ਗੀਤ ਫ਼ਕੀਰਾਂ ਦੀਆਂ ਦੁਆਵਾਂ ਵਾਂਗ ਸਨ। ਉਸ ਦੇ ਗੀਤਾਂ ਵਿੱਚ ਕਦੇ ਕਦੇ ਉਜਾੜਾਂ ਦੀ ਇਕੱਲ ਕੂਕਦੀ ਸੀ ਅਤੇ ਫ਼ਨਾ ਦੇ ਮੁਕਾਮ ਵੱਲ ਲੰਬੇ ਪੈਂਡੇ ਤੈਅ ਕਰਦੀ ਸੀ;

ਤੇਰੀਆਂ ਨੇ ਰਾਹਵਾਂ, ਮੇਰੀਆਂ ਨਿਗਾਹਾਂ
ਅੱਲਾ ਦੀ ਸਹੁੰ ਤੂੰ ਨਹੀਂ ਦਿਸਦਾ

ਇਹ ਨਿਰੀ ਇੱਕ ਮਿੱਠੀ ਫਿਲਮੀ ਤਰਜ਼ ਨਹੀਂ ਸਗੋਂ ਇਨ੍ਹਾਂ ਲਫ਼ਜ਼ਾਂ ਵਿੱਚ ਨੂਰ ਜਹਾਂ ਉੱਜੜੀਆਂ ਥਾਵਾਂ ਦੀ ਦਾਸਤਾਨ ਬਿਆਨ ਕਰਦੀ ਪ੍ਰਤੀਤ ਹੁੰਦੀ ਸੀ। ਉਸ ਦੀ ਆਵਾਜ਼ ਵਿੱਚ ਜਿੱਥੇ ਮਾਰੂਥਲ ਦੀ ਇਕੱਲ ਦਾ ਸਹਿਮ ਸੀ, ਉੱਥੇ ਕਿਸੇ ਗ਼ੈਬੀ ਹੁਸਨ ਦੀ ਧਮਾਲ ਪੈਣ ਵਾਂਗ ਵੀ ਸੀ;

ਜਾ ਕੇ ਮੁੜ ਨਹੀਂ ਆਉਣੀ, ਜਾ ਕੇ ਜਿਵੇਂ ਜਵਾਨੀ

ਜਿਹੇ ਲਫਜ਼ਾਂ ਵਿੱਚ ਨੂਰ ਜਹਾਂ ਨੇ ਸ਼ੇਖ਼ ਫ਼ਰੀਦ ਹੋਰਾਂ ਦੀ ਉਸ ਖੇਡ ਨੂੰ ਸਮੇਟ ਲਿਆ ਜਿਹੜੀ ਰੂਹ ਨੂੰ ਫ਼ਨਾ ਦੇ ਮੁਕਾਮ ਉੱਤੇ ਕੁਦਰਤ ਦਾ ਨੂਰ ਬਖ਼ਸ਼ਦੀ ਹੈ। ਨੂਰ ਜਹਾਂ ਜਦੋਂ ਅਰਜ਼ ਕਰਦੀ ਸੀ ਤਾਂ ਉਸ ਨੂੰ ਇੱਕ ਅਜਿਹਾ ਰੰਗ ਚੜ੍ਹਦਾ ਸੀ ਜਿਸ ਵਿੱਚ ਮਹਾਨ ਸੂਫ਼ੀ ਫਕੀਰਾਂ ਵਰਗੀ ਉੱਚੀ ਤੇ ਸੁੱਚੀ ਰਮਜ਼ ਸੀ। ਉਹ ਅਨੇਕ ਰੰਗਾਂ ਵਿੱਚ ਗਾਉਂਦੀ ਸੀ। ‘ਕਿੱਕਲੀ ਕਲੀਰ’ ਤੋਂ ਸ਼ੁਰੂ ਹੋ ਕੇ ਜੁਆਨੀ ਚੜ੍ਹਨ ਤੱਕ ਦੇ ਕਹਿਰ ਨੂੰ ਜਦੋਂ ਉਹ ਆਪਣੀ ਆਵਾਜ਼ ਵਿੱਚ ਗਾਉਂਦੀਸੀ ਤਾਂ ਮੇਲਿਆਂ ਅਤੇ ਜੰਝਾਂ ਵਿੱਚ ਪੈਂਦੀ ਧਮਾਲ ਦੇ ਤਾਲ ਦਰਿਆ ਵਾਂਗ ਉਸ ਦੇ ਜ਼ਹਿਨ ਵਿੱਚ ਛਾਲਾਂ ਮਾਰਦੇ ਸਨ। ਉਸ ਦੀ ਆਵਾਜ਼ ਵਿੱਚ ਨਿੱਕੀਆਂ ਨਿੱਕੀਆਂ ਚੰਚਲ ਅਦਾਵਾਂ, ਬਚਪਨ ਦੀਆਂ ਖੇਡਾਂ, ਜੁਆਨੀ, ਨਖਰੇ, ਹੁਸਨ ਅਤੇ ਡਰ ਰਿਹਾ ਹਿਜ਼ਰ ਸਾਫ਼ ਝਲਕਾਰੇ ਮਾਰਦਾ ਸੀ। ਸੂਰਬੀਰਾਂ ਤੇ ਯੋਧਿਆਂ ਲਈ ਗਾਏ ਉਸ ਦੇ ਗੀਤ ਉਸ ਨੂੰ ਅਮਰ ਕਰ ਗਏ;

ਇਹ ਪੁੱਤਰ ਹੱਟਾਂ ’ਤੇ ਨਹੀਂ ਵਿਕਦੇ
ਤੂੰ ਲੱਭਦੀ ਫਿਰੇ ਬਜ਼ਾਰ ਕੁੜੇ।
ਇਹ ਸੌਦਾ ਨਕਦ ਵੀ ਨਹੀਂ ਮਿਲਦਾ
ਤੂੰ ਲੱਭਦੀ ਫਿਰੇਂ ਉਧਾਰ ਕੁੜੇ।

ਸੰਨ 1982 ਵਿੱਚ 35 ਸਾਲ ਮਗਰੋਂ ਜਦੋਂ ਉਹ ਮੁੰਬਈ ਆਈ ਤਾਂ ਉਸ ਨੇ ਸਰੋਤਿਆਂ ਨੂੰ ਆਪਣੇ ਗੀਤਾਂ ਨਾਲ ਨਿਹਾਲ ਕੀਤਾ ਅਤੇ ਇੱਕ ਵਾਰੀ ਫਿਰ ਪੁਰਾਣੇ ਜ਼ਮਾਨੇ ਦੀ ਯਾਦ ਤਾਜ਼ਾ ਕਰਵਾ ਦਿੱਤੀ। ਨੂਰ ਜਹਾਂ ਨੂੰ ਆਪਣੇ ਸਮੇਂ ਦੀਆਂ ਗਾਇਕਾਵਾਂ ਮੁਖ਼ਤਿਆਰ ਬੇਗ਼ਮ, ਕਜਕ ਬਾਈ, ਸੁਰੱਈਆ ਅਤੇ ਬੇਗ਼ਮ ਅਖ਼ਤਰ ਆਦਿ ਨਾਲੋਂ ਵੱਧ ਪ੍ਰਸਿੱਧੀ ਮਿਲੀ। ਲਤਾ ਮੰਗੇਸ਼ਕਰ ਬਚਪਨ ਤੋਂ ਹੀ ਉਸ ਦੀ ਗਾਇਕੀ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਰਹੀ ਹੈ। ਨੂਰ ਜਹਾਂ ਸਿਰਫ਼ ਉੱਘੀ ਗਾਇਕਾ ਅਤੇ ਹਰਮਨਪਿਆਰੀ ਨਾਇਕਾ ਹੀ ਨਹੀਂ ਸੀ ਸਗੋਂ ਇੱਕ ਮਿਲਣਸਾਰ, ਨਰਮ ਦਿਲ, ਸਮਾਜ ਸੇਵੀ ਅਤੇ ਖ਼ੁਸ਼ ਤਬੀਅਤ ਔਰਤ ਵੀ ਸੀ ਜਿਸ ਦੇ ਮਨ ਵਿੱਚ ਪੱਛੜੇ ਲੋਕਾਂ ਲਈ ਹਮਦਰਦੀ ਸੀ। ਉਹ ਕਸੂਰ ਵਿਖੇ ਇੱਕ ਹਸਪਤਾਲ ਬਣਾਉਣਾ ਚਾਹੁੰਦੀ ਸੀ, ਪਰ ਇਸ ਕੰਮ ਲਈ ਵਕਤ ਨੇ ਉਸ ਦਾ ਸਾਥ ਨਹੀਂ ਦਿੱਤਾ। ਅਖੀਰ ਮਲਿਕਾ-ਏ-ਤਰੰਨੁਮ 23 ਦਸੰਬਰ 2000 ਨੂੰ 74 ਸਾਲ ਦੀ ਉਮਰ ਵਿੱਚ ਕਰਾਚੀ ਵਿਖੇ ਦੁਨੀਆ ਤੋਂ ਰੁਖ਼ਸਤ ਹੋ ਗਈ।

## ਅਮਰੀਕਾ ਅਤੇ ਚੀਨ ਵਿਚਾਲੇ ਤੇਜ਼ ਹੋਈ

ਪਿਛਲੇ ਸਾਲਾਂ ਵਿੱਚ, ਅਮਰੀਕਾ ਅਤੇ ਚੀਨ ਦੇ ਸਬੰਧਾਂ ਵਿੱਚ ਖਟਾਸ ਆਈ ਹੈ। ਚੀਨ ਅਤੇ ਅਮਰੀਕਾ ਦੋਵੇਂ ਪਹਿਲਾਂ ਹੀ ਇੱਕ ਦੂਜੇ ਪ੍ਰਤੀ ਦੁਸ਼ਮਣ ਹਨ, ਵਪਾਰ, ਤਕਨਾਲੋਜੀ ਅਤੇ ਸਮੁੰਦਰੀ ਵਿਵਾਦਾਂ ਦਾ ਸਾਹਮਣਾ ਕਰ ਰਹੇ ਹਨ। ਅਮਰੀਕਾ ਨੇ ਚੀਨ ਦੀ ਕਰਜ਼ਾ ਕੂਟਨੀਤੀ, ਫ਼ੌਜੀ ਵਿਸਥਾਰਵਾਦ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਅਣਐਲਾਨੇ ਵਪਾਰ ਯੁੱਧ ਦਾ ਲਗਾਤਾਰ ਵਿਰੋਧ ਕੀਤਾ ਹੈ।

ਅਮਰੀਕਾ ਅਤੇ ਚੀਨ ਵਿਚਕਾਰ ਵਿਵਾਦ ਹੁਣ ਵਪਾਰ ਤੱਕ ਸੀਮਤ ਨਹੀਂ ਰਿਹਾ, ਸਗੋਂ ਤਕਨੀਕੀ, ਜਾਸੂਸੀ ਅਤੇ ਫ਼ੌਜੀ ਦਬਦਬੇ ਦੀ ਲੜਾਈ ਬਣ ਗਿਆ ਹੈ। ਵਿਸ਼ਵ ਵਪਾਰ ਦ੍ਰਿਸ਼ ਵਿੱਚ ਇੱਕ ਵੱਡੀ ਤਬਦੀਲੀ ਦੀ ਨਿਸ਼ਾਨਦੇਹੀ ਕਰਦੇ ਹੋਏ, ਸੰਯੁਕਤ ਰਾਜ ਅਮਰੀਕਾ ਅਤੇ ਤਾਈਵਾਨ ਨੇ ਪਿੱਛਲੇ ਦਿਨੀਂ ਇੱਕ ਵਿਆਪਕ ਵਪਾਰ ਸਮਝੌਤੇ 'ਤੇ ਦਸਤਖਤ ਕੀਤੇ। ਇਹ ਸਮਝੌਤਾ, ਰਾਸ਼ਟਰਪਤੀ ਡੋਨਾਲਡ ਟਰੰਪ ਦੀ 'ਵਪਾਰ ਅਸੰਤੁਲਨ' ਨੀਤੀ ਦਾ ਹਿੱਸਾ, ਏਸ਼ੀਆ-ਪ੍ਰਸ਼ਾਂਤ ਖੇਤਰ ਵਿੱਚ ਆਰਥਿਕ ਗਤੀਸ਼ੀਲਤਾ ਨੂੰ ਪੂਰੀ ਤਰ੍ਹਾਂ ਬਦਲ ਸਕਦਾ ਹੈ।

ਲੰਘੇ ਦਿਨੀਂ ਅਮਰੀਕਾ ਅਤੇ ਤਾਈਵਾਨ 500 ਅਰਬ ਡਾਲਰ ਦੇ ਇੱਕ ਵੱਡੇ ਵਪਾਰ ਸਮਝੌਤੇ 'ਤੇ ਸਹਿਮਤ ਹੋਏ ਹਨ, ਜੋ ਤਾਈਵਾਨੀ ਸਮਾਨ 'ਤੇ ਟੈਰਿਫ਼ ਘਟਾਏਗਾ ਅਤੇ ਬਦਲੇ ਵਿੱਚ, ਤਾਈਵਾਨ ਅਮਰੀਕਾ ਵਿੱਚ 250 ਬਿਲੀਅਨ ਅਮਰੀਕੀ ਡਾਲਰ ਦੇ ਨਵੇਂ ਨਿਵੇਸ਼ ਕਰੇਗਾ। ਇਹ ਸਮਝੌਤਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਹਸਤਾਖਰ ਕੀਤੇ ਗਏ ਹਾਲ ਹੀ ਦੇ ਵਪਾਰ ਸੌਦਿਆਂ ਵਿੱਚੋਂ ਇੱਕ ਹੈ। ਉਸਨੇ ਪਹਿਲਾਂ ਯੂਰਪੀਅਨ ਯੂਨੀਅਨ ਅਤੇ ਜਾਪਾਨ ਨਾਲ ਵੀ ਇਸੇ ਤਰ੍ਹਾਂ ਦੇ ਸਮਝੌਤਿਆਂ 'ਤੇ ਦਸਤਖਤ ਕੀਤੇ ਸਨ। ਇਹ ਸਾਰੇ ਸਮਝੌਤੇ ਟਰੰਪ ਦੇ ਪਿਛਲੇ ਸਾਲ ਅਪ੍ਰੈਲ ਵਿੱਚ ਵਪਾਰ ਅਸੰਤੁਲਨ ਨੂੰ ਹੱਲ ਕਰਨ ਲਈ ਪੇਸ਼ ਕੀਤੇ ਗਏ ਵਿਆਪਕ ਟੈਰਿਫ਼ ਯੋਜਨਾ ਦੀ ਪਾਲਣਾ ਕਰਦੇ ਹਨ। ਸ਼ੁਰੂ ਵਿੱਚ, ਟਰੰਪ ਨੇ ਤਾਈਵਾਨ ਤੋਂ ਆਉਣ ਵਾਲੀਆਂ ਵਸਤਾਂ 'ਤੇ 32 ਪ੍ਰਤੀਸ਼ਤ ਟੈਰਿਫ਼ ਲਗਾਇਆ, ਜਿਸ ਨੂੰ ਬਾਅਦ ਵਿੱਚ ਘਟਾ ਕੇ 20 ਪ੍ਰਤੀਸ਼ਤ ਕਰ ਦਿੱਤਾ ਗਿਆ। ਨਵੇਂ ਸਮਝੌਤੇ ਦੇ ਤਹਿਤ, ਟੈਰਿਫ਼ ਦਰ ਨੂੰ ਹੋਰ ਘਟਾ ਕੇ 15 ਪ੍ਰਤੀਸ਼ਤ ਕਰ ਦਿੱਤਾ ਗਿਆ ਹੈ, ਜੋ ਕਿ ਏਸ਼ੀਆ-ਪ੍ਰਸ਼ਾਂਤ ਖੇਤਰ ਵਿੱਚ ਦੂਜੇ ਅਮਰੀਕੀ ਵਪਾਰਕ ਭਾਈਵਾਲਾਂ, ਜਿਵੇਂ ਕਿ ਜਾਪਾਨ ਅਤੇ ਦੱਖਣੀ ਕੋਰੀਆ 'ਤੇ ਲਗਾਏ ਗਏ ਟੈਰਿਫ਼ ਦੇ ਮੁਕਾਬਲੇ ਹੈ।

ਚੀਨ ਤਾਈਵਾਨ ਨੂੰ ਆਪਣੇ ਖੇਤਰ ਦਾ ਹਿੱਸਾ ਮੰਨਦਾ ਹੈ ਅਤੇ ਜ਼ਬਰਦਸਤੀ ਕਬਜ਼ੇ ਦੀ ਧਮਕੀ ਦਿੰਦਾ ਰਹਿੰਦਾ ਹੈ। ਇਸ ਦੌਰਾਨ, ਸੰਯੁਕਤ ਰਾਜ ਅਮਰੀਕਾ ਨੇ ਤਾਈਵਾਨ ਨੂੰ 250 ਬਿਲੀਅਨ ਡਾਲਰ ਦੇ ਨਿਵੇਸ਼ ਅਤੇ ਫ਼ੌਜੀ ਸੁਰੱਖਿਆ ਦਾ ਵਾਅਦਾ ਕੀਤਾ ਹੈ, ਜਿਸ ਨਾਲ ਚੀਨ ਬਹੁਤ ਨਾਰਾਜ਼ ਹੈ।

ਚੀਨ ਅਤੇ ਅਮਰੀਕਾ ਵਿਚਾਲੇ ਠੰਡੀ ਜੰਗ ਦੇ ਹੋਰ ਵੀ ਕਈ ਕਾਰਨ ਹਨ। ਚੀਨ ਪੂਰੇ ਦੱਖਣੀ ਚੀਨ ਸਾਗਰ 'ਤੇ ਦਾਅਵਾ ਕਰਦਾ ਹੈ, ਜਦੋਂ ਕਿ ਸੰਯੁਕਤ ਰਾਜ ਅਮਰੀਕਾ 'ਨੇਵੀਗੇਸ਼ਨ ਦੀ ਆਜ਼ਾਦੀ' ਦੇ ਨਾਮ 'ਤੇ ਉੱਥੇ ਜੰਗੀ ਜਹਾਜ਼ ਭੇਜਦਾ ਰਹਿੰਦਾ ਹੈ। ਆਧੁਨਿਕ ਯੁੱਗ ਵਿੱਚ, ਜੋ ਵੀ ਚਿਪਸ (ਸੈਮੀਕੰਡਕਟਰ) ਨੂੰ ਕੰਟਰੋਲ ਕਰੇਗਾ, ਉਹ ਦੁਨੀਆ 'ਤੇ ਰਾਜ ਕਰੇਗਾ। ਸੰਯੁਕਤ ਰਾਜ ਅਮਰੀਕਾ ਨੇ ਚੀਨ ਦੀ ਫ਼ੌਜੀ ਅਤੇ ਤਕਨੀਕੀ ਤਰੱਕੀ ਨੂੰ ਰੋਕਣ ਲਈ ਚੀਨ ਨੂੰ ਉੱਨਤ ਏਆਈ ਚਿਪਸ ਅਤੇ ਉਪਕਰਣਾਂ ਦੀ ਵਿਕਰੀ 'ਤੇ ਸਖ਼ਤ ਪਾਬੰਦੀਆਂ ਲਗਾਈਆਂ ਹਨ। ਸੁਰੱਖਿਆ ਅਤੇ ਜਾਸੂਸੀ ਖ਼ਤਰਿਆਂ ਦਾ ਹਵਾਲਾ ਦਿੰਦੇ ਹੋਏ, ਅਮਰੀਕਾ ਨੇ ਚੀਨੀ ਤਕਨੀਕੀ ਕੰਪਨੀਆਂ 'ਤੇ ਆਪਣੀ ਪਕੜ ਮਜ਼ਬੂਤ ਕਰ ਲਈ ਹੈ। ਹਾਲ ਹੀ ਦੇ ਸਾਲਾਂ ਵਿੱਚ, ਜਾਸੂਸੀ ਗ਼ੁਬਾਰਿਆਂ ਅਤੇ ਸਾਈਬਰ ਹਮਲਿਆਂ ਦੀਆਂ ਘਟਨਾਵਾਂ ਨੇ ਦੋਵਾਂ ਦੇਸ਼ਾਂ ਵਿਚਕਾਰ ਵਿਸ਼ਵਾਸ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਹੈ।

ਲੰਘੇ ਦਿਨੀਂ ਅਮਰੀਕਾ ਵੱਲੋਂ ਤਾਈਵਾਨ ਨਾਲ ਵਪਾਰਕ ਸਮਝੌਤਾ ਕਰਨ ਨਾਲ ਚੀਨ ਅਤੇ ਅਮਰੀਕਾ ਵਿਚਾਲੇ ਮੁੜ ਵੱਡਾ 'ਵਪਾਰਕ ਤਨਾਓ' ਪੈਦਾ ਹੋ ਗਿਆ ਹੈ, ਜਿਸ ਕਾਰਨ ਦੋਵਾਂ ਮੁਲਕਾਂ ਵਿਚਾਲੇ ਜਾਰੀ 'ਠੰਡੀ ਜੰਗ' ਹੋਰ ਤੇਜ਼ ਹੋਣ ਦੇ ਆਸਾਰ ਬਣ ਗਏ ਹਨ।

***

## ਸ੍ਰੀ ਅਕਾਲ ਤਖਤ ਸਕੱਤਰੇਤ ਵਿਖੇ ਪੇਸ਼ ਹੋ ਕੇ ਮਾਨ ਨੇ

ਆਖਿਆ ਕਿ ਉਹ ਇਨ੍ਹਾਂ ਇਤਿਹਾਸਕ ਦਸਤਾਵੇਜ਼ਾਂ ਨੂੰ ਜ਼ਰੂਰ ਪੜ੍ਹਨ ਅਤੇ ਸਮਝਣ। ਗੁਰੂ ਗ੍ਰੰਥ ਸਾਹਿਬ ਦੇ ਲਾਪਤਾ 328 ਪਾਵਨ ਸਰੂਪਾਂ ਦੇ ਮਾਮਲੇ ਸਬੰਧੀ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਜਥੇਦਾਰ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਨੂੰ ਇਸ ਸੰਜੀਦਾ ਮਾਮਲੇ ਉੱਤੇ ਕਿਸੇ ਤਰ੍ਹਾਂ ਦੀ ਵੀ ਕਾਹਲ ਨਹੀਂ ਕਰਨੀ ਚਾਹੀਦੀ। ਜਥੇਦਾਰ ਨੇ ਕਿਹਾ ਕਿ ਮੁੱਖ ਮੰਤਰੀ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਮਾਮਲਿਆਂ ਸਬੰਧੀ ਕੁਝ ਦਸਤਾਵੇਜ਼ ਦਿੱਤੇ ਹਨ ਅਤੇ ਇਨ੍ਹਾਂ ਦੀ ਘੋਖ ਕੀਤੀ ਜਾਵੇਗੀ।

***

## ਪੰਜਾਬ ਵਿੱਚ ਯੂ.ਏ.ਪੀ.ਏ. ਤਹਿਤ 259 ਗ੍ਰਿਫ਼ਤਾਰੀਆਂ

ਮਨੁੱਖੀ ਅਧਿਕਾਰ ਸੰਗਠਨ ਦੇ ਆਗੂ ਰਾਜਵਿੰਦਰ ਬੈਂਸ ਨੇ ਕਿਹਾ ਕਿ ਪੰਜਾਬ ਵਿੱਚ ਇਹ ਕਾਨੂੰਨ ਖ਼ਾਲਿਸਤਾਨ ਅੰਦੋਲਨ ਨੂੰ ਦਬਾਉਣ ਲਈ ਵਰਤਿਆ ਜਾਂਦਾ ਹੈ। ਸਰਕਾਰ ਇਸ ਨੂੰ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਮੰਨਦੀ ਹੈ ਪਰ ਇਹ ਕਾਨੂੰਨ ਘੱਟਗਿਣਤੀਆਂ, ਸੱਤਾ ਵਿਰੋਧੀਆਂ ਅਤੇ ਦਲਿਤਾਂ ਤੇ ਸਿੱਖ ਨੌਜਵਾਨਾਂ ਨੂੰ ਬਿਨਾਂ ਸਬੂਤਾਂ ਨਿਸ਼ਾਨਾ ਬਣਾਉਂਦਾ ਹੈ। ਸਿੱਖ ਭਾਈਚਾਰੇ ਵਿੱਚ ਇਹ ਕਾਨੂੰਨ ਡਰ ਅਤੇ ਅਲਗਾਵ ਪੈਦਾ ਕਰ ਰਿਹਾ ਹੈ। ਇੱਕ ਉਦਾਹਰਨ ਵਜੋਂ, 2021 ਵਿੱਚ ਇੱਕ ਨੌਜਵਾਨ ਦਮਨਪ੍ਰੀਤ ਸਿੰਘ ਨੇ ਯੂ.ਏ.ਪੀ.ਏ. ਤਹਿਤ ਗ੍ਰਿਫ਼ਤਾਰੀ ਕਾਰਨ ਖ਼ੁਦਕੁਸ਼ੀ ਕਰ ਲਈ ਸੀ।

ਜਸਪਾਲ ਸਿੰਘ ਮੰਝਪੁਰ ਪੰਜਾਬ ਵਿੱਚ ਯੂ.ਏ.ਪੀ.ਏ. ਦੇ ਕੇਸਾਂ ਦੀ ਸੂਚੀ ਰੱਖਣ ਅਤੇ ਇਨ੍ਹਾਂ ਕੇਸਾਂ ਨੂੰ ਲੜਨ ਲਈ ਜਾਣੇ ਜਾਂਦੇ ਹਨ। ਉਨ੍ਹਾਂ ਨੇ ਕਈ ਵਾਰ ਕਿਹਾ ਹੈ ਕਿ ਪੰਜਾਬ ਪੁਲਿਸ ਵੱਲੋਂ ਸਿੱਖ ਨੌਜਵਾਨਾਂ ਨੂੰ ਖ਼ਾਲਿਸਤਾਨੀ ਸਾਹਿਤ ਜਾਂ ਪੋਸਟਰ ਰੱਖਣ ਦੇ ਨਾਮ 'ਤੇ ਗ੍ਰਿਫ਼ਤਾਰ ਕਰਨਾ ਗਲਤ ਹੈ। ਇੱਕ ਵਾਰ ਯੂ.ਏ.ਪੀ.ਏ. ਲੱਗਣ ਨਾਲ ਨੌਜਵਾਨ ਦਾ ਕੈਰੀਅਰ ਅਤੇ ਸਮਾਜਿਕ ਰੁਤਬਾ ਖ਼ਤਮ ਹੋ ਜਾਂਦਾ ਹੈ, ਭਾਵੇਂ ਉਹ ਬਾਅਦ ਵਿੱਚ ਬੇਗੁਨਾਹ ਹੀ ਸਾਬਤ ਕਿਉਂ ਨਾ ਹੋ ਜਾਵੇ।

ਬੀਬੀ ਪਰਮਜੀਤ ਕੌਰ ਖਾਲੜਾ ਅਤੇ ਉਨ੍ਹਾਂ ਦੀ ਜਥੇਬੰਦੀ ਨੇ ਵੀ ਇਸ ਕਾਨੂੰਨ ਦਾ ਸਖ਼ਤ ਵਿਰੋਧ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਵਿੱਚ 80ਵਿਆਂ ਅਤੇ 90ਵਿਆਂ ਵਾਲਾ ਦੌਰ ਮੁੜ ਸਿਰਜਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿੱਥੇ ਕਾਨੂੰਨ ਦੀ ਵਰਤੋਂ ਦਮਨ ਲਈ ਕੀਤੀ ਜਾਂਦੀ ਸੀ।

ਸੰਯੁਕਤ ਰਾਸ਼ਟਰ ਅਤੇ ਕੌਮਾਂਤਰੀ ਭਾਈਚਾਰੇ ਨੇ ਵੱਖ-ਵੱਖ ਸਮੇਂ 'ਤੇ ਯੂ.ਏ.ਪੀ.ਏ. ਬਾਰੇ ਚਿੰਤਾ ਜਤਾਈ ਹੈ, ਪਰ ਪਿਛਲੇ ਕੁਝ ਸਾਲਾਂ ਵਿੱਚ ਇਹ ਦਬਾਅ ਬਹੁਤ ਵਧਿਆ ਹੈ। ਮੁੱਖ ਤੌਰ 'ਤੇ ਇਹ ਚਿੰਤਾਵਾਂ ਇਨ੍ਹਾਂ ਸਾਲਾਂ ਵਿੱਚ ਪ੍ਰਗਟਾਈਆਂ ਗਈਆਂ:

ਸਾਲ 2020 ਵਿੱਚ, ਸੰਯੁਕਤ ਰਾਸ਼ਟਰ ਦੇ ਪੰਜ ਵਿਸ਼ੇਸ਼ ਪ੍ਰਤੀਨਿਧਾਂ ਨੇ ਭਾਰਤ ਸਰਕਾਰ ਨੂੰ ਇੱਕ ਸਖ਼ਤ ਚਿੱਠੀ ਲਿਖੀ ਸੀ। ਉਨ੍ਹਾਂ ਨੇ 2019 ਦੀਆਂ ਸੋਧਾਂ 'ਤੇ ਸਵਾਲ ਚੁੱਕਦਿਆਂ ਕਿਹਾ ਸੀ ਕਿ ਕਿਸੇ ਵਿਅਕਤੀ ਨੂੰ 'ਅੱਤਵਾਦੀ' ਐਲਾਨਣ ਦੀ ਤਾਕਤ ਮਨੁੱਖੀ ਅਧਿਕਾਰਾਂ ਦਾ ਘਾਣ ਕਰ ਸਕਦੀ ਹੈ।

ਅਕਤੂਬਰ 2021 ਵਿੱਚ, ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰਾਂ ਦੀ ਹਾਈ ਕਮਿਸ਼ਨਰ ਮਿਸ਼ੇਲ ਬੈਚਲੇਟ ਨੇ ਜਨਤਕ ਤੌਰ 'ਤੇ ਚਿੰਤਾ ਜਤਾਈ ਕਿ ਭਾਰਤ ਵਿੱਚ ਯੂ.ਏ.ਪੀ.ਏ. ਦੀ ਵਰਤੋਂ ਕਾਰਕੁਨਾਂ ਅਤੇ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ ਲਈ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਫਾਦਰ ਸਟੈਨ ਸਵਾਮੀ ਦੀ ਮੌਤ ਅਤੇ ਕਈ ਕਾਰਕੁਨਾਂ ਦੀ ਗ੍ਰਿਫ਼ਤਾਰੀ ਦਾ ਹਵਾਲਾ ਦਿੱਤਾ ਸੀ।

ਨਵੰਬਰ 2022 ਵਿੱਚ ਜਨੇਵਾ ਵਿਖੇ ਹੋਈ ਸੰਯੁਕਤ ਰਾਸ਼ਟਰ ਦੀ ਬੈਠਕ ਦੌਰਾਨ, ਦੁਨੀਆ ਦੇ ਕਈ ਦੇਸ਼ਾਂ ਨੇ ਭਾਰਤ ਦੇ ਮਨੁੱਖੀ ਅਧਿਕਾਰਾਂ ਦੇ ਰਿਕਾਰਡ ਦੀ ਸਮੀਖਿਆ ਕੀਤੀ:

ਅਮਰੀਕਾ, ਕੈਨੇਡਾ, ਜਰਮਨੀ ਅਤੇ ਬੈਲਜੀਅਮ ਵਰਗੇ ਦੇਸ਼ਾਂ ਨੇ ਸਾਲ 2022 ਦੀ ਇਸੇ ਬੈਠਕ ਵਿੱਚ ਯੂ.ਏ.ਪੀ.ਏ. ਦੀ ਦੁਰਵਰਤੋਂ ਰੋਕਣ ਅਤੇ ਇਸ ਦੀਆਂ ਧਾਰਾਵਾਂ ਨੂੰ ਕੌਮਾਂਤਰੀ ਮਿਆਰਾਂ ਮੁਤਾਬਕ ਬਣਾਉਣ ਦੀ ਸਲਾਹ ਦਿੱਤੀ ਸੀ।

ਸਾਲ 2023 ਵਿੱਚ ਵੀ ਸੰਯੁਕਤ ਰਾਸ਼ਟਰ ਦੇ ਮਾਹਿਰਾਂ ਨੇ ਇੱਕ ਰਿਪੋਰਟ ਜਾਰੀ ਕੀਤੀ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਭਾਰਤ ਵਿੱਚ ਯੂ.ਏ.ਪੀ.ਏ. ਦੀ ਵਰਤੋਂ ਘੱਟਗਿਣਤੀਆਂ (ਖਾਸ ਕਰਕੇ ਮੁਸਲਮਾਨਾਂ ਅਤੇ ਸਿੱਖਾਂ) ਅਤੇ ਧਾਰਮਿਕ ਆਜ਼ਾਦੀ ਨੂੰ ਦਬਾਉਣ ਲਈ ਕੀਤੀ ਜਾ ਰਹੀ ਹੈ।

ਭਾਰਤ ਸਰਕਾਰ ਯੂ.ਏ.ਪੀ.ਏ. ਨੂੰ ਅੱਤਵਾਦ ਨੂੰ ਰੋਕਣ ਲਈ ਜ਼ਰੂਰੀ ਮੰਨਦੀ ਹੈ। ਉਹ ਕਹਿੰਦੀ ਹੈ ਕਿ ਇਹ ਕਾਨੂੰਨ ਖਾੜਕੂ ਸੰਗਠਨਾਂ ਨੂੰ ਰੋਕਦਾ ਹੈ ਜੋ ਖ਼ਾਲਿਸਤਾਨ ਨੂੰ ਉਤਸ਼ਾਹਿਤ ਕਰਦੇ ਹਨ।

ਅੰਤ ਵਿੱਚ, ਯੂ.ਏ.ਪੀ.ਏ. ਨੂੰ ਮਨੁੱਖੀ ਅਧਿਕਾਰਾਂ ਵਿਰੋਧੀ ਮੰਨਣ ਵਾਲੇ ਇਲਜ਼ਾਮ ਮਜ਼ਬੂਤ ਹਨ ਕਿਉਂਕਿ ਘੱਟ ਸਜ਼ਾ ਦਰ ਅਤੇ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਨਾਲ ਇਹ ਪ੍ਰਕਿਰਿਆ ਮਨੁੱਖੀ ਅਧਿਕਾਰਾਂ ਵਿਰੋਧੀ ਹੈ। ਪੰਜਾਬ ਵਿੱਚ ਇਸ ਦੀ ਵਰਤੋਂ ਸਿੱਖ ਨੌਜਵਾਨਾਂ ਨੂੰ ਡਰਾਉਣ ਅਤੇ ਖ਼ਾਲਿਸਤਾਨ ਅੰਦੋਲਨ ਨੂੰ ਦਬਾਉਣ ਲਈ ਕੀਤੀ ਜਾ ਰਹੀ ਹੈ। ਸਰਕਾਰ ਨੂੰ ਇਸ ਕਾਨੂੰਨ ਨੂੰ ਖਤਮ ਕਰਨਾ ਚਾਹੀਦਾ ਹੈ।

***

## ਯੂਕ੍ਰੇਨ ਦੀ ਅਜ਼ਾਦੀ ਲਈ ਜਾਨ ਵਾਰਨ ਵਾਲਾ

ਯੂਕ੍ਰੇਨੀ ਕੈਨੇਡੀਅਨ ਕਾਂਗਰਸ ਅਤੇ ਯੂਕ੍ਰੇਨੀ ਵਾਰ ਵੈਟਰਨਜ਼ ਐਸੋਸੀਏਸ਼ਨ ਨੇ 4 ਦਸੰਬਰ 2025 ਨੂੰ ਟੋਰਾਂਟੋ ਵਿੱਚ ਯੂਕ੍ਰੇਨੀਅਨ ਕੈਨੇਡੀਅਨ ਸੈਕਰੀਫਾਈਸ ਮੈਡਲ ਨਾਲ ਉਸ ਨੂੰ ਸਨਮਾਨਿਤ ਕੀਤਾ, ਜਿੱਥੇ ਉਸ ਨੂੰ 14 ਨਾਇਕਾਂ ਵਿੱਚ ਸ਼ਾਮਲ ਕੀਤਾ ਗਿਆ। ਉਸ ਦੇ ਮਾਤਾ-ਪਿਤਾ ਨੇ ਆਪਣੇ ਪੁੱਤਰ ਦੀ ਸ਼ਹਾਦਤ ਉੱਪਰ ਮਾਣ ਕੀਤਾ।

ਮਨਦੀਪ ਦੇ ਬਲੀਦਾਨ ਨੇ ਸਿੱਖ ਧਰਮ ਦੇ ਮਨੁੱਖਤਾ ਦੀ ਸੇਵਾ ਤੇ ਨਿਆਂ ਦੇ ਸਿਧਾਂਤ ਨੂੰ ਜੀਵੰਤ ਕੀਤਾ। ਉਸ ਨੇ ਦੂਰ ਦੇਸ਼ ਲਈ, ਬਿਨਾਂ ਕਿਸੇ ਸਵਾਰਥ ਤੋਂ ਆਪਣੀ ਜਾਨ ਵਾਰ ਦਿੱਤੀ। ਉਸ ਦੇ ਮਾਤਾ ਆਸ਼ਾ ਕੌਰ ਨੇ ਕਿਹਾ ਕਿ ਸੈਕਰੀਫਾਈਸ ਮੈਡਲ ਮੇਰੇ ਪੁੱਤਰ ਦੇ ਬਲੀਦਾਨ ਦੀ ਮਾਨਤਾ ਹੈ। ਉਹ ਹਰ ਇੱਕ ਨੂੰ ਬਰਾਬਰ ਮੰਨਦਾ ਸੀ।

*******

## ਅਮਰੀਕਾ-ਪਾਕਿਸਤਾਨ ਨੇ ਪੂਰਾ ਕੀਤਾ

ਅੰਤਰਰਾਸ਼ਟਰੀ ਮੀਡੀਆ ਵਿੱਚ ਇਸ ਅਭਿਆਸ ਨੂੰ ਅਮਰੀਕਾ-ਪਾਕਿਸਤਾਨ ਸਬੰਧਾਂ ਦੀ ਮਜ਼ਬੂਤੀ ਵਜੋਂ ਵੇਖਿਆ ਜਾ ਰਿਹਾ ਹੈ। ਦਿ ਹਿੰਦੂ, ਇਕਨਾਮਿਕ ਟਾਈਮਜ਼ ਅਤੇ ਅਰਬ ਨਿਊਜ਼ ਵਰਗੇ ਅਖਬਾਰਾਂ ਨੇ ਇਸ ਨੂੰ ਕਵਰ ਕੀਤਾ ਅਤੇ ਭਾਰਤ ਲਈ ਚਿੰਤਾ ਜਤਾਈ। ਅਮਰੀਕੀ ਥਿੰਕ ਟੈਂਕ ਨੇ ਚੇਤਾਵਨੀ ਦਿੱਤੀ ਕਿ ਅੱਤਵਾਦ ਵਧਣ ਨਾਲ ਭਾਰਤ-ਪਾਕਿਸਤਾਨ ਵਿਚਕਾਰ ਟਕਰਾਅ ਦੀ ਸੰਭਾਵਨਾ ਹੈ। ਇਹ ਘਟਨਾ ਦੱਖਣੀ ਏਸ਼ੀਆ ਵਿੱਚ ਰਣਨੀਤਕ ਬਦਲਾਅ ਨੂੰ ਦਰਸਾਉਂਦੀ ਹੈ ਜਿੱਥੇ ਅਮਰੀਕਾ ਆਪਣੇ ਹਿੱਤਾਂ ਲਈ ਸੰਤੁਲਨ ਬਣਾ ਰਿਹਾ ਹੈ।

***

## ਅਮਰੀਕਾ ਦੀ ਕੌਮੀ ਸੁਰੱਖਿਆ ਲਈ ਮਹੱਤਵਪੂਰਨ

ਟੈਕਸ ਲਾਉਣ ਵਾਲੇ ਦੇਸ਼ਾਂ ਵਿੱਚ ਨੀਦਰਲੈਂਡ ਅਤੇ ਫਿਨਲੈਂਡ ਸਮੇਤ ਅੱਠ ਯੂਰਪੀ ਦੇਸ਼ ਸ਼ਾਮਲ ਹਨ।

### ਯੂਰਪੀਅਨ ਯੂਨੀਅਨ ਅਤੇ ਨਾਟੋ ਦੀਆਂ ਵਧਦੀਆਂ ਚਿੰਤਾਵਾਂ

ਯੂਰਪੀਅਨ ਯੂਨੀਅਨ ਦੀ ਵਿਦੇਸ਼ ਨੀਤੀ ਦੇ ਮੁਖੀ ਕਾਜਾ ਕੈਲਾਸ ਨੇ ਚਿਤਾਵਨੀ ਦਿੱਤੀ ਹੈ ਕਿ ਸੰਯੁਕਤ ਰਾਜ ਅਤੇ ਯੂਰਪ ਵਿਚਕਾਰ ਵਧ ਰਹੇ ਮਤਭੇਦ ਸਿੱਧੇ ਤੌਰ 'ਤੇ ਚੀਨ ਅਤੇ ਰੂਸ ਨੂੰ ਲਾਭ ਪਹੁੰਚਾ ਸਕਦੇ ਹਨ।

ਯੂਰਪੀਅਨ ਯੂਨੀਅਨ ਕੌਂਸਲ ਦੇ ਪ੍ਰਧਾਨ ਐਂਟੋਨੀਓ ਕੋਸਟਾ ਅਤੇ ਯੂਰਪੀਅਨ ਕਮਿਸ਼ਨ ਦੇ ਪ੍ਰਧਾਨ ਉਰਸੁਲਾ ਵਾਨ ਡੇਰ ਲੇਅਨ ਨੇ ਵੀ ਡੈਨਮਾਰਕ ਅਤੇ ਗ੍ਰੀਨਲੈਂਡ ਨਾਲ ਇਕਜੁੱਟਤਾ ਜ਼ਾਹਰ ਕਰਦੇ ਹੋਏ ਕਿਹਾ ਕਿ ਟੈਰਿਫ਼ ਵਰਗੇ ਉਪਾਅ ਟਰਾਂਸਐਟਲਾਂਟਿਕ ਸਬੰਧਾਂ ਨੂੰ ਕਮਜ਼ੋਰ ਕਰਨਗੇ ਅਤੇ ਸਹਿਯੋਗ ਦੀ ਭਾਵਨਾ ਨੂੰ ਨੁਕਸਾਨ ਪਹੁੰਚਾਉਣਗੇ।

### ਸੰਯੁਕਤ ਰਾਜ ਅਮਰੀਕਾ ਅਤੇ ਯੂਰਪ ਅੰਦਰ ਅਸਹਿਮਤੀ

ਟਰੰਪ ਦੀ ਨੀਤੀ ਦਾ ਸੰਯੁਕਤ ਰਾਜ ਅਮਰੀਕਾ ਦੇ ਅੰਦਰ ਵੀ ਵਿਰੋਧ ਹੋ ਰਿਹਾ ਹੈ। ਅਮਰੀਕੀ ਸੈਨੇਟਰ ਮਾਰਕ ਕੈਲੀ ਨੇ ਚਿਤਾਵਨੀ ਦਿੱਤੀ ਕਿ ਸਹਿਯੋਗੀਆਂ 'ਤੇ ਟੈਰਿਫ ਲਗਾਉਣਾ ਅੰਤ ਵਿੱਚ ਅਮਰੀਕੀ ਖਪਤਕਾਰਾਂ 'ਤੇ ਭਾਰੀ ਪਵੇਗਾ ਅਤੇ ਅਮਰੀਕਾ ਦੀ ਵਿਸ਼ਵਵਿਆਪੀ ਭਰੋਸੇਯੋਗਤਾ ਨੂੰ ਨੁਕਸਾਨ ਪਹੁੰਚਾਏਗਾ।

ਯੂਰਪ ਵਿੱਚ ਟਰੰਪ ਦੇ ਨਜ਼ਦੀਕੀ ਮੰਨੇ ਜਾਣ ਵਾਲੇ ਇਟਲੀ ਦੇ ਪ੍ਰਧਾਨ ਮੰਤਰੀ ਜਾਰਜੀਓ ਮੇਲੋਨੀ ਨੇ ਵੀ ਇਸ ਫੈਸਲੇ ਨੂੰ ਇੱਕ ਰਣਨੀਤਕ ਗਲਤੀ ਕਿਹਾ ਹੈ। ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਕਿਹਾ ਹੈ ਕਿ ਯੂਰਪੀਅਨ ਦੇਸ਼ਾਂ 'ਤੇ ਟੈਰਿਫ ਲਗਾਉਣ ਦਾ ਫੈਸਲਾ ਗਲਤ ਹੈ ਅਤੇ ਇਸ ਨੂੰ ਅਮਰੀਕਾ ਨਾਲ ਮਿਲ ਕੇ ਜ਼ੋਰਦਾਰ ਢੰਗ ਨਾਲ ਚੁੱਕਿਆ ਜਾਵੇਗਾ।

### ਕੀ ਨਾਟੋ ਦੀ ਏਕਤਾ ਖ਼ਤਰੇ ਵਿੱਚ ਹੈ ?

ਇਸ ਸਮੇਂ ਨਾਟੋ ਦੇ ਢਹਿਣ ਦੀਆਂ ਕਿਆਸਰਾਈਆਂ ਘੱਟ ਹਨ ਪਰ ਇਹ ਵਿਵਾਦ ਗੱਠਜੋੜ ਦੇ ਅੰਦਰ ਡੂੰਘੇ ਹੋ ਰਹੇ ਪਾੜੇ ਨੂੰ ਉਜਾਗਰ ਕਰ ਰਿਹਾ ਹੈ। ਜੇਕਰ ਅਮਰੀਕਾ ਆਪਣੇ ਸਹਿਯੋਗੀਆਂ 'ਤੇ ਆਰਥਿਕ ਅਤੇ ਰਾਜਨੀਤਕ ਦਬਾਅ ਵਧਾਉਂਦਾ ਰਿਹਾ, ਤਾਂ ਨਾਟੋ ਦੀ ਏਕਤਾ ਕਮਜ਼ੋਰ ਹੋ ਸਕਦੀ ਹੈ।

### ਫ਼ੋਨ ਕਾਲ ਵਿੱਚ ਸਪਸ਼ਟ ਸੁਨੇਹਾ

ਡੈਨਮਾਰਕ ਦੇ ਪ੍ਰਧਾਨ ਮੰਤਰੀ ਮੇਟੇ ਫਰੈਡਰਿਕਸਨ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਫ਼ੋਨ 'ਤੇ ਗੱਲਬਾਤ ਕੀਤੀ। ਕਾਲ ਦੌਰਾਨ, ਫਰੈਡਰਿਕਸਨ ਨੇ ਟਰੰਪ ਨੂੰ ਦੱਸਿਆ ਕਿ ਸਿਰਫ਼ ਗ੍ਰੀਨਲੈਂਡ ਦੇ ਲੋਕ ਹੀ ਗ੍ਰੀਨਲੈਂਡ ਦੇ ਭਵਿੱਖ ਦਾ ਫੈਸਲਾ ਕਰਨਗੇ। ਗੱਲਬਾਤ ਦੌਰਾਨ ਗ੍ਰੀਨਲੈਂਡ ਦੇ ਪ੍ਰਧਾਨ ਮੰਤਰੀ ਮੂਟੇ ਏਗੇਡੇ ਨੇ ਫਿਰ ਕਿਹਾ ਕਿ ਗ੍ਰੀਨਲੈਂਡ ਵਿਕਰੀ ਲਈ ਨਹੀਂ ਹੈ।

ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਗ੍ਰੀਨਲੈਂਡ 'ਤੇ ਅਮਰੀਕਾ ਦੇ ਕੰਟਰੋਲ ਦਾ ਵਿਰੋਧ ਕਰਨ 'ਤੇ ਉਹ ਅੱਠ ਯੂਰਪੀ ਦੇਸ਼ਾਂ ਦੇ ਸਾਮਾਨ 'ਤੇ ਫਰਵਰੀ ਤੋਂ 10 ਪ੍ਰਤੀਸ਼ਤ ਟੈਕਸ ਲਗਾਉਣਗੇ। ਟਰੰਪ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਜੇ ਸੰਯੁਕਤ ਰਾਜ ਅਮਰੀਕਾ ਵੱਲੋਂ ਗ੍ਰੀਨਲੈਂਡ ਮਾਮਲਾ ਸਿਰੇ ਨਾ ਚੜ੍ਹਿਆ ਤਾਂ ਡੈਨਮਾਰਕ, ਨਾਰਵੇ, ਸਵੀਡਨ, ਫਰਾਂਸ, ਜਰਮਨੀ, ਯੂਨਾਈਟਿਡ ਕਿੰਗਡਮ, ਨੀਦਰਲੈਂਡ ਅਤੇ ਫਿਨਲੈਂਡ ਨੂੰ ਟੈਰਿਫ਼ ਦਾ ਸਾਹਮਣਾ ਕਰਨਾ ਪਵੇਗਾ ਜੋ 1 ਜੂਨ ਨੂੰ ਵਧਾ ਕੇ 25 ਫ਼ੀਸਦੀ ਕਰ ਦਿੱਤਾ ਜਾਵੇਗਾ।

***

## ਅਕਾਲੀ ਦਲ ਪੁਨਰ ਸੁਰਜੀਤ ਨਿਘਾਰ

ਉਹਨਾਂ ਨੇ ਕਿਹਾ ਕਿ ਪਾਰਟੀ ਨੇ ਵਿਜ਼ਨ ਪੇਪਰ ਲਿਆਉਣ ਦਾ ਵਾਅਦਾ ਕੀਤਾ ਸੀ ਪਰ ਅਜੇ ਤੱਕ ਨਹੀਂ ਆਇਆ। ਆਗੂਆਂ ਵਿੱਚ ਤਾਲਮੇਲ ਨਹੀਂ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੇਵਾਮੁਕਤ ਪ੍ਰੋਫ਼ੈਸਰ ਜਗਰੂਪ ਸਿੰਘ ਸੇਖੋਂ ਨੇ ਕਿਹਾ ਕਿ ਇਹ ਅਜਿਹਾ ਜਹਾਜ਼ ਹੈ ਜਿਸ ਦੀ ਮੰਜ਼ਿਲ ਨਹੀਂ ਹੈ। ਪਾਰਟੀ ਨੇ ਜਥੇਬੰਦਕ ਢਾਂਚਾ ਨਹੀਂ ਖੜ੍ਹਾ ਕੀਤਾ ਤੇ ਏਜੰਡਾ ਸਾਂਝਾ ਨਹੀਂ ਕੀਤਾ। ਸਿਆਸੀ ਆਗੂ ਬਣਨ ਲਈ ਲੋਕਾਂ ਵਿੱਚ ਜਾਣਾ ਪੈਂਦਾ ਹੈ ਪਰ ਪਾਰਟੀ ਅਜੇ ਤੱਕ ਲੋਕਾਂ ਵਿੱਚ ਨਹੀਂ ਵਿਚਰੀ। ਇਹਨਾਂ ਵਿਚਾਰਾਂ ਤੋਂ ਸਾਫ਼ ਹੈ ਕਿ ਪਾਰਟੀ ਨੂੰ ਸਰਗਰਮੀਆਂ ਦੀ ਘਾਟ ਤੇ ਮੁੱਦੇ ਨਾ ਚੁੱਕਣ ਕਰਕੇ ਨੁਕਸਾਨ ਹੋ ਰਿਹਾ ਹੈ। ਪੰਜਾਬ ਵਿੱਚ ਨਸ਼ੇ, ਬੇਰੁਜ਼ਗਾਰੀ, ਕਿਸਾਨ ਮੁੱਦੇ ਵਰਗੇ ਵੱਡੇ ਮਸਲੇ ਹਨ ਪਰ ਪਾਰਟੀ ਨੇ ਇਨ੍ਹਾਂ ਉੱਤੇ ਕੋਈ ਵੱਡੀ ਲਹਿਰ ਨਹੀਂ ਚਲਾਈ।

ਅਕਾਲੀ ਦਲ ਪੁਨਰ ਸੁਰਜੀਤ ਆਗੂ ਇਕਬਾਲ ਸਿੰਘ ਝੂੰਦਾਂ ਨੇ ਕਿਹਾ ਕਿ ਪਾਰਟੀ ਨੂੰ ਸਰਗਰਮੀਆਂ ਕਰਨੀਆਂ ਪੈਣਗੀਆਂ ਤੇ ਅਸੀਂ ਕਰਾਂਗੇ ਵੀ। ਪਰਮਿੰਦਰ ਢੀਂਡਸਾ ਨੇ ਕਿਹਾ ਕਿ ਸਾਰੀਆਂ ਸਰਗਰਮੀਆਂ ਦੀ ਯੋਜਨਾ ਉਲੀਕੀ ਹੈ ਤੇ ਹੌਲੀ-ਹੌਲੀ ਕਰ ਰਹੇ ਹਾਂ। ਬਰਾੜ ਦੇ ਇਲਜ਼ਾਮਾਂ ਬਾਰੇ ਉਹਨਾਂ ਨੇ ਕਿਹਾ ਕਿ ਦੋ-ਤਿੰਨ ਮਹੀਨੇ ਸਰਗਰਮੀ ਘੱਟ ਹੋਣ ਨੂੰ ਕੋਈ ਸਰਗਰਮੀ ਨਾ ਹੋਣਾ ਨਹੀਂ ਕਿਹਾ ਜਾ ਸਕਦਾ। ਜੇ ਬਰਾੜ ਭਾਜਪਾ ਵਿੱਚ ਜਾਣਾ ਚਾਹੁੰਦੇ ਸਨ ਤਾਂ ਇਤਰਾਜ਼ ਨਹੀਂ ਪਰ ਪਾਰਟੀ ਉੱਤੇ ਇਲਜ਼ਾਮ ਨਹੀਂ ਲਾਉਣੇ ਚਾਹੀਦੇ ਸਨ। ਇਆਲੀ ਬਾਰੇ ਉਹਨਾਂ ਨੇ ਕਿਹਾ ਕਿ ਉਹ ਮੀਟਿੰਗਾਂ ਵਿੱਚ ਹਿੱਸਾ ਲੈ ਰਹੇ ਹਨ ਤੇ ਪਿਛਲੀਆਂ ਦੋ ਮੀਟਿੰਗਾਂ ਵਿੱਚ ਮੌਜੂਦ ਸਨ। ਉਹਨਾਂ ਨੇ ਦੂਰੀ ਨਹੀਂ ਬਣਾਈ ਬਲਕਿ ਸਰਗਰਮੀਆਂ ਵਿੱਚ ਹਿੱਸਾ ਨਹੀਂ ਲੈ ਰਹੇ। ਇਹ ਜਵਾਬ ਦੱਸਦੇ ਹਨ ਕਿ ਪਾਰਟੀ ਅੰਦਰੂਨੀ ਮੱਤਭੇਦਾਂ ਨੂੰ ਨਕਾਰ ਰਹੀ ਹੈ ਪਰ ਬਾਹਰੀ ਨਜ਼ਰ ਵਿੱਚ ਇਹ ਕਮਜ਼ੋਰੀਆਂ ਸਾਫ਼ ਨਜ਼ਰ ਆ ਰਹੀਆਂ ਹਨ।

### ਹੁਣ ਸਵਾਲ ਇਹ ਹੈ ਕਿ ਅਕਾਲੀ ਦਲ ਪੁਨਰ ਸੁਰਜੀਤ ਨੂੰ ਕੀ ਉਪਰਾਲੇ ਕਰਨ ਦੀ ਲੋੜ ਹੈ ਤੇ ਕਿਉਂ ?

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਪਹਿਲਾਂ ਤਾਂ ਪਾਰਟੀ ਨੂੰ ਜਥੇਬੰਦਕ ਢਾਂਚਾ ਖੜ੍ਹਾ ਕਰਨਾ ਚਾਹੀਦਾ ਹੈ। ਬਿਨਾਂ ਢਾਂਚੇ ਦੇ ਪਾਰਟੀ ਨਹੀਂ ਚੱਲ ਸਕਦੀ। ਮਾਹਿਰਾਂ ਮੁਤਾਬਕ ਪਾਰਟੀ ਨੂੰ ਆਪਣੇ ਏਜੰਡੇ ਸਾਂਝੇ ਕਰਨੇ ਚਾਹੀਦੇ ਹਨ ਤੇ ਲੋਕਾਂ ਵਿੱਚ ਜਾ ਕੇ ਮੁੱਦੇ ਚੁੱਕਣੇ ਚਾਹੀਦੇ ਹਨ। ਵਿਜ਼ਨ ਪੇਪਰ ਜਲਦੀ ਲਿਆਉਣਾ ਚਾਹੀਦਾ ਹੈ ਜਿਸ ਵਿੱਚ ਪੰਜਾਬ ਦੇ ਵਿਕਾਸ, ਪੰਥਕ ਏਕਤਾ, ਨੌਜਵਾਨਾਂ ਲਈ ਨੌਕਰੀਆਂ, ਕਿਸਾਨਾਂ ਦੇ ਮਸਲੇ ਤੇ ਨਸ਼ੇ ਵਿਰੋਧੀ ਯੋਜਨਾਵਾਂ ਹੋਣ। ਪਾਰਟੀ ਨੂੰ ਸਰਗਰਮੀਆਂ ਵਧਾਉਣੀਆਂ ਚਾਹੀਦੀਆਂ ਹਨ ਜਿਵੇਂ ਰੈਲੀਆਂ, ਧਰਨੇ ਤੇ ਸਮਾਜਿਕ ਪ੍ਰੋਗਰਾਮ। ਇਹ ਉਪਰਾਲੇ ਇਸ ਲਈ ਜ਼ਰੂਰੀ ਹਨ ,ਕਿਉਂਕਿ ਪੰਜਾਬ ਵਿੱਚ ਅਗਲੀਆਂ ਚੋਣਾਂ ਨੇੜੇ ਹਨ ਤੇ ਪਾਰਟੀ ਨੂੰ ਆਪਣੀ ਹੋਂਦ ਬਚਾਉਣ ਲਈ ਮਜ਼ਬੂਤ ਹੋਣਾ ਪਵੇਗਾ। ਜੇ ਅਜਿਹਾ ਨਾ ਹੋਇਆ ਤਾਂ ਵਰਕਰ ਵਧੇਰੇ ਨਿਰਾਸ਼ ਹੋ ਜਾਣਗੇ ਤੇ ਪਾਰਟੀ ਹੋਰ ਕਮਜ਼ੋਰ ਹੋ ਜਾਵੇਗੀ। ਪੰਥਕ ਧਿਰਾਂ ਨੂੰ ਇਕੱਠੇ ਕਰਨ ਲਈ ਵੀ ਯਤਨ ਵਧਾਉਣੇ ਚਾਹੀਦੇ ਹਨ ਤਾਂ ਜੋ ਵੋਟ ਨਾ ਵੰਡੇ ਜਾਣ। ਅਕਾਲੀ ਦਲ ਪੁਨਰ ਸੁਰਜੀਤ ਨੂੰ ਆਪਣੇ ਆਪ ਨੂੰ ਮਜ਼ਬੂਤ ਕਰਨ ਲਈ ਤੇਜ਼ੀ ਨਾਲ ਕੰਮ ਕਰਨਾ ਪਵੇਗਾ। ਜੇ ਉਹ ਸਿਆਸੀ ਸਰਗਰਮੀਆਂ ਵਧਾਏ ਤੇ ਲੋਕ ਮੁੱਦੇ ਚੁੱਕੇ ਤਾਂ ਪੰਥਕ ਵੋਟਾਂ ਨੂੰ ਇਕੱਠਾ ਕਰ ਸਕਦੀ ਹੈ।

***

## ਪੰਜਾਬ ਕਾਂਗਰਸ ਵਿੱਚ ਧੜੇਬੰਦੀ ਵਧੀ,

ਇਸ ਸਭ ਨਾਲ ਪੰਜਾਬ ਕਾਂਗਰਸ ਵਿੱਚ ਟੁੱਟਣ ਦੇ ਖਦਸ਼ੇ ਵਧ ਗਏ ਹਨ। ਪਟਿਆਲਾ ਤੋਂ ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ ਨੇ ਕਿਹਾ ਕਿ ਹਾਈਕਮਾਂਡ ਨੂੰ ਹੁਣ ਸਖ਼ਤ ਫੈਸਲੇ ਲੈਣੇ ਚਾਹੀਦੇ ਹਨ। ਉਨ੍ਹਾਂ ਨੇ ਕਿਹਾ ਕਿ ਜਿਸ ਨੂੰ ਪਾਰਟੀ ਵਿੱਚ ਰਹਿਣਾ ਹੈ ਉਹ ਰਹੇ ਅਤੇ ਜਿਸ ਨੂੰ ਜਾਣਾ ਹੈ ਉਹ ਜਾਵੇ, ਤਾਂ ਜੋ ਪਾਰਟੀ ਵਿੱਚ ਸਪੱਸ਼ਟਤਾ ਆਵੇ। ਗਾਂਧੀ ਨੇ ਚਿਤਾਵਨੀ ਦਿੱਤੀ ਕਿ ਜੇਕਰ ਧੜੇਬੰਦੀ ਨੂੰ ਨਹੀਂ ਰੋਕਿਆ ਗਿਆ ਤਾਂ ਪਾਰਟੀ ਨੂੰ ਵੱਡਾ ਨੁਕਸਾਨ ਹੋ ਸਕਦਾ ਹੈ। ਪਾਰਟੀ ਨੇ ਪਿਛਲੇ ਸਾਲਾਂ ਵਿੱਚ ਵੀ ਅਜਿਹੇ ਸੰਕਟਾਂ ਨੂੰ ਝੱਲਿਆ ਹੈ, ਜਿਵੇਂ ਕਿ 2025 ਵਿੱਚ ਲੁਧਿਆਣਾ ਅਤੇ ਤਰਨਤਾਰਨ ਉਪ ਚੋਣਾਂ ਵਿੱਚ ਹਾਰ ਦਾ ਕਾਰਨ ਧੜੇਬੰਦੀ ਨੂੰ ਮੰਨਿਆ ਗਿਆ ਹੈ।

ਇਸ ਵਿਵਾਦ ਵਿੱਚ ਚੰਨੀ ਨੂੰ ਭਾਜਪਾ ਨਾਲ ਜੋੜਨ ਵਾਲੀਆਂ ਅਫ਼ਵਾਹਾਂ ਵੀ ਚੱਲ ਰਹੀਆਂ ਹਨ। ਚੰਨੀ ਦੇ ਦਲਿਤ ਨੁਮਾਇੰਦਗੀ ਵਾਲੇ ਬਿਆਨ ਦੇ ਬਾਅਦ ਭਾਜਪਾ ਨੇਤਾ ਕੇਵਲ ਸਿੰਘ ਢਿੱਲੋਂ ਨੇ ਚੰਨੀ ਨੂੰ ਭਾਜਪਾ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਢਿੱਲੋਂ ਨੇ ਕਿਹਾ ਕਿ ਭਾਜਪਾ ਵਿੱਚ ਚੰਨੀ ਨੂੰ ਇੱਜ਼ਤ ਅਤੇ ਮੌਕਾ ਮਿਲੇਗਾ ਅਤੇ ਉਹ ਹਰ ਭਾਈਚਾਰੇ ਦੀ ਸੇਵਾ ਕਰ ਸਕੇਗਾ। ਇਹ ਸੱਦਾ ਚੰਨੀ ਦੇ ਕਾਂਗਰਸ ਵਿੱਚ ਅਸੰਤੁਸ਼ਟ ਹੋਣ ਨੂੰ ਲੈ ਕੇ ਆਇਆ ਹੈ, ਪਰ ਚੰਨੀ ਨੇ ਇਸ ਨੂੰ ਰੱਦ ਕਰਦੇ ਹੋਏ ਕਿਹਾ ਕਿ ਉਹ ਕਾਂਗਰਸ ਵਿੱਚ ਹੀ ਰਹਿਣਗੇ ਅਤੇ ਉਨ੍ਹਾਂ ਨੇ ਕਿਸੇ ਜਾਤੀ ਵਿਰੋਧੀ ਬਿਆਨ ਨਹੀਂ ਦਿੱਤਾ। ਉਨ੍ਹਾਂ ਨੇ ਆਪਣੇ ਬਿਆਨ ਵਿੱਚ ਸਮਾਜਿਕ ਨਿਆਂ ਦੀ ਗੱਲ ਕੀਤੀ ਹੈ । ਹਾਲਾਂਕਿ, ਅਜੇ ਤੱਕ ਚੰਨੀ ਅਤੇ ਭਾਜਪਾ ਵਿਚਕਾਰ ਕਿਸੇ ਸਿੱਧੇ ਸੰਪਰਕ ਦੀ ਪੁਸ਼ਟੀ ਨਹੀਂ ਹੋਈ ਹੈ, ਪਰ ਇਹ ਅਫਵਾਹਾਂ ਪਾਰਟੀ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ।

ਪੰਜਾਬ ਕਾਂਗਰਸ ਦੇ ਇਸ ਸੰਕਟ ਨੂੰ ਸਮਝਣ ਲਈ 2022 ਵਿਧਾਨ ਸਭਾ ਚੋਣਾਂ ਨੂੰ ਯਾਦ ਕਰਨਾ ਜ਼ਰੂਰੀ ਹੈ। ਉਸ ਵੇਲੇ ਕਾਂਗਰਸ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਹਟਾ ਕੇ ਚੰਨੀ ਨੂੰ ਮੁੱਖ ਮੰਤਰੀ ਬਣਾਇਆ ਸੀ, ਜੋ ਪੰਜਾਬ ਦੇ ਪਹਿਲੇ ਦਲਿਤ ਮੁੱਖ ਮੰਤਰੀ ਬਣੇ। ਪਰ ਚੰਨੀ ਨੇ ਦੋ ਸੀਟਾਂ ਤੋਂ ਚੋਣ ਲੜੀ ਅਤੇ ਦੋਵੇਂ ਹਾਰ ਗਏ। ਪਾਰਟੀ ਕੋਲ 78 ਵਿਧਾਇਕ ਸਨ, ਜੋ ਘਟ ਕੇ 18 ਰਹਿ ਗਏ ਸਨ। ਕਾਂਗਰਸ ਨੇ ਇਸ ਹਾਰ ਦਾ ਕਾਰਨ ਜੱਟ ਵੋਟਾਂ ਨਾ ਮਿਲਣ ਨੂੰ ਮੰਨਿਆ, ਜਦਕਿ ਦੋਆਬਾ ਵਿੱਚ ਐੱਸਸੀ ਵੋਟਾਂ ਨੇ ਪਾਰਟੀ ਨੂੰ ਸਮਰਥਨ ਦਿੱਤਾ। ਪਰ ਮਾਲਵਾ ਅਤੇ ਮਾਝੇ ਵਿੱਚ ਐੱਸਸੀ ਉਮੀਦਵਾਰਾਂ ਨੂੰ ਜ਼ੋਰ ਨਹੀਂ ਮਿਲਿਆ। ਇਸੇ ਕਰਕੇ ਬਘੇਲ ਹੁਣ ਕਹਿ ਰਹੇ ਹਨ ਕਿ ਪਾਰਟੀ ਹਾਈਕਮਾਂਡ ਦੇ ਚਿਹਰੇ ਤੇ ਚੋਣਾਂ ਲੜੇਗੀ ਅਤੇ ਚਿਹਰਾ ਐਲਾਨ ਨਹੀਂ ਕਰੇਗੀ।

ਪੰਜਾਬ ਕਾਂਗਰਸ ਦੇ ਨੇਤਾ ਸੁਖਜਿੰਦਰ ਰੰਧਾਵਾ ਨੇ ਇਕਜੁੱਟਤਾ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਪਾਰਟੀ ਦਾ ਟੀਚਾ ਸਿਰਫ਼ ਸੱਤਾ ਵਿੱਚ ਵਾਪਸੀ ਹੈ ਅਤੇ ਲੀਡਰਸ਼ਿਪ ਦੇ ਫੈਸਲੇ ਹਾਈਕਮਾਂਡ 'ਤੇ ਛੱਡੇ ਜਾਣ। ਉਨ੍ਹਾਂ ਨੇ ਕਿਹਾ ਕਿ ਧੜੇਬੰਦੀ ਪਹਿਲਾਂ ਵੀ ਸੀ, ਪਰ ਅਸਲ ਕਾਂਗਰਸੀ ਡੀਐੱਨਏ ਵਾਲੇ ਹੀ ਬਚਣਗੇ। ਪਰ ਆਮ ਆਦਮੀ ਪਾਰਟੀ (ਆਪ) ਨੇ ਇਸ ਨੂੰ ਮੌਕਾ ਮੰਨ ਕੇ ਤੰਜ ਕੱਸੇ ਹਨ। ਆਪ ਨੇਤਾ ਕੁਲਦੀਪ ਧਾਲੀਵਾਲ ਨੇ ਕਿਹਾ ਕਿ ਕਾਂਗਰਸ ਦੀ ਇਕਜੁੱਟਤਾ ਵਾਲੀ ਗੱਲ ਖੋਖਲੀ ਹੈ ਅਤੇ ਪਾਰਟੀ ਅੰਦਰ ਵੜਿੰਗ, ਚੰਨੀ, ਬਾਜਵਾ ਅਤੇ ਰਾਣਾ ਗੁਰਜੀਤ ਵਰਗੇ ਨੇਤਾ ਆਪੋ-ਆਪਣੇ ਖੇਮੇ ਚਲਾ ਰਹੇ ਹਨ ।ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬ ਕਾਂਗਰਸ ਨੂੰ ਇਸ ਸੰਕਟ ਤੋਂ ਬਾਹਰ ਨਿਕਲਣ ਲਈ ਹਾਈਕਮਾਂਡ ਨੂੰ ਸਖ਼ਤ ਕਦਮ ਚੁੱਕਣੇ ਪੈਣਗੇ। ਜੇਕਰ ਧੜੇਬੰਦੀ ਨੂੰ ਨਹੀਂ ਰੋਕਿਆ ਗਿਆ ਤਾਂ 2027 ਵਿੱਚ ਪਾਰਟੀ ਨੂੰ ਵੱਡੀ ਹਾਰ ਮਿਲ ਸਕਦੀ ਹੈ। ਪੰਜਾਬ ਵਿੱਚ ਆਪ ਸਰਕਾਰ ਨੂੰ ਚੁਣੌਤੀ ਦੇਣ ਲਈ ਕਾਂਗਰਸ ਨੂੰ ਇਕਜੁੱਟ ਹੋਣਾ ਪਵੇਗਾ, ਨਹੀਂ ਤਾਂ ਭਾਜਪਾ ਅਤੇ ਅਕਾਲੀ ਦਲ ਵਰਗੀਆਂ ਪਾਰਟੀਆਂ ਇਸ ਸੰਕਟ ਨੂੰ ਆਪਣੇ ਫਾਇਦੇ ਵਿੱਚ ਵਰਤ ਸਕਦੀਆਂ ਹਨ। ਚੰਨੀ ਨੂੰ ਭਾਜਪਾ ਨਾਲ ਜੋੜਨ ਵਾਲੀਆਂ ਅਫ਼ਵਾਹਾਂ ਜੇਕਰ ਸੱਚ ਨਹੀਂ ਵੀ ਹਨ ਤਾਂ ਵੀ ਪਾਰਟੀ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ। ਪੰਜਾਬ ਕਾਂਗਰਸ ਦੇ ਭਵਿੱਖ ਨੂੰ ਬਚਾਉਣ ਲਈ ਹਾਈਕਮਾਂਡ ਨੂੰ ਜਲਦੀ ਫੈਸਲੇ ਲੈਣੇ ਪੈਣਗੇ।

## ਯੂਰਪੀਅਨ ਦੇਸ਼ਾਂ ’ਚ ਫ਼ੈਲਿਆ

ਉਨ੍ਹਾਂ ਨੇ ਹਾਰ ਦਾ ਸਾਹਮਣਾ ਕੀਤੇ ਬਿਨਾਂ ਕਾਫ਼ੀ ਮੈਚ ਖੇਡੇ ਹਨ ਅਤੇ ਆਪਣੇ ਲੀਗ ਰਿਕਾਰਡ ਵਿੱਚ ਮਜ਼ਬੂਤ ਅਜੇਤੂ ਰਿਕਾਰਡ ਦੇ ਨਾਲ ਸਿਖ਼ਰ ’ਤੇ ਪਹੁੰਚੇ ਹੋਏ ਹਨ। ਦੂਜੇ ਸਥਾਨ ’ਤੇ ਬਰੂਸ਼ੀਆ ਡੌਰਟਮੰਡ 32 ਅੰਕਾਂ ਨਾਲ ਮੌਜੂਦ ਹੈ, ਜੋ ਕਿ ਨੌਜਵਾਨ ਖਿਡਾਰੀਆਂ ਦੇ ਉਤਸ਼ਾਹ ਅਤੇ ਰਣਨੀਤਕ ਲਚਕਤਾ ਵਿੱਚ ਜੜ੍ਹਾਂ ਵਾਲੀ ਠੋਸ ਟਾਈਟਲ ਚੁਣੌਤੀ ਦੀ ਪੇਸ਼ ਕਰ ਸਕਦੇ ਹਨ। ਇਨ੍ਹਾਂ ਦੋਵਾਂ ਦੇ ਬਾਅਦ, ਬਾਇਰ ਲੇਵਰਕੁਸੇਨ ਅਤੇ ਆਰ.ਬੀ ਲਾਈਪਜ਼ਿਗ ਅੱਗਲੇ ਸਥਾਨਾਂ ’ਤੇ ਕਾਬਜ਼ ਹਨ। ਸੀਜ਼ਨ ਦੇ ਅੱਗੇ ਵਧਣ ਦੇ ਨਾਲ ਚੈਂਪੀਅਨਜ਼ ਲੀਗ ਅਤੇ ਯੂਰੋਪਾ ਲੀਗ ਸਥਾਨਾਂ ਲਈ ਵਿਸ਼ਾਲ ਅਤੇ ਦਿਲਚਸਪ ਦੌੜ ਇਸ ਲੀਗ ਜ਼ਰੀਏ ਸਾਹਮਣੇ ਆਵੇਗੀ।

ਓਧਰ, ਫਰਾਂਸ ਦੀ ਘਰੇਲੂ ਲੀਗ, ‘ਲੀਗ-1’ ਵਿੱਚ ਸਭ ਨੂੰ ਹੈਰਾਨ ਕਰਦੇ ਹੋਏ ਆਰ.ਸੀ ਲੈਂਸ ਕਲੱਬ ਨੇ 17 ਮੈਚਾਂ ਵਿੱਚੋਂ 40 ਅੰਕਾਂ ਨਾਲ ਹੈਰਾਨ ਕਰਦੀ ਪਰ ਪੂਰੀ ਤਰ੍ਹਾਂ ਹੱਕਦਾਰ ਲੀਡ ਹਾਸਲ ਕੀਤੀ ਹੈ ਅਤੇ ਇੱਕ ਸਮੂਹਿਕ ਤਾਕਤ ਅਤੇ ਰਣਨੀਤਕ ਅਨੁਸ਼ਾਸਨ ਦਾ ਪ੍ਰਦਰਸ਼ਨ ਕਰਦੇ ਹੋਏ, ਉਹਨਾਂ ਨੇ ਆਪਣੇ ਆਪ ਨੂੰ ਰਵਾਇਤੀ ਤੌਰ ’ਤੇ ਪ੍ਰਭਾਵਸ਼ਾਲੀ ਟੀਮ ਪੈਰਿਸ ਸੇਂਟ-ਜਰਮੇਨ (ਪੀ.ਐਸ.ਜੀ) ਤੋਂ ਅੱਗੇ ਰੱਖਿਆ ਹੈ। ਪੀਐੱਸਜੀ 36 ਅੰਕਾਂ ਨਾਲ ਫਿਲਹਾਲ ਪਿੱਛੇ ਹੈ ਪਰ ਪੈਰਿਸ ਟੀਮ ਦੀ ਸਟਾਰ ਪਾਵਰ ਅਤੇ ਹਮਲਾਵਰ ਖਿਡਾਰੀ ਉਹਨਾਂ ਨੂੰ ਇਸੇ ਕਰਕੇ ਖ਼ਿਤਾਬ ਦੇ ਪੱਖੋਂ ਮਜ਼ਬੂਤੀ ਨਾਲ ਸ਼ਾਮਲ ਰੱਖਦੇ ਹਨ। ਮਾਰਸੇਈ ਅਤੇ ਲਿਲ ਕਲੱਬ 32-32 ਅੰਕਾਂ ਨਾਲ ਇਸ ਤੋਂ ਬਾਅਦ ਦੇ ਸਥਾਨਾਂ ਉੱਤੇ ਬਣੇ ਹੋਏ ਹਨ। ਚੋਟੀ ਦੇ ਅੱਧ ਨੂੰ ਪੂਰਾ ਕਰਦੇ ਹੋਏ, ਲਿਓਨ ਅਤੇ ਰੇਨੇਸ ਯੂਰਪੀਅਨ ਯੋਗਤਾ ਸਥਾਨਾਂ ’ਤੇ ਖੜ੍ਹੇ ਹਨ, ਜਦੋਂ ਕਿ ਸਟਰਾਸਬਰਗ, ਮੋਨਾਕੋ ਅਤੇ ਟੂਲੂਸ ਵਰਗੇ ਕਲੱਬ ਇਸ ਤੋਂ ਬਾਅਦ ਆਉਂਦੇਹਨ। ਅੰਕ ਸੂਚੀ ’ਚ ਹੇਠਲੇ ਪੱਧਰ ਦੇ ਨੇੜੇ, ਨੈਨਟੇਸ ਅਤੇ ਮੈਟਜ਼ ਵਰਗੀਆਂ ਟੀਮਾਂ ਮੁਸ਼ਕਲਾਂ ਦਾ ਸਾਹਮਣਾ ਕਰ ਰਹੀਆਂ ਹਨ, ਜੋ ਕਿ ‘ਰੈਲੀਗੇਸ਼ਨ’ ਭਾਵ ਲੀਗ ਤੋਂ ਬਾਹਰ ਹੋਣ ਦੇ ਖ਼ਤਰੇ ਨਾਲ ਜੂਝ ਰਹੀਆਂ ਹਨ।

ਕੁੱਝ ਹੋਰ ਲੀਗਾਂ ਦੀ ਗੱਲ ਹੋਵੇ ਤਾਂ ਨੀਦਰਲੈਂਡਜ਼ ਦੀ ਲੀਗ ‘ਏਰੇਡੀਵਿਸੀ’ ਵਿੱਚ, 2025-26 ਸੀਜ਼ਨ ਹੁਣ ਤੱਕ ਪੀਐੱਸਵੀ ਆਇਡਹੋਵਨ ਦਾ ਦਬਦਬਾ ਨਜ਼ਰ ਆ ਰਿਹਾ ਹੈ। ਇਸ ਸਮੇਂ ਤੱਕ ਪੀਐੱਸਵੀ 17 ਮੈਚਾਂ ਵਿੱਚੋਂ 46 ਅੰਕਾਂ ਨਾਲ ਆਰਾਮ ਨਾਲ ਅੰਕ ਸੂਚੀ ਵਿਚ ਸਿਖ਼ਰ ’ਤੇ ਬੈਠਾ ਹੈ ਅਤੇ ਇਸ ਦਰਮਿਆਨ 15 ਜਿੱਤਾਂ, ਇਕ ਡਰਾਅ ਅਤੇ ਸਿਰਫ਼ ਇੱਕ ਹਾਰ ਦੇ ਸ਼ਾਨਦਾਰ ਰਿਕਾਰਡ ਸਦਕਾ ਉਨ੍ਹਾਂ ਨੇ ਇਹ ਮੁਕਾਮ ਬਣਾਇਆ ਹੈ। ਸਕਾਟਲੈਂਡ ਦੇਸ਼ ਦੀ ਲੀਗ, ‘ਸਕਾਟਿਸ਼ ਪ੍ਰੀਮੀਅਰਸ਼ਿਪ’ ’ਚ ਕਾਫ਼ੀ ਉਲਟਫੇਰ ਹੋ ਰਹੇ ਹਨ। ਇਤਿਹਾਸਕ ਤੌਰ ’ਤੇ ਦੋ ਮਜ਼ਬੂਤ ਟੀਮਾਂ, ਸੈਲਟਿਕ ਅਤੇ ਰੇਂਜਰਜ਼ ਦਾ ਹੀ ਖ਼ਿਤਾਬ ’ਤੇ ਦਬਦਬਾ ਰਿਹਾ ਹੈ ਪਰ ਇਸ ਸੀਜ਼ਨ ਵਿਚ ‘ਹਾਰਟਸ ਆਫ਼ ਮਿਡਲੋਥੀਅਨ’ ਕਲੱਬ ਇਕ ਅਸਲੀ ਖ਼ਿਤਾਬ ਦੇ ਦਾਅਵੇਦਾਰ ਵੱਜੋਂ ਉੱਭਰਦੇ ਹੋਏ ਦੇਖਿਆ ਜਾ ਰਿਹਾ ਹੈ। ਜਨਵਰੀ ਦੇ ਸ਼ੁਰੂ ਤੱਕ, ਹਾਰਟਸ ਕਲੱਬ 44 ਅੰਕਾਂ ਨਾਲ ਲੀਗ ਵਿਚ ਸਿਖ਼ਰ ’ਤੇ ਹੈ ਅਤੇ ਮੈਨੇਜਰ ਡੇਰੇਕ ਮੈਕਇਨਸ ਦੇ ਅਧੀਨ ਸ਼ਾਨਦਾਰ ਇਕਸਾਰਤਾ ਵਾਲੀ ਖੇਡ ਦਾ ਪ੍ਰਦਰਸ਼ਨ ਕਰ ਰਿਹਾ ਕਲੱਬ ਹੈ। ਸੈਲਟਿਕ ਅਤੇ ਰੇਂਜਰਜ਼ ਕਲੱਬ ਕ੍ਰਮਵਾਰ ਦੂਜੇ ਅਤੇ ਤੀਜੇ ਸਥਾਨ ’ਤੇ ਬਰਾਬਰ ਅੰਕਾਂ ਨਾਲ ਹਨ ਅਤੇ ਦੋਵਾਂ ਦੇ 38 ਅੰਕ ਹਨ। 2025-26 ਦੀ ‘ਸਾਊਦੀ ਪ੍ਰੋ ਲੀਗ’ ’ਚ ਅਲ ਨਾਸਰ ਕਲੱਬ ਕਲੱਬ ਨੇ ਮੋਹਰੀ ਹੋਣ ਦਾ ਮਾਣ ਹਾਸਲ ਕੀਤਾ ਹੋਇਆ ਹੈ, ਜਦਕਿ ਰਵਾਇਤੀ ਵਿਰੋਧੀ ਟੀਮਾਂ ਜਿਵੇਂ ਕਿ ਅਲ ਹਿਲਾਲ ਅਤੇ ਅਲ ਇਤਿਹਾਦ ਉਨ੍ਹਾਂ ਤੋਂ ਪਿੱਛੇ ਚੱਲ ਰਹੇ ਹਨ।

ਇਸ ਤਰ੍ਹਾਂ ਇੰਗਲੈਂਡ, ਸਪੇਨ, ਇਟਲੀ, ਜਰਮਨੀ ਅਤੇ ਫਰਾਂਸ ਵਿੱਚ, ਲੀਗ ਫੁੱਟਬਾਲ ਦਾ ਰੋਮਾਂਚ ਸਾਲ 2026 ਦੇ ਸ਼ੁਰੂ ਹੁੰਦੇ ਹੀ ਲੱਖਾਂ ਪ੍ਰਸ਼ੰਸਕਾਂ ਨੂੰ ਜਿੱਥੇ ਇਸ ਸਮੇਂ ਅੱਧ ਸਮੇਂ ਤੱਕ ਦੇ ਰੌਚਕ ਹਾਲਾਤ ਬਿਆਨ ਕਰਦਾ ਹੈ, ਉੱਥੇ ਹੀ ਸੀਜ਼ਨ ਦੇ ਦੂਜੇ ਅੱਧ ਦੇ ਵੀ ਜ਼ਬਰਦਸਤ ਰੋਮਾਂਚਕ ਹੋਣ ਦਾ ਵਾਅਦਾ ਕਰਨ ਵਾਲੇ ਪੜਾਅ ਦੀ ਝਲਕ ਬਖ਼ੂਬੀ ਪੇਸ਼ ਕਰ ਰਿਹਾ ਹੈ।

***

## ਰੋਮਾਂਚਕ ਹੈ ਮਨੋਰੰਜਨ ਦਾ ਰੰਗਮੰਚ

ਓਟੀਟੀ ਪਲੈਟਫਾਰਮ ’ਤੇ ਚੱਲ ਰਹੇ ਪ੍ਰੋਗਰਾਮਾਂ ਦੀ ਕੁਆਲਿਟੀ ’ਤੇ ਧਿਆਨ ਦੇਣਾ ਅਤੇ ਸੈਂਸਰ ਬੋਰਡ ਤੋਂ ਮਨਜ਼ੂਰੀ ਲੈਣੀ ਬਹੁਤ ਜ਼ਰੂਰੀ ਹੈ। ਸੈਂਸਰ ਬੋਰਡ ਦਾ ਵੀ ਇਹ ਫਰਜ਼ ਬਣਦਾ ਹੈ ਕਿ ਉਹ ਕਿਸੇ ਵੀ ਪ੍ਰੋਗਰਾਮ ਨੂੰ ਚਲਾਉਣ ਤੋਂ ਪਹਿਲਾਂ ਉਸ ਵਿੱਚ ਦਿਖਾਈ ਜਾਣ ਵਾਲੀ ਸਮੱਗਰੀ ਅਤੇ ਉਸ ਦੇ ਨਤੀਜਿਆਂ ਬਾਰੇ ਜ਼ਰੂਰ ਸੋਚੇ। ਨੌਜਵਾਨ ਅਤੇ ਛੋਟੇ ਬੱਚਿਆਂ ਦੇ ਹੱਥਾਂ ਵਿੱਚ ਪਹੁੰਚੀ ਅਸ਼ਲੀਲ ਅਤੇ ਸਮਾਜ ਵਿਰੋਧੀ ਸਮੱਗਰੀ ਨੈਤਿਕਤਾ, ਸ਼ਾਂਤੀ ਅਤੇ ਖੁਸ਼ਹਾਲੀ ਨੂੰ ਖੋਰਾ ਲਾ ਸਕਦੀ ਹੈ ਬਦਲਾਅ ਕੁਦਰਤ ਦਾ ਨਿਯਮ ਹੈ। ਸਾਨੂੰ ਵੀ ਸਮੇਂ ਦੇ ਹਿਸਾਬ ਨਾਲ ਬਦਲਣਾ ਪਵੇਗਾ, ਪ੍ਰੰਤੂ ਇਹ ਬਦਲਾਅ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਕੁਰਾਹੇ ਪਾ ਕੇ ਨਹੀਂ ਲਿਆ ਸਕਦੇ। ਮਨੋਰੰਜਨ ਲਈ ਬਣੇ ਸਾਧਨ ਸਮਾਜ ਵਿਰੋਧੀ ਨਹੀਂ ਹੋਣੇ ਚਾਹੀਦੇ। ਓਟੀਟੀ ਪਲੈਟਫਾਰਮ ਦੀ ਇਹ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਅਜਿਹੇ ਪ੍ਰੋਗਰਾਮ ਦਿਖਾਉਣ ਤੋਂ ਗੁਰੇਜ਼ ਕਰੇ ਜੋ ਨੌਜਵਾਨ ਪੀੜ੍ਹੀ ਨੂੰ ਕੁਰਾਹੇ ਪਾਉਣ ਦੇ ਰਾਹ ਵੱਲ ਧੱਕਦੇ ਹਨ।

***

## ਮੁਸਕਰਾਹਟ ਨਾਲ ਸਵਾਗਤ ਕਰਨਾ

ਆਮ ਜੀਵਨ ਵਿੱਚ ਵੀ ਇੱਕ-ਦੂਜੇ ਨੂੰ ਖਿੜੇ ਚਿਹਰੇ ਨਾਲ ਮਿਲਣਾ ਇੱਕ-ਦੂਜੇ ਨੂੰ ਜੀ ਆਇਆਂ ਕਹਿਣ ਦੇ ਸਮਾਨ ਹੀ ਹੁੰਦਾ ਹੈ।

ਅਜੋਕੀ ਜ਼ਿੰਦਗੀ ’ਚ ਬਹੁਤ ਕੁਝ ਬਦਲਦਾ ਜਾ ਰਿਹਾ ਹੈ। ਵਿਸ਼ੇਸ਼ ਤੌਰ ’ਤੇ ਨੌਜਵਾਨ ਵਰਗ ਅਜੋਕੇ ਸੋਸ਼ਲ ਮੀਡੀਆ ਦੇ ਜਾਲ ’ਚ ਬੁਰੀ ਤਰ੍ਹਾਂ ਗ੍ਰਿਫ਼ਤ ਹੁੰਦਾ ਜਾ ਰਿਹਾ ਹੈ। ਉਸ ਨੂੰ ਆਪਣੇ ਆਲੇ-ਦੁਆਲੇ ਦੀ ਕੋਈ ਖ਼ਬਰ ਹੀ ਨਹੀਂ। ਉਹ ਤਾਂ ਆਮ ਤੌਰ ’ਤੇ ਘਰ ਦੇ ਜੀਆਂ ਨਾਲ ਵੀ ਗੱਲਬਾਤ ਨਹੀਂ ਕਰਦਾ। ਕੇਵਲ ਵ੍ਹਟਸਐਪ, ਇੰਸਟਾਗ੍ਰਾਮ ’ਤੇ ਸੁਨੇਹੇ ਭੇਜਣੇ ਹੀ ਜ਼ਿੰਦਗੀ ਨਹੀਂ ਹੁੰਦੀ। ਲੋਕਾਂ ਨਾਲ ਮਿਲਣ ਤੇ ਸੰਵਾਦ ਰਚਾਉਣ ਨਾਲ ਵੀ ਬਹੁਤ ਕੁਝ ਸਿੱਖਿਆ ਜਾ ਸਕਦਾ ਹੈ। ਅਜੋਕੇ ਸਮੇਂ ਦੀ ਮਾਨਸਿਕਤਾ ਬਾਰੇ ਪੰਜਾਬੀ ਦੇ ਨਾਮਵਰ ਸ਼ਾਇਰ ਸੁਰਜੀਤ ਪਾਤਰ ਦਾ ਇੱਕ ਸ਼ਿਅਰ ਵੀ ਕਾਬਿਲੇਗੌਰ ਹੈ, ‘ਕੁੰਡਾ ਜਿੰਦਾ ਮਾਰ ਕੇ ਬੂਹਾ ਢੋਇਆ ਸੀ, ਉੱਤੇ ਜੀ ਆਇਆਂ ਨੂੰ ਲਿਖਿਆ ਹੋਇਆ ਸੀ।’

***

## ਭਾਰਤੀ ਅਰਥਚਾਰੇ ਵਿੱਚ ਵੱਡੀਆਂ

ਉਪਰੋਕਤ ਵਿਸ਼ਲੇਸ਼ਣ ਸਪਸ਼ਟ ਕਰਦਾ ਹੈ ਕਿ ਭਾਰਤ ਭਾਵੇਂ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆਂ ਵਿੱਚ ਪਹਿਲੇ ਸਥਾਨ ’ਤੇ ਵੀ ਆ ਜਾਵੇ ਪਰ ਇਸਦੇ ਕੋਈ ਮਾਅਨੇ ਨਹੀਂ ਹੋਣਗੇ, ਜਦੋਂ ਤੱਕ ਦੇਸ਼ ਦੇ ਲੋਕਾਂ ਦੀ ਪ੍ਰਤੀ ਵਿਅਕਤੀ ਆਮਦਨ ਵਿੱਚ ਚੋਖਾ ਵਾਧਾ ਨਹੀਂ ਹੁੰਦਾ ਅਤੇ ਨਾਲ ਹੀ ਮਨੁੱਖੀ ਵਿਕਾਸ ਨੂੰ ਸਮੇਂ ਦੇ ਹਾਣ ਦਾ ਨਹੀਂ ਬਣਾਇਆ ਜਾਂਦਾ। ਜਦੋਂ ਤਕ ਦੇਸ਼ ਵਿੱਚੋਂ ਭੁੱਖਮਰੀ ਦੇ ਖ਼ਾਤਮੇ, ਗਰੀਬੀ ਦੇ ਖਾਤਮੇ ਅਤੇ ਕੁੱਲ ਘਰੇਲੂ ਪੈਦਾਵਾਰ ਦੀ ਕਾਣੀ ਵੰਡ ਦੇ ਖ਼ਾਤਮੇ ਦੇ ਉਦੇਸ਼ਾਂ ਦੀ ਪ੍ਰਾਪਤੀ ਨਹੀਂ ਹੁੰਦੀ ਉਦੋਂ ਤਕ ਦੇਸ਼ ਦੇ ਆਮ ਲੋਕਾਂ ਨੂੰ ਭਾਰਤ ਦੇ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆਂ ਦੇ ਪਹਿਲੇ ਜਾਂ ਚੌਥੇ ਦਰਜੇ ਦਾ ਮੁਲਕ ਬਣਨ ਦਾ ਕੋਈ ਲਾਭ ਨਹੀਂ ਹੋਵੇਗਾ।

***

## ਮਨਰੇਗਾ ਨੂੰ ਲੈ ਕੇ ਕਾਂਗਰਸ ਦੀ

ਇਸ ਉਪਰੰਤ ਅੰਦੋਲਨ ਵਿਧਾਨ ਸਭਾਵਾਂ ਦੀ ਪੱਧਰ ਤੱਕ ਪਹੁੰਚੇਗਾ ਅਤੇ 7 ਫਰਵਰੀ ਤੋਂ 15 ਫਰਵਰੀ ਤੱਕ ਰਾਜ ਪੱਧਰ ’ਤੇ ਵਿਧਾਨ ਸਭਾਵਾਂ ਘਿਰਾਓ ਕੀਤੇ ਜਾਣਗੇ। ਆਲ ਇੰਡੀਆ ਕਾਂਗਰਸ ਕਮੇਟੀ 16 ਤੋਂ 25 ਫਰਵਰੀ ਤੱਕ ਖੇਤਰੀ ਰੈਲੀਆਂ ਕਰੇਗੀ। ਇਸ ਮੁਹਿੰਮ ਦੌਰਾਨ ਆਲ ਇੰਡੀਆ ਕਾਂਗਰਸ ਕਮੇਟੀ (ਏ.ਆਈ.ਸੀ.ਸੀ.) ਵਲੋਂ 4 ਵੱਡੀਆਂ ਖੇਤਰੀ ਰੈਲੀਆਂ ਕਰਵਾਈਆਂ ਜਾਣਗੀਆਂ, ਇਨ੍ਹਾਂ ਰੈਲੀਆਂ ਦੇ ਸਥਾਨਾਂ ਤੇ ਤਰੀਕਾਂ ਬਾਰੇ ਜਾਣਕਾਰੀ ਜਲਦੀ ਹੀ ਐਲਾਨ ਦਿੱਤੀ ਜਾਵੇਗੀ। ਕਾਂਗਰਸ ਹਾਈ ਕਮਾਂਡ ਨੇ ਸਾਰੀਆਂ ਖੇਤਰੀ ਇਕਾਈਆਂ ਨੂੰ ਇਸ ਐਲਾਨੇ ਗਏ ਅੰਦੋਲਨ ਦੇ ਪ੍ਰੋਗਰਾਮ ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ ਲਈ ਹਰ ਪੱਧਰ ’ਤੇ ਵੱਧ ਤੋਂ ਵੱਧ ਲਾਮਬੰਦੀ ਕਰਨ ਅਤੇ ਮੁਹਿੰਮ ਦੌਰਾਨ ਨਿਰੰਤਰ ਮੀਡੀਆ ਤੇ ਜਨ ਸੰਪਰਕ ਬਣਾਈ ਰੱਖਣ ਦੇ ਨਿਰਦੇਸ਼ ਦਿੱਤੇ ਹਨ। ਸਾਰੀਆਂ ਸੂਬਾ ਕਾਂਗਰਸ ਕਮੇਟੀਆਂ ਨੂੰ ‘ਮਨਰੇਗਾ ਬਚਾਓ ਸੰਘਰਸ਼’ ਨੂੰ ਪਾਰਟੀ ਦੇ ਮੁੱਖ ਸੰਗਠਨਾਤਮਕ ਤੇ ਰਾਜਨੀਤਕ ਪ੍ਰੋਗਰਾਮ ਵਜੋਂ ਵਿਚਾਰਨ ਦਾ ਨਿਰਦੇਸ਼ ਦਿੱਤਾ ਗਿਆ ਹੈ।

ਕਾਂਗਰਸ ਨੇ ਫ਼ੈਸਲਾ ਕੀਤਾ ਹੈ ਕਿ ਅੰਦੋਲਨ ਪ੍ਰੋਗਰਾਮ ਦੀ ਨਿਗਰਾਨੀ ਕਰਨ ਲਈ ਸੂਬਾ ਕਮੇਟੀ ਪ੍ਰਧਾਨ ਹਰ ਪੜਾਅ ਦੀ ਪ੍ਰਭਾਵਸ਼ਾਲੀ ਢੰਗ ਨਾਲ ਯੋਜਨਾਬੰਦੀ ਲਾਗੂ ਕਰਨ ਅਤੇ ਨਿਗਰਾਨੀ ਕਰਨ ਲਈ ਰਾਜ ਪੱਧਰੀ ਤਾਲਮੇਲ ਕਮੇਟੀਆਂ ਬਣਾਉਣਗੇ। ਇਸੇ ਤਰ੍ਹਾਂ ਜ਼ਿਲ੍ਹਾ ਕਾਂਗਰਸ ਕਮੇਟੀਆਂ ਜ਼ਿਲ੍ਹਾ ਤੇ ਬਲਾਕ ਪੱਧਰ ’ਤੇ ਇਸੇ ਤਰ੍ਹਾਂ ਦੀਆਂ ਤਾਲਮੇਲ ਟੀਮਾਂ ਬਣਾਉਣਗੀਆਂ, ਤਾਂ ਜੋ ਪ੍ਰੋਗਰਾਮ ਨੂੰ ਸੁਚਾਰੂ ਢੰਗ ਨਾਲ ਲਾਗੂ ਕੀਤਾ ਜਾ ਸਕੇ। ਹਾਈਕਮਾਨ ਨੇ ਇਹ ਵੀ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਸੂਬਾ ਕਮੇਟੀ ਨੂੰ ਸਾਰੀਆਂ ਸਰਗਰਮੀਆਂ ਵਿਚ ਪਾਰਟੀ ਆਗੂਆਂ, ਵਿਧਾਇਕਾਂ, ਸੰਸਦ ਮੈਂਬਰਾਂ, ਚੁਣੇ ਹੋਏ ਪ੍ਰਤੀਨਿਧੀਆਂ ਜ਼ਮੀਨੀ ਪੱਧਰ ਦੇ ਵਰਕਰਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਨੂੰ ਯਕੀਨੀ ਬਣਾਉਂਦਿਆਂ ਨਵੇਂ ਕਾਨੂੰਨ ਤੋਂ ਸਿੱਧੇ ਤੌਰ ’ਤੇ ਪ੍ਰਭਾਵਿਤ ਹੋਣ ਵਾਲੇ ਮਨਰੇਗਾ ਮਜ਼ਦੂਰਾਂ, ਮਹਿਲਾ ਮਜ਼ਦੂਰਾਂ, ਦਲਿਤਾਂ, ਆਦਿਵਾਸੀਆਂ ਤੇ ਭੂਮੀਹੀਣ ਕਿਸਾਨਾਂ ਨੂੰ ਲਾਮਬੰਦ ਕਰਨ ਲਈ ਵਿਸ਼ੇਸ਼ ਯਤਨ ਕਰਨਗੇ।

ਹੁਣ ਸਵਾਲ ਇਹ ਹੈ ਕਿ ਸਰਕਾਰ ਕਾਂਗਰਸ ਦੇ ਇਸ ਅੰਦੋਲਨ ਦੇ ਜਵਾਬ ਵਿਚ ਕੀ ਕਰੇਗੀ ? ਕੀ ਇਹ ਇਸ ਸ਼ਾਂਤਮਈ ਅੰਦੋਲਨ ਨੂੰ ਦਬਾਏਗੀ, ਗ੍ਰਿਫ਼ਤਾਰੀਆਂ ਕਰੇਗੀ, ਕੇਸ ਦਰਜ ਕਰੇਗੀ ਜਾਂ ਕੁਝ ਹੋਰ ਕੀ ਕਰੇਗੀ ? ਸਰਕਾਰ ਦਾ ਜਵਾਬ ਤੇ ਯੋਜਨਾ ਅਜੇ ਸਪੱਸ਼ਟ ਨਹੀਂ। ਸਵਾਲ ਇਹ ਵੀ ਹੈ ਕਿ ਕਾਂਗਰਸ ਤੋਂ ਇਲਾਵਾ ਹੋਰ ਵਿਰੋਧੀ ਪਾਰਟੀਆਂ ਇਸ ਅੰਦੋਲਨ ਨੂੰ ਜ਼ਮੀਨ ’ਤੇ ਫੈਲਦਾ ਦੇਖ ਕੇ; ਕੀ ਕਰਨਗੀਆਂ ? ਜਿਵੇਂ-ਜਿਵੇਂ ਇਹ ਸੰਘਰਸ਼ ਅੱਗੇ ਵਧੇਗਾ ਤਾਂ ਸਭ ਪਾਰਟੀਆਂ ਦੀ ਰਾਜਨੀਤੀ ਦੀਆਂ ਪਰਤਾਂ ਸਾਹਮਣੇ ਆਉਣਗੀਆਂ ਅਤੇ ਰਾਜਨੀਤਕ ਮਾਹਰ ਇਸ ਬਾਰੇ ਨਵੇਂ ਸਿਰੇ ਤੋਂ ਸੋਚਣਗੇ।

***

## ਮਹਿਲਾਵਾਂ ਦੀ ਸਿਆਸੀ ਨੁਮਾਇੰਦਗੀ !

ਇੱਕ ਪੱਕੀ ਸਮਾਂ ਹੱਦ ਤੱਕ ਇੱਕ ਫੋਟੋ ਦੇ ਨਾਲ ਇੱਕ ਗਣਨਾਫਾਰਮ ਭਰਨਾ ਹੁੰਦਾ ਹੈ, ਜਿਸ ਨੂੰ ‘ਐਡਮਿਨਿਸਟ੍ਰੇਟਿਵ ਡਿਸੇਨਫ੍ਰੈਂਚਈਜਮੈਂਟ’ ਕਹਿੰਦੇ ਹਨ। ਹੈਰਾਨੀ ਦੀ ਗੱਲ ਨਹੀਂ ਹੋਵੇਗੀ ਕਿ ਬਹੁਤੀਆਂ ਔਰਤਾਂ ਦੇ ਨਾਂਅ ‘ਗੈਰਹਾਜ਼ਰ/ਸ਼ਿਫਟਡ’ ਹੋਣ ਦੇ ਆਧਾਰ ’ਤੇ ਸੂਚੀ ਤੋਂ ਬਾਹਰ ਕਰ ਦਿੱਤੇ ਜਾਂਦੇ ਹਨ। ਇਨ੍ਹਾਂ ’ਚੋਂ ਇਕ ਵੱਡਾ ਹਿੱਸਾ ਵਿਆਹੀਆਂ ਔਰਤਾਂ ਹਨ, ਜਿਨ੍ਹਾਂ ਦੇ ਨਾਂਅ ਉਨ੍ਹਾਂ ਦੇ ਮਾਪਿਆਂ ਦੇ ਘਰਾਂ ਤੋਂ ਹਟਾ ਦਿੱਤੇ ਗਏ, ਪਰ ਉਨ੍ਹਾਂ ਦੇ ਨਾਂਅ ਸਹੁਰੇ ਘਰ ’ਚ ਸ਼ਾਮਿਲ ਨਹੀਂ ਕੀਤੇ ਗਏ।

ਉਨ੍ਹਾਂ ਔਰਤਾਂ ਨੂੰ ਹੋਰ ਵੀ ਵੋਟ ਅਧਿਕਾਰ ਤੋਂ ਵਾਂਝਾ ਰਹਿਣਾ ਪਵੇਗਾ, ਜੋ ਦੋ ਦਹਾਕੇ ਪੁਰਾਣੀਆਂ ਵੋਟਰ ਸੂਚੀਆਂ ਵਿੱਚ ਆਪਣੇ ਮਾਪਿਆਂ ਦੇ ਘਰ ਵਾਲੀ ਖਰੜਾ ਸੂਚੀ ’ਚ ਤਾਂ ਹਨ, ਪਰ ਉਨ੍ਹਾਂ ਦੇ ਨਾਂਅ ਉਨ੍ਹਾਂ ਦੇ ਸਹੁਰਾ ਘਰਾਂ ’ਚ ਅਜੇ ਵੀ ਦਰਜ ਨਹੀਂ ਹੋਏ ਹਨ, ਇਹ ਵਿਆਹੁਤਾ ਔਰਤਾਂ ਨਾਲ ਸਪੱਸ਼ਟ ਤੌਰ ’ਤੇ ਭੇਦਭਾਵ ਹੈ।

ਜਦੋਂ ਸਾਡੇ ਭਵਿੱਖ ਦੇ ਇਤਿਹਾਸਕਾਰ ਇਨ੍ਹਾਂ ਅੰਕੜਿਆਂ ਨੂੰ ਵੇਖਣਗੇ ਤਾਂ ਹੋ ਸਕਦਾ ਹੈ ਕਿ ਭਾਰਤੀ ਚੋਣ ਕਮਿਸ਼ਨ ਦੀਆਂ ਚੋਣ ਸੂਚੀਆਂ ਮੈਨੂਅਲ ਵੀ ਮਿਲ ਜਾਣ ਤਾਂ ਉਨ੍ਹਾਂ ਨੂੰ ਇਹ ਦੇਖ ਕੇ ਹੈਰਾਨੀ ਹੋ ਸਕਦੀ ਹੈ ਕਿ ਔਰਤਾਂ ਦੇ ਨਾਮਾਂਕਣ ਦੇ ਮਾਮਲੇ ’ਚ ਚੋਣ ਕਮਿਸ਼ਨ ਦੇ ਨਿਯਮ ਤੇ ਪ੍ਰਕਿਰਿਆਵਾਂ ਕਿੰਨੀਆਂ ਕੁ ਸੰਵੇਦਨਸ਼ੀਲ ਸਨ ? ਉਨ੍ਹਾਂ ਨੂੰ ਇਹ ਵੀ ਪਤਾ ਲੱਗ ਜਾਵੇਗਾ ਕਿ ਚੋਣ ਕਮਿਸ਼ਨ ਦੇ ਆਪਣੇ ਮੈਨੂਅਲ ਵਿੱਚ ਹਰ ਪੜਾਅ ’ਤੇ ਲਿੰਗ ਅਨੁਪਾਤ ਦੀ ਨਿਗਰਾਨੀ ਕਰਨ, ਸਰੀਰਕ ਤਸਦੀਕੀਕਰਨ ਤੇ ਲਿੰਗ ਅਨੁਪਾਤ ’ਚ ਕਿਸੇ ਵੀ ਅਸੰਤੁਲਨ ਦੀ ਸਥਿਤੀ ’ਚ ਮਹਿਲਾ ਬੀ.ਐਲ.ਓ. ਨਿਯੁਕਤ ਕਰਨ ਦੀ ਲੋੜ ਨਹੀਂ ਸਮਝੀ ਗਈ। ਉਨ੍ਹਾਂ ਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਵੋਟਰ ਸੂਚੀ ਦੀ ਵਿਸ਼ੇਸ਼ ਗਹਿਰੀ ਸੋਧ (ਐੱਸ.ਆਈ.ਆਰ.) ਕਿਸ ਤਰ੍ਹਾਂ ਮਹਿਲਾ ਵੋਟਰਾਂ ਦੇ ਨਾਂਅ ਹਟਾਉਣ ਲਈ ਇਕ ਵਿਸ਼ੇਸ਼ ਗਹਿਰੀ ਵੋਟ ਕਟਾਈ ’ਚ ਬਦਲ ਗਈ।

***

## ਮਾਘੀ ਮੌਕੇ ਸਿਆਸੀ ਕਾਨਫਰੰਸਾਂ ’ਚ

ਅਕਾਲੀ ਦਲ ਵਾਰਿਸ ਪੰਜਾਬ ਦੇ ਦੀ ਕਾਨਫਰੰਸ ਵਿੱਚ ਵੀ ਆਗੂਆਂ ਨੇ ਐਲਾਨ ਕੀਤਾ ਕਿ ਪਾਰਟੀ ਵੱਲੋਂ ਅਗਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਦੀਆਂ ਸਾਰੀਆਂ 117 ਸੀਟਾਂ ’ਤੇ ਚੋਣ ਲੜੀ ਜਾਵੇਗੀ। ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਬਾਪੂ ਤਰਸੇਮ ਸਿੰਘ ਨੇ ਕਿਹਾ ਕਿ ਸ੍ਰੀ ਮੁਕਤਸਰ ਸਾਹਿਬ ਦੀ ਧਰਤੀ ’ਤੇ ਕੀਤਾ ਗਿਆ ਇਹ ਪੰਥਕ ਇਕੱਠ ਪੰਜਾਬ ਤੇ ਪੰਥ ਦੀ ਮੁਕਤੀ ਲਈ ਸ਼ੁਰੂ ਹੋਈ ਨਵੀਂ ਲਹਿਰ ਦੀ ਮਜ਼ਬੂਤ ਬੁਨਿਆਦ ਹੈ। ਇਸ ਕਾਨਫ਼ਰੰਸ ਵਿੱਚ ਸਾਂਸਦ ਸਰਬਜੀਤ ਸਿੰਘ ਖ਼ਾਲਸਾ ਅਤੇ ਹੋਰ ਆਗੂ ਵੀ ਮੌਜੂਦ ਸਨ।

ਅਕਾਲੀ ਦਲ ਅੰਮ੍ਰਿਤਸਰ ਦੀ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਸਾਬਕਾ ਸਾਂਸਦ ਸ੍ਰ. ਸਿਮਰਨਜੀਤ ਸਿੰਘ ਮਾਨ ਨੇ ਪੰਜਾਬ ਦੇ ਮਸਲਿਆਂ ਦੇ ਨਾਲ ਅੰਤਰਰਾਸ਼ਟਰੀ ਰਾਜਨੀਤੀ ਦੀ ਵੀ ਗੱਲ ਕੀਤੀ। ਉਹਨਾਂ ਦਾਅਵਾ ਕੀਤਾ ਕਿ ਜੇ ਅਮਰੀਕਾ ਮਜ਼ਬੂਤ ਹੁੰਦਾ ਹੈ ਤਾਂ ਸਿੱਖਾਂ ਨੂੰ ਵੀ ਵੱਖਰਾ ‘ਸਿੱਖ ਰਾਜ’ ਮਿਲ ਸਕਦਾ ਹੈ। ਜ਼ਿਕਰਯੋਗ ਹੈ ਕਿ ਸ੍ਰ. ਸਿਮਰਨਜੀਤ ਸਿੰਘ ਮਾਨ ਜਦੋਂ ਪਹਿਲੀ ਵਾਰ ਸੰਸਦ ਮੈਂਬਰ ਬਣਨ ਤੋਂ ਬਾਅਦ ਜੇਲ੍ਹ ਤੋਂ ਰਿਹਾਅ ਹੋਏ ਸਨ ਤਾਂ ਉਦੋਂ ਵੀ ਉਹਨਾਂ ਨੇ ਸਿੱਖਾਂ ਲਈ ਵੱਖਰੇ ਰਾਜ ਦੀ ਮੰਗ ਕੀਤੀ ਸੀ ਅਤੇ ਆਪਣੀ ਉਸ ਮੰਗ ਉੱਪਰ ਸ੍ਰ. ਮਾਨ ਅਜੇ ਤੱਕ ਕਾਇਮ ਹਨ।

ਉਪਰੋਕਤ ਤਬਸਰੇ ਦੇ ਆਧਾਰ ’ਤੇ ਕਿਹਾ ਜਾ ਸਕਦਾ ਹੈ ਕਿ ਮੇਲਾ ਮਾਘੀ ਮੌਕੇ ਸਿਆਸੀ ਪਾਰਟੀਆਂ ਵੱਲੋਂ ਆਪੋ ਆਪਣੀਆਂ ਕਾਨਫ਼ਰੰਸਾਂ ਵਿੱਚ ਅਗਲੇ ਸਾਲ 2027 ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦਾ ਬਿਗਲ ਵਜਾ ਦਿੱਤਾ ਗਿਆ ਹੈ, ਪਰ ਕੋਈ ਵੀ ਸਿਆਸੀ ਪਾਰਟੀ ਪੰਜਾਬੀਆਂ ਨੂੰ ਨਵਾਂ ਸਿਆਸੀ ਏਜੰਡਾ ਨਾ ਦੇ ਸਕੀ। ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਦਾ ਇੱਕੋ ਇੱਕ ਮਕਸਦ ਸੱਤਾ ਦੀ ਪ੍ਰਾਪਤੀ ਕਰਨ ਲਈ ਲੋਕਾਂ ਨੂੰ ਅਪੀਲਾਂ ਕਰਨਾ ਹੀ ਰਿਹਾ। ਜਿਸ ਤੋਂ ਪਤਾ ਚੱਲਦਾ ਹੈ ਕਿ ਸਿਆਸੀ ਪਾਰਟੀਆਂ ਵੱਲੋਂ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਹੁਣੇ ਤੋਂ ਪੂਰੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸ ਕਾਰਨ ਅਗਲੀਆਂ ਚੋਣਾਂ ਦੌਰਾਨ ਵੱਖ- ਵੱਖ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਵਿਚਾਲੇ ਗਹਿਗੱਚ ਮੁਕਾਬਲੇ ਹੋਣ ਦੇ ਆਸਾਰ ਹਨ।

***

## ਦਸਤਾਰਧਾਰੀ ਸਿੱਖ ਨੇ ਵਾਸ਼ਿੰਗਟਨ ਸਟੇਟ

ਪ੍ਰਧਾਨ ਤੇ ਸਿਆਟਲ ਦੇ ਧਨਾਢ ਕਾਰੋਬਾਰੀ ਬਲਬੀਰ ਸਿੰਘ ਉਸਮਾਨਪੁਰ, ਗੁਰਦੁਆਰਾ ਸੱਚਾ ਮਾਰਗ ਦੇ ਪ੍ਰਧਾਨ ਹਰਸ਼ਿੰਦਰ ਸਿੰਘ ਸੰਧੂ, ਗੁਰਦੁਆਰਾ ਰੈਂਟਨ ਕਮੇਟੀ ਦੇ ਮੈਂਬਰ ਤਾਰਾ ਸਿੰਘ ਤੰਬੜ, ਜਗਮੋਹਰ ਸਿੰਘ ਵਿਰਕ, ਸਿਆਟਲ ਦੇ ਧਨਾਢ ਕਿਸਾਨ ਆਗੂ ਚੇਤ ਸਿੰਘ ਸਿੱਧੂ, ਨੌਜਵਾਨ ਅਕਾਲੀ ਆਗੂ ਗੁਰਬਿੰਦਰ ਸਿੰਘ ਮੁੱਲਾਂਪੁਰ, ਇੰਡੀਅਨ ਬਿਜ਼ਨੈੱਸ ਓਨਰ ਐਸੋਸੀਏਸ਼ਨ ਦੇ ਚੇਅਰਮੈਨ ਸੁਖਮਿੰਦਰ ਸਿੰਘ ਸੁੱਖੀ ਰੱਖੜਾ, ਸੀਨੀਅਰ ਵਾਈਸ ਪ੍ਰਧਾਨ ਜਤਿੰਦਰ ਸਿੰਘ ਸਪਰਾਏ, ਪ੍ਰਸਿੱਧ ਸਿੱਖ ਚਿੰਤਕ ਸਤਪਾਲ ਸਿੰਘ ਪੁਰੇਵਾਲ, ਲੇਖਕ ਅਵਤਾਰ ਸਿੰਘ ਆਦਮਪੁਰੀ, ਗੁਰਵਿੰਦਰ ਸਿੰਘ ਧਾਲੀਵਾਲ, ਪ੍ਰਸਿੱਧ ਕਾਰੋਬਾਰੀ ਸੈਮ ਵਿਰਕ, ਇੰਦਰਜੀਤ ਗਿੱਲ, ਸਿੱਖ ਪ੍ਰਚਾਰਕ ਇੰਦਰਜੀਤ ਸਿੰਘ ਬੱਲੋਵਾਲ, ਹਰਨੇਕ ਸਿੰਘ ਪਾਬਲਾ, ਮਨਜੀਤ ਸਿੰਘ ਥਿੰਦ, ਹਰਦੀਪ ਸਿੰਘ ਗਿੱਲ, ਗੁਰਲਾਲ ਸਿੰਘ ਬਰਾੜ, ਕੈਂਟ ਸਿਟੀ ਕੌਂਸਲ ਮੈਂਬਰ ਸਤਵਿੰਦਰ ਕੌਰ, ਚਰਨਜੀਤ ਸਿੰਘ ਫਗਵਾੜਾ ਆਦਿ ਸ਼ਾਮਿਲ ਹਨ।

***

## ਵਿਕਟੋਰੀਆ ਬੁਸ਼ਫਾਇਰ ਵਿੱਚ ਸਿੱਖਾਂ ਨੇ ਸੇਵਾ

ਵੂਲਗੂਲਗਾ ਵਿੱਚ ਪਹਿਲਾ ਗੁਰਦੁਆਰਾ 1968 ਵਿੱਚ ਬਣਿਆ ਅਤੇ ਹੁਣ ਉਹਨਾਂ ਨੇ ਬਹੁਤ ਸਾਰੇ ਗੁਰਦੁਆਰੇ ਅਤੇ ਕਮਿਊਨਿਟੀ ਸੈਂਟਰ ਬਣਾਏ ਹਨ। ਉਹ ਬਨਾਨਾ ਫਾਰਮਾਂ ਤੇ ਕੰਮ ਕਰਕੇ ਅਰਥ ਵਿਵਸਥਾ ਵਿੱਚ ਯੋਗਦਾਨ ਪਾਉਂਦੇ ਹਨ ਅਤੇ ਸਮਾਜੀ ਕੰਮਾਂ ਵਿੱਚ ਅੱਗੇ ਰਹਿੰਦੇ ਹਨ। ਪੱਛਮੀ ਆਸਟ੍ਰੇਲੀਆ ਵਿੱਚ ਪਾਇਨੀਅਰ ਸਿੱਖਾਂ ਨੇ ਆਰਥਿਕ ਅਤੇ ਰਾਜਨੀਤਕ ਹਾਲਾਤਾਂ ਕਾਰਨ ਪੰਜਾਬ ਤੋਂ ਆ ਕੇ ਨਵੀਂ ਜ਼ਿੰਦਗੀ ਸ਼ੁਰੂ ਕੀਤੀ ਸੀ। ਪਹਿਲੀ ਵਿਸ਼ਵ ਜੰਗ ਵਿੱਚ ਵੀ ਉਹਨਾਂ ਨੇ ਯੋਗਦਾਨ ਪਾਇਆ ਸੀ।

ਆਸਟ੍ਰੇਲੀਅਨ ਰਾਜਨੀਤੀ ਵਿੱਚ ਸਿੱਖਾਂ ਦਾ ਪ੍ਰਭਾਵ ਵਧ ਰਿਹਾ ਹੈ। ਪਰਵਿੰਦਰ ਕੌਰ ਪੱਛਮੀ ਆਸਟ੍ਰੇਲੀਆ ਵਿੱਚ ਪਹਿਲੀ ਸਿੱਖ ਵਿਧਾਇਕ ਬਣੀ ਸੀ ਜਿਸ ਨੇ ਗੁਟਕਾ ਸਾਹਿਬ ਨਾਲ ਸਹੁੰ ਚੁੱਕੀ। ਗੁਰਮੇਸ਼ ਸਿੰਘ ਨਿਊ ਸਾਊਥ ਵੇਲਜ਼ ਨੈਸ਼ਨਲ ਪਾਰਟੀ ਦਾ ਲੀਡਰ ਬਣਿਆ ਅਤੇ ਪਹਿਲਾ ਸਿੱਖ ਹੈ ਜੋ ਮੁੱਖ ਪਾਰਟੀ ਨੂੰ ਲੀਡ ਕਰ ਰਿਹਾ ਹੈ। ਇਹ ਉਹਨਾਂ ਦੀ ਮਿਹਨਤ ਅਤੇ ਭਾਈਚਾਰੇ ਦੀ ਮਾਨਤਾ ਨੂੰ ਦਰਸਾਉਂਦਾ ਹੈ। ਪੈਰੀ ਕਾਹਲੋਂ ਵਰਗੇ ਸਿੱਖ ਰਾਜਨੀਤੀ ਵਿੱਚ ਅੱਗੇ ਵਧ ਰਹੇ ਹਨ ਅਤੇ ਨਸਲਵਾਦ ਵਿਰੁੱਧ ਆਵਾਜ਼ ਉਠਾਉਂਦੇ ਹਨ। ਸਿੱਖ ਡਾਇਸਪੋਰਾ ਆਸਟ੍ਰੇਲੀਆ ਵਿੱਚ ਸਿੱਖ ਮੁੱਦਿਆਂ ’ਤੇ ਵੀ ਸਰਗਰਮ ਹੈ ਅਤੇ ਵਿਦੇਸ਼ੀ ਦਖਲ ਅੰਦਾਜੀ ਵਿਰੁੱਧ ਲੜਦਾ ਹੈ।

ਹਾਲਾਂਕਿ ਸਿੱਖਾਂ ਕੋਲ ਕੋਈ ਕੇਂਦਰੀ ਲੀਡਰਸ਼ਿਪ ਨਹੀਂ ਹੈ ਪਰ ਉਹ ਗੁਰੂ ਦੇ ਭਰੋਸੇ ਅਤੇ ਮਾਰਗ ਤੇ ਚੱਲ ਕੇ ਸੰਕਟਾਂ ਅਤੇ ਨਸਲਵਾਦ ਨਾਲ ਨਿਬੜ ਰਹੇ ਹਨ। ਇਹ ਸਿੱਖ ਧਰਮ ਦੀ ਕਰਾਮਾਤ ਹੈ ਕਿ ਉਹ ਸੰਕਟਾਂ ਵਿੱਚ ਮਜ਼ਬੂਤ ਹੁੰਦਾ ਰਿਹਾ ਹੈ। ਸੇਵਾ, ਚੜ੍ਹਦੀ ਕਲਾ ਅਤੇ ਮਨੁੱਖਤਾ ਲਈ ਹਮਦਰਦੀ ਵਰਗੇ ਗੁਣ ਉਹਨਾਂ ਨੂੰ ਮਜ਼ਬੂਤ ਕਰਦੇ ਹਨ ਅਤੇ ਸੰਸਾਰ ਵਿੱਚ ਦੇਵਤਾ ਵਾਂਗ ਬਣਾਉਂਦੇ ਹਨ। ਗੁਰਮਤਿ ਦਾ ਸੰਦੇਸ਼ ਹੈ: ਗੁਰ ਸੇਵਾ ਤੇ ਹਰਿ ਪਾਈਐ, ਜਾ ਕਉ ਨਦਰਿ ਕਰੇਇ ॥ ਮਾਨਸ ਤੇ ਦੇਵਤੇ ਭਏ, ਧਿਆਇਆ ਨਾਮੁ ਹਰੇ ॥ ਹਉਮੈ ਮਾਰਿ ਮਿਲਾਇਅਨੁ, ਗੁਰ ਕੈ ਸਬਦਿ ਤਰੇ ॥ (ਸਲੋਕ ਮ: 3 ਪੰਨਾ 850)

ਜਿਹੜਾ ਗੁਰੂ ਦੇ ਹੁਕਮ ਅਨੁਸਾਰ ਮਨੁੱਖਤਾ ਦੀ ਸੇਵਾ ਕਰਦਾ ਹੈ ਉਹ ਅਕਾਲ ਪੁਰਖ ਨੂੰ ਪ੍ਰਾਪਤ ਕਰ ਲੈਂਦਾ ਹੈ। ਪ੍ਰਭੂ ਦਾ ਨਾਮ ਅਤੇ ਸਤਿਗੁਰੂ ਦਾ ਹੁਕਮ ਅਪਣਾ ਕੇ ਸਿੱਖ ਮਨੁੱਖ ਤੋਂ ਦੇਵਤਾ ਬਣ ਜਾਂਦੇ ਹਨ। ਗੁਰੂ ਦੇ ਹੁਕਮ ’ਤੇ ਚੱਲ ਕੇ ਸਿੱਖ ਸੰਸਾਰ ਵਿੱਚ ਆਪਣਾ ਨਾਮ ਰੌਸ਼ਨ ਕਰ ਰਹੇ ਹਨ। ਸਿੱਖ ਭਾਈਚਾਰਾ ਮਨੁੱਖਤਾ ਨੂੰ ਸੇਵਾ, ਬਰਾਬਰੀ ਅਤੇ ਹਮਦਰਦੀ ਦਿੰਦਾ ਹੈ। ਉਹ ਨਸਲਵਾਦ ਵਿਰੁੱਧ ਲੜ ਕੇ ਏਕਤਾ ਦੀ ਮਿਸਾਲ ਬਣ ਰਿਹਾ ਹੈ ਅਤੇ ਆਸਟ੍ਰੇਲੀਆ ਵਿੱਚ ਆਰਥਿਕ, ਸਮਾਜੀ ਅਤੇ ਰਾਜਨੀਤਕ ਯੋਗਦਾਨ ਨਾਲ ਮਾਣ ਵਧਾ ਰਿਹਾ ਹੈ। ਇਹ ਸੇਵਾ ਅਜੇ ਜਾਰੀ ਹੈ ਅਤੇ ਲੋਕਾਂ ਨੂੰ ਲੰਬੇ ਸਮੇਂ ਤੱਕ ਸਹਾਰਾ ਦੇ ਰਹੀ ਹੈ।

***

## ਸੁਪਰੀਮ ਕੋਰਟ ਨੇ ਜਨਤਕ ਥਾਂਵਾਂ ਤੋਂ ਆਵਾਰਾ ਕੁੱਤਿਆਂ

ਜੋ ਕਿ 2025 ਵਿੱਚ 153 ਲੱਖ ਤੱਕ ਪਹੁੰਚ ਗਈ ਹੈ। ਹਮਲੇ ਅਤੇ ਰੇਬੀਜ਼ ਦੇ ਅੰਕੜੇ ਬਹੁਤ ਚਿੰਤਾਜਨਕ ਹਨ:

2022: ਲਗਭਗ 21.9 ਲੱਖ ਕੁੱਤੇ ਕੱਟਣ ਦੇ ਕੇਸ।

2023: ਲਗਭਗ 30.5 ਲੱਖ।

2024: 37.1 ਲੱਖ ਤੋਂ ਵੱਧ (ਰੋਜ਼ਾਨਾ 10,000 ਤੋਂ ਵੱਧ)।

ਰੇਬੀਜ਼ ਨਾਲ ਮੌਤਾਂ: ਭਾਰਤ ਵਿੱਚ ਦੁਨੀਆ ਦੇ 36% ਮੌਤਾਂ ਹੁੰਦੀਆਂ ਹਨ, ਲਗਭਗ 18,000-20,000 ਸਾਲਾਨਾ। ਅਧਿਕਾਰਤ ਅੰਕੜੇ ਘੱਟ ਦਿਖਾਉਂਦੇ ਹਨ (2022-2024 ਵਿੱਚ 21-54), ਪਰ ਅਸਲ ਅੰਕੜੇ ਬਹੁਤ ਵੱਧ ਹਨ। ਬੱਚੇ 30-60% ਮੌਤਾਂ ਵਿੱਚ ਸ਼ਾਮਲ ਹਨ।

ਪੰਜਾਬ ਵਿੱਚ ਹਾਲਾਤ ਖਾਸ ਤੌਰ ’ਤੇ ਖਰਾਬ ਹਨ। ਰੋਜ਼ਾਨਾ ਲਗਭਗ 900-923 ਕੇਸ ਹੁੰਦੇ ਹਨ। 2020 ਵਿੱਚ 1.10 ਲੱਖ ਕੇਸ ਸਨ, ਜੋ 2024 ਵਿੱਚ 2.13 ਲੱਖ ਅਤੇ 2025 ਵਿੱਚ ਅਕਤੂਬਰ ਤੱਕ 2.77 ਲੱਖ ਹੋ ਗਏ। ਅੰਮ੍ਰਿਤਸਰ, ਲੁਧਿਆਣਾ ਅਤੇ ਪਟਿਆਲਾ ਸਭ ਤੋਂ ਵੱਧ ਪ੍ਰਭਾਵਿਤ ਹਨ। ਲੁਧਿਆਣਾ ਵਿੱਚ 2025 ਵਿੱਚ 13,728 ਕੇਸ ਰਿਕਾਰਡ ਹੋਏ, ਜੋ ਪਿਛਲੇ ਸਾਲ ਨਾਲੋਂ ਵੱਧ ਹਨ। ਰੇਬੀਜ਼ ਨਾਲ 8 ਮੌਤਾਂ ਅਤੇ ਬੱਚਿਆਂ ’ਤੇ ਹਮਲੇ ਵਧੇ ਹਨ।

### ਕੀ ਠੋਸ ਉਪਰਾਲੇ ਹੋਣ ?

ਸੁਪਰੀਮ ਕੋਰਟ ਸਪੱਸ਼ਟ ਕਹਿ ਰਹੀ ਹੈ ਕਿ ਇਹ ਸਮੱਸਿਆ ਭਾਵਨਾਵਾਂ ਨਾਲ ਨਹੀਂ, ਠੋਸ ਨੀਤੀ ਅਤੇ ਕਾਰਵਾਈ ਨਾਲ ਹੱਲ ਹੋਣੀ ਚਾਹੀਦੀ ਹੈ। ਏਬੀਸੀ ਰੂਲਜ਼ (ਨਸਬੰਦੀ + ਟੀਕਾਕਰਨ) ਨੂੰ ਸਖ਼ਤੀ ਨਾਲ ਲਾਗੂ ਕਰਨਾ ਜ਼ਰੂਰੀ ਹੈ, ਪਰ ਸ਼ੈਲਟਰ, ਬਜਟ ਅਤੇ ਸਟਾਫ਼ ਦੀ ਕਮੀ ਕਾਰਨ ਰਾਜ ਸਰਕਾਰਾਂ ਨੂੰ ਮੁਸ਼ਕਲਾਂ ਹਨ। ਅਦਾਲਤ ਨੇ ਸਭ ਨੂੰ ਚਿਤਾਵਨੀ ਦਿੱਤੀ ਹੈ ਕਿ ਹੁਣ ਜਵਾਬਦੇਹੀ ਤੈਅ ਹੋਵੇਗੀ - ਨਾ ਸਿਰਫ਼ ਸਰਕਾਰਾਂ ਦੀ, ਸਗੋਂ ਫੀਡਰਾਂ ਅਤੇ ਸੰਗਠਨਾਂ ਦੀ ਵੀ ਇਹ ਸੰਕਟ ਨੂੰ ਹੱਲ ਕਰਨ ਲਈ ਰਾਜ ਅਤੇ ਕੇਂਦਰ ਨੂੰ ਮਿਲ ਕੇ ਕੰਮ ਕਰਨਾ ਪਵੇਗਾ। ਨਸਬੰਦੀ ਪ੍ਰੋਗਰਾਮ ਨੂੰ ਤੇਜ਼ ਕਰਨਾ, ਸ਼ੈਲਟਰ ਬਣਾਉਣਾ, ਜਾਗਰੂਕਤਾ ਫੈਲਾਉਣਾ ਅਤੇ ਗ਼ੈਰ-ਕਾਨੂੰਨੀ ਪਾਲਤੂ ਵਿਕਰੀ ’ਤੇ ਰੋਕ ਲਗਾਉਣਾ ਜ਼ਰੂਰੀ ਹੈ। ਇਹ ਸਿਰਫ਼ ਕੁੱਤਿਆਂ ਦੀ ਨਹੀਂ, ਬਲਕਿ ਲੋਕਾਂ ਦੀ ਸੁਰੱਖਿਆ ਦਾ ਮਾਮਲਾ ਹੈ। ਅਗਲੀ ਸੁਣਵਾਈ ਵਿੱਚ ਫੈਸਲੇ ਦੀ ਉਮੀਦ ਹੈ, ਜੋ ਦੇਸ਼ ਭਰ ਵਿੱਚ ਇਸ ਸਮੱਸਿਆ ਨੂੰ ਕੰਟਰੋਲ ਕਰਨ ਵਿੱਚ ਮਦਦ ਕਰੇਗਾ।

RAISING VOICE FOR TRUTH
ਹੋਕਾ TV

# HOKA TV
# (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
## ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store
GET IT ON Google Play

ਹੋਰ ਜਾਣਕਾਰੀ ਲਈ ਵੇਖੋ

https://hokatv.com/guest/home